New Location
Punjab Insurance Agency Inc.
Super Visa Insurance
ਸੁਪਰ ਵੀਜ਼ਾ
ਵਿਜ਼ਟਰ ਇੰਸ਼ੋਰੈਂਸ
• ਲਾਈਫ਼ ਇੰਸ਼ੋਰੈਂਸ • ਟਰੈਵਲ ਇੰਸ਼ੋਰੈਂਸ
• ਡਿਸੇਬਿਲਟੀ ਇੰਸ਼ੋਰੈਂਸ • ਵਿਜ਼ਟਰ ਇੰਸ਼ੋਰੈਂਸ
• ਮੋਰਟਗੇਜ ਇੰਸ਼ੋਰੈਂਸ • ਨਾਨ ਮੈਡੀਕਲ ਇੰਸ਼ੋਰੈਂਸ
• ਮਨੀ ਬੈਕ ਟਰਮ ਇੰਸ਼ੋਰੈਂਸ
• ਡੈਂਟਲ ਐਂਡ ਮੈਡੀਕਲ ਇੰਸ਼ੋਰੈਂਸ
ਕਿਸੇ ਪ੍ਰਕਾਰ ਦੀ ਵੀ ਇੰਸ਼ੋਰੈਂਸ ਸਬੰਧੀ ਜਾਣਕਾਰੀ ਲਵੋ।
ਸੁਪਰ ਵੀਜ਼ਾ ਇੰਸ਼ੋਰੈਂਸ ਲਈ ਵੀ ਫੋਨ ਕਰ ਸਕਦੇ ਹੋ।
ਜਸਵੀਰ ਗਰੇਵਾਲ
778.317.6262
jasvirgrewal0596@gmail.com
#103, 15300 - 68 Ave (Near Dukh Nivaran Gurdwara Sahib), Surrey B.C.

ਕੈਨੇਡੀਅਨ
# ਪੰਜਾਬ ਟਾਈਮਜ਼
ਸੱਚ ਅਤੇ ਨਿਰਪੱਖ ਸੋਚ
CANADIAN PUNJAB TIMES
SINCE : 2007
: www.thepunjabtimes.ca
: canadianpunjabtimes@gmail.com
Vol - 18 12 April, 2024 ੩੦ ਚੇਤ ਨਾਨਕਸ਼ਾਹੀ ਸੰਮਤ ੫੫੬ Ph.: 604-338-7310 FAX : 604-572-3638 /canadianpunjabtimes

ICC Accounting Services Inc.
ICC ACCOUNTING SERVICES INC.
ਹਰ ਤਰ੍ਹਾਂ ਦੀਆਂ ਟੈਕਸ ਸੇਵਾਵਾਂ ਲਈ ਅੱਜ ਹੀ ਮਿਲੋ
Gurnek Bangar
(Pasla)
604-597-0991
778-895-7444
: icc.accounting@yahoo.ca
: 8740 - 140A St., Surrey, BC V3W 0M4

## ਪਹਿਲੀ ਵਾਰ ਘਰ ਖਰੀਦਣ ਵਾਲਿਆਂ ਨੂੰ ਮਿਲੇਗੀ ਰਾਹਤ : ਵਿੱਤ ਮੰਤਰੀ ਫ਼੍ਰੀਲੈਂਡ

ਔਟਵਾ, (ਏਕਜੋਤ ਸਿੰਘ): ਕੈਨੇਡਾ ਵਿਚ ਪਹਿਲੀ ਵਾਰ ਖਰ ਖਰੀਦਣ ਵਾਲਿਆਂ ਨੂੰ ਕੁਝ ਰਾਹਤ ਦਿੰਦੇ ਹੋਏ ਕੈਨੇਡਾ ਸਰਕਾਰ ਵਲੋਂ ਐਲਾਨ ਕੀਤਾ ਗਿਆ ਹੈ ਕਿ ਹੁਣ ਪਹਿਲੀ ਵਾਰ ਨਵੇਂ ਘਰ ਦੇ ਖਰੀਦਦਾਰਾਂ ਨੂੰ ਮੋਰਟਗੇਜ਼ ਅਦਾਇਗੀ ਲਈ 25 ਸਾਲ ਦੀ ਮਿਆਦ ਤੋਂ ਵਧਾ ਕੇ 30 ਸਾਲ ਤੱਕ ਕਰ ਦੇਵੇਗੀ। ਵਿੱਤ ਮੰਤਰੀ ਕ੍ਰਿਸਟੀਆ ਫ਼੍ਰੀਲੈਂਡ ਨੇ ਇਹ ਐਲਾਨ ਕਰਦਿਆਂ ਕਿਹਾ ਕਿ ਇਹ ਤਬਦੀਲੀ 1 ਅਗਸਤ ਤੋਂ ਪ੍ਰਭਾਵੀ ਹੋਵੇਗੀ।

ਮੌਜੂਦਾ ਨਿਯਮਾਂ ਅਨੁਸਾਰ ਜੇ ਘਰ ਖ਼ਰੀਦਣ ਸਮੇਂ ਅਦਾਇਗੀ ਜੇ ਘਰ ਦੀ ਕੀਮਤ ਤੋਂ 20% ਘੱਟ ਹੁੰਦੀ ਹੈ, ਤਾਂ ਖ਼ਰੀਦਾਰ ਨੂੰ ਮੌਰਗੇਜ ਕਰਜ਼ਾ 25 ਸਾਲ ਦੇ ਅੰਦਰ ਬਰਾਬਰ ਮਹੀਨਾਵਾਰ ਕਿਸ਼ਤਾਂ ਵਿਚ ਉਤਾਰਨਾ ਹੁੰਦਾ ਹੈ।



ਕੈਨੇਡੀਅਨ ਹੋਮ ਬਿਲਡਰ ਅਸੋਸੀਏਸ਼ਨ ਪਿਛਲੇ ਲੰਬੇ ਸਮੇਂ ਤੋਂ ਇਹ ਮਿਆਦ ਵਧਾਉਣ ਦੀ ਮੰਗ ਕਰ ਰਹੀ ਸੀ, ਤਾਂ ਕਿ ਪੰਜ ਸਾਲ ਦੀ ਹੋਰ ਮਿਆਦ ਵਧਣ ਨਾਲ ਲੋਕਾਂ ਦੀ ਮਹੀਨਾਵਾਰ ਕਿਸ਼ਤ ਘਟ ਜਾਵੇਗੀ ਅਤੇ ਘਰ ਖ਼ਰੀਦਣਾ ਅਸਾਨ ਹੋ ਜਾਵੇਗਾ। ਇਸ ਨਾਲ ਘਰਾਂ ਦੀ ਉਸਾਰੀ ਨੂੰ ਵੀ ਹੁਲਾਰਾ ਮਿਲੇਗਾ।

ਫ਼੍ਰੀਲੈਂਡ ਨੇ ਇਹ ਵੀ ਐਲਾਨਿਆ ਕਿ ਪਹਿਲੀ ਵਾਰੀ ਘਰ ਖ਼ਰੀਦਣ ਵਾਲੇ ਆਪਣੇ RRSP ਖਾਤਿਆਂ ਚੋਂ 35,000 ਡਾਲਰ ਦੀ ਬਜਾਏ 60,000 ਡਾਲਰ ਤੱਕ ਵਰਤ ਸਕਦੇ ਹਨ। ਇਹ ਤਬਦੀਲੀ 16 ਅਪ੍ਰੈਲ ਨੂੰ ਫ਼ੈਡਰਲ ਬਜਟ ਪੇਸ਼ ਹੋਣ ਵਾਲੇ ਦਿਨ ਹੀ ਲਾਗੂ ਹੋ ਜਾਵੇਗੀ। ਫ਼੍ਰੀਲੈਂਡ ਨੇ ਕਿਹਾ ਕਿ ਹੁਣ ਤੱਕ 750,000 ਤੋਂ ਵੱਧ ਕੈਨੇਡੀਅਨਾਂ ਨੇ FHSA ਖੋਲ੍ਹਿਆ ਹੈ। ਹਾਲਾਂਕਿ ਇਹ ਪ੍ਰੋਗਰਾਮ ਪਿਛਲੇ ਸਾਲ 1 ਅਪ੍ਰੈਲ ਨੂੰ ਔਨਲਾਈਨ ਕਰ ਦਿੱਤਾ ਗਿਆ ਸੀ, ਪਰ ਜ਼ਿਆਦਾਤਰ ਕੈਨੇਡੀਅਨ ਵਿੱਤੀ ਸੰਸਥਾਵਾਂ ਨੇ ਪਿਛਲੀ ਗਰਮੀਆਂ ਜਾਂ ਫ਼ੌਲ ਤੋਂ ਹੀ ਇਸ ਖਾਤੇ ਦੀ ਪੇਸ਼ਕਸ਼ ਸ਼ੁਰੂ ਕੀਤੀ ਸੀ।


ਸਰਕਾਰ ਨੇ ਕੈਨੇਡੀਅਨ ਮੌਰਗੇਜ ਚਾਰਟਰ ਵਿੱਚ ਤਬਦੀਲੀਆਂ ਦਾ ਵੀ

☛ ਬਾਕੀ ਸਫ਼ਾ 7 'ਤੇ

## ਵਿਦੇਸ਼ੀ ਦਖਲਅੰਦਾਜ਼ੀ ਦੇ ਮਾਮਲੇ ਵਿੱਚ ਗਵਾਹੀ ਦੇਣ ਲਈ ਪੇਸ਼ ਹੋਏ ਪ੍ਰਧਾਨ ਮੰਤਰੀ ਟਰੂਡੋ

ਔਟਵਾ : ਕੈਨੇਡੀਅਨ ਚੋਣਾਂ ਦੌਰਾਨ ਵਿਦੇਸ਼ੀ ਦਖਲਅੰਦਾਜ਼ੀ ਦੇ ਮਾਮਲੇ ਵਿੱਚ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੈਸ਼ਨਲ ਪਬਲਿਕ ਇੰਕੁਆਰੀ ਦੇ ਸਾਹਮਣੇ ਪੇਸ਼ ਹੋਏ ਅਤੇ ਉਨ੍ਹਾਂ ਨੇ ਆਪਣੀ ਗਵਾਹੀ ਦਿੱਤੀ।

ਇਸ ਦੌਰਾਨ ਟਰੂਡੋ ਨੇ ਖੁਫੀਆ ਜਾਣਕਾਰੀ ਸਬੰਧੀ ਚਿੰਤਾ ਪ੍ਰਗਟਾਉਂਦੇ ਹੋਏ ਕਿਹਾ ਕਿ ਇਸ ਤਰ੍ਹਾਂ ਦੀ ਪਹੁੰਚ ਨਾਲ ਜਨਤਕ ਪ੍ਰਕਿਰਿਆ ਵਿੱਚ ਕੈਨੇਡੀਅਨ ਲੋਕਾਂ ਦੇ ਵਿਸ਼ਵਾਸ ਨੂੰ ਵੱਡੀ ਢਾਹ ਲੱਗੀ ਹੈ। ਆਪਣੀ ਗਵਾਹੀ ਵਿੱਚ ਟਰੂਡੋ ਨੇ ਬੁੱਧਵਾਰ ਨੂੰ ਆਖਿਆ ਕਿ ਇਸ ਤਰ੍ਹਾਂ ਦੀ ਜਾਣਕਾਰੀ ਲੀਕ ਹੋਣਾ ਗਲਤ ਹੈ ਕਿਉਂਕਿ ਲਿਬਰਲ ਸਰਕਾਰ ਵੱਲੋਂ ਵਿਦੇਸ਼ੀ ਜਾਂ ਕਿਸੇ ਵੀ ਤਰ੍ਹਾਂ ਦੀ ਦਖ਼ਲ ਨੂੰ ਪਛਾਨਣ ਤੇ ਉਸ ਨਾਲ ਨਜਿੱਠਣ ਲਈ ਪੂਰਾ ਮੈਕੇਨਿਜ਼ਮ ਕਾਇਮ ਕੀਤਾ ਗਿਆ ਸੀ।



ਟਰੂਡੋ ਨੇ ਇਹ ਵੀ ਆਖਿਆ ਕਿ ਖੁਫੀਆ ਜਾਣਕਾਰੀ ਦੇ ਇੱਕ ਨਿੱਕੇ ਜਿਹੇ ਟੁਕੜੇ ਦੇ ਅਧਾਰ ਉੱਤੇ ਵੱਡੇ ਸਿੱਟੇ ਕੱਢਣਾ ਸਹੀ ਨਹੀਂ, ਉਹ ਵੀ ਉਦੋਂ ਜਦੋਂ ਪੂਰੇ ਮਸੌਦੇ ਦੀ ਜਾਣਕਾਰੀ ਨਾ ਹੋਵੇ ਤੇ ਉਸ ਦੀ ਭਰੋਸੇਯੋਗਤਾ ਦਾ ਵਿਸ਼ਲੇਸ਼ਣ ਨਾ ਕੀਤਾ ਗਿਆ ਹੋਵੇ। ਜ਼ਿਕਰਯੋਗ ਹੈ ਕਿ ਪਿਛਲੀਆਂ ਦੋ ਜਨਰਲ ਚੋਣਾਂ ਵਿੱਚ ਵਿਦੇਸ਼ੀ ਦਖ਼ਲਅੰਦਾਜ਼ੀ ਬਾਰੇ ਮੀਡੀਆ ਨੂੰ ਜਾਰੀ ਕੀਤੀ ਗਈ ਅਣਪਛਾਤੀ ਜਾਣਕਾਰੀ ਕਾਰਨ ਹੀ ਇਹ ਮਸਲਾ ਕਾਫੀ ਭੱਖ ਗਿਆ ਤੇ ਇਸ ਲਈ ਪਬਲਿਕ ਜਾਂਚ ਕਰਵਾਉਣੀ ਪਈ।

ਟਰੂਡੋ ਨੇ ਬੁੱਧਵਾਰ ਨੂੰ ਆਖਿਆ ਕਿ ਜਿਸ ਕਿਸੇ ਨੇ ਵੀ ਇਹ ਜਾਣਕਾਰੀ ਲੀਕ ਕੀਤੀ ਉਸ ਤੋਂ ਬਾਅਦ ਸਨਸਨੀਖੇਜ ਢੰਗ ਨਾਲ ਛਪੀਆਂ ਮੀਡੀਆ ਖਬਰਾਂ ਕਾਰਨ ਮਾਮਲਾ ਹੋਰ

☛ ਬਾਕੀ ਸਫ਼ਾ 7 'ਤੇ

SK BASRA FURNITURE LTD.
All Kinds of custom made furniture
Sofa Set Box Bed, Folding Bed, Coffee Table
Foam Cushion, Mattress
Gift Items & Canvas Paintings
Punjabi Culture, Rajasthani, Running Horses
Waterfall, Landscape, Budhas, Religious etc.
ਅਸੀਂ ਡਿਲਵਰੀਆਂ ਵੀ ਕਰਦੇ ਹਾਂ।
604-751-4555
ਅਸੀਂ ਦੁਖ ਨਿਵਾਰਣ ਗੁਰਘਰ ਵਾਲੇ ਪਲਾਜ਼ੇ ਤੋਂ ਮੂਵ ਹੋ ਗਏ ਹਾਂ
#2 - 7743 128 St. 77 Ave Surrey

HOMELAND MORTGAGE CORP.
ਜੇ ਮੋਰਟਗੇਜ਼ ਲੈਣ ਵਿੱਚ ਕੋਈ ਮੁਸ਼ਕਿਲ ਆਉਂਦੀ ਹੈ ਤਾਂ ਇੱਕ ਵਾਰ ਸਾਨੂੰ ਮਿਲੋ।
ਅਸੀਂ ਪ੍ਰਾਈਵੇਟ ਮੋਰਟਗੇਜ਼ ਦਾ ਪ੍ਰਬੰਧ ਘੱਟ ਰੇਟ 'ਤੇ ਕਰਦੇ ਹਾਂ।
Kuldip Singh Panesar
Mortgage Consultant
Cell : 604-308-6839
204-7928-128, Street York Business Centre, Surrey BC V3W4E8

KOHALY PRINTING & BINDERY LTD.
WEDDING CARDS
FULL COLOR SIGNS
WINDOW DECALS
CHEQUES
OFFSET PRINTING, DIGITAL PRINTING
604-594-2324
ਹਰ ਤਰ੍ਹਾਂ ਦੀ ਪ੍ਰਿੰਟਿੰਗ ਅਤੇ ਵਿਆਹ ਦੇ ਕਾਰਡ
#210-12837-76th Ave, Surrey, B.C.
Website : www.kohalyprinting.com
E-mail : info@kohalyprinting.com

ਖਾਲਸਾ ਸਾਜਨਾ ਦਿਵਸ ਅਤੇ ਵਿਸਾਖੀ ਦੀਆਂ ਆਪ ਸਭ ਨੂੰ ਲੱਖ ਲੱਖ ਵਧਾਈਆਂ
FAST SERVICE AND COMPETITIVE RATES
S&S INSURANCE SERVICE
EXPERT IN
» Construction Insurance » Business Insurance » Home Insurance
» Contractor Insurance » Hard To Place Insurance » Rental House Insurance
CALL NOW
604-319-1000
www.sandsinsurance.ca
6607 Main St, Vancouver 604-324-5711 | 2-8195 120th, Delta 604-635-0890
ICBC

WIDE RANGE DIVERSE DEBT SOLUTIONS
Any Type of Debt
KULWINDER BAINS
CERTIFIED CREDIT COUNSELLER
PERSONAL OR BUSINESS
• Credit Cards • Revenue Canada Tax
• Line of Credits • Bankruptcy
• Pay day loans • ICBC fines
Reduce Your debt up to 70%
BOOK YOUR FREE CONSULTATION TODAY
778-998-9402
www.diversedebt.ca info@diversedebt.ca

ਹੁਣ ਚਿਲੀਵੈਕ ਵਿਚ ਸਾਡੀ ਦੂਜੀ ਲੋਕੇਸ਼ਨ ਖੁੱਲ ਚੁੱਕੀ ਹੈ
GABA TIRE
All TIRES AVAILABLE (AS, AT & MT)
WHOLESALE TIRES
ਸਾਨੂੰ ਨਵੀਂ ਲੋਕੇਸ਼ਨ ਚਿਲੀਵੈਕ ਲਈ ਕੰਮ ਕਰਨ ਵਾਲੇ ਵਰਕਰ ਚਾਹੀਦੇ ਹਨ
604-897-3235 ABBOTSFORD
604-746-4222 31324 - 107 Peardonville Rd
604-316-3643 CHILLIWACK
BACK SIDE OF CHILLIWACK TAXI : 45877-HOCKING AVE

Keep Smiling Denture Clinic
CARE HOME MOBILE SERVICE | ਮੁਫ਼ਤ ਸਲਾਹ ਲਈ ਅੱਜ ਹੀ ਮਿਲੋ
SEMCD CERTIFIED CLINICIAN
Complete Denture
Implant Denture
Partial Denture
ਜੇਕਰ ਤੁਸੀਂ ਕੈਨੇਡੀਅਨ ਡੈਂਟਲ ਕੇਅਰ ਪਲਾਨ ਦਾ ਕਾਰਡ ਮਿਲ ਗਿਆ ਹੈ ਤਾਂ ਫਿਰ ਆਪਣੀ ਸਲਾਹ ਦਾ ਸਮਾਂ ਬੁੱਕ ਕਰੋ
If you have received Canadian Dental Care Plan Card. Book appointment
ਕੀ ਤੁਹਾਡੇ ਹੇਠਲੇ ਜਾਂ ਉਪਰਲੇ ਦੰਦ ਢਿੱਲੇ ਹਨ ਜਾਂ ਹੱਡੀ ਘਸੀ ਹੋਈ ਹੈ?
ਤਾਂ ਸਾਨੂੰ Suction Denture ਬਾਰੇ ਜਾਣਣ ਲਈ ਮਿਲੋ ਅਸੀਂ ਜਾਪਾਨੀ ਤਕਨੀਕ ਨਾਲ ਦੰਦਾਂ ਨੂੰ ਫਿਟ ਬਣਾਉਣ ਲਈ ਵੀ ਪ੍ਰਮਾਣਿਤ (CERTIFIED) ਹਾਂ।
Gagan Chahal R.D.
Registered Denturist
Book Your Appointment
778-600-0811 13117-67A Ave, Surrey, BC 778-600-0810 2644 Cyril St Abbotsford BC

Space Available for Advertisement
Call
604-338-7310

SIDHU TRAVEL LTD.
Email : sidhutravel13@gmail.com
ਦੁਨੀਆਂ ਦੇ ਕਿਸੇ ਵੀ ਕੋਨੇ ਵਿੱਚ ਜਾਣ ਲਈ ਵਾਜਿਬ ਰੇਟ 'ਤੇ ਟਿਕਟਾਂ ਬੁੱਕ ਕਰਵਾਉਣ ਲਈ ਸੰਪਰਕ ਕਰੋ:
IATA
Rani Sidhu (Manager)
Ph : 604-504-3400 3497 Nightingale Dr. Abbotsford, B.C.
604-800-3003 Unit 109-12830 80 Ave, York Centre Surrey

ਭਾਰਤ ਪੈਸੇ ਭੇਜਣ ਜਾਂ ਮੰਗਵਾਉਣ ਲਈ ਅੱਜ ਹੀ ਸੰਪਰਕ ਕਰੋ
BESTWAY Foreign Exchange Ltd.
ਬੈਸਟਵੇ ਫੌਰਨ ਐਕਸਚੇਂਜ
www.bestwayforeignexchange.com
Sony Sidhu (Zira)
Ph: 778-246-2500 (Abbotsford)
604-592-2676 (Surrey)
Unit 109-12830 80 Ave, York Centre Surrey

# HAPPY VAISAKHI

## ਖਾਲਸੇ ਦੇ ਸਾਜਨਾ ਦਿਵਸ ਅਤੇ

# ਵਿਸਾਖੀ

## ਦੀਆਂ ਆਪ ਸਭ ਨੂੰ ਲੱਖ ਲੱਖ ਵਧਾਈਆਂ



Honourable
HARJIT SAJJAN

Member of Parliament, Vancouver South

6406 Victoria Drive Vancouver, British Columbia V5P 3X7

Telephone: 604-775-5323 | E-mail : Harjit.sajjan@parl.gc.ca


happy vaisakhi
Premier David Eby and your BC NDP MLAs
wish you and your family a Happy Vaisakhi
Premier David Eby
Vancouver-Point Grey
Brenda Bailey
Vancouver-False Creek
Harry Bains
Surrey-Newton
Garry Begg
Surrey-Guildford
Jagrup Brar
Surrey-Fleetwood
Susie Chant
North Vancouver-Seymour
Katrina Chen
Burnaby-Lougheed
George Chow
Vancouver-Fraserview
Raj Chouhan
Burnaby-Edmonds
Adrian Dix
Vancouver-Kingsway
Bob D'Eith
Maple Ridge
Megan Dykeman
Langley East
Mike Farnworth
Port Coquitlam
Rob Fleming
Victoria-Swan Lake
Ravi Kahlon
Delta North
Anne Kang
Burnaby-Deer Lake
Bowinn Ma
North Vancouver-Lonsdale
Sheila Malcolmson
Nanaimo
Andrew Mercier
Langley
Lana Popham
Saanich South
Bruce Ralston
Surrey-Whalley
Murray Rankin
Oak Bay-Gordon Head
Ravi Parmar
Langford-Juan de Fuca
Janet Routledge
Burnaby North
Jinny Sims
Surrey-Panorama
Harwinder Sandhu
Vernon-Monashee
Rachna Singh
Surrey-Green Timbers
Aman Singh
Richmond-Queensborough
Jennifer Whiteside
New Westminster
East Annex, Parliament Buildings, Victoria, B.C. V8V 1X4 | 250 387 3655
Henry Yao
Richmond South Centre


Happy
Vaisakhi
&
Khalsa Day
ਖਾਲਸੇ ਦੇ ਦਿਵਸ ਵਿਸਾਖੀ
ਦੀਆਂ ਸਮੂਹ ਸੰਗਤਾਂ ਨੂੰ
ਲੱਖ ਲੱਖ ਵਧਾਈਆਂ
Jinny Sims
MLA for Surrey Panorama
778.593.2262
Jinny.Sims.MLA@leg.bc.ca
Office:
Parliament Buildings
Victoria, BC V8V 1X4
(250) 387-3655
Constituency:
#204 14360 64th Ave
Surrey, BC V3W 1Z1
(778) 593-2262



From Prime Minister Justin Trudeau and your Liberal MPs,
HAPPY VAISAKHI!
De la part du premier ministre Justin Trudeau et de vos députés libéraux,
JOYEUX VAISAKHI!
John Aldag
Cloverdale—Langley City
John.Aldag@parl.gc.ca
Parm Bains
Steveston—Richmond East
Parm.Bains@parl.gc.ca
Sukh Dhaliwal
Surrey—Newton
Sukh.Dhaliwal@parl.gc.ca
Rt. Hon. Justin Trudeau
Papineau
Hon. Hedy Fry
Vancouver Centre
Hedy.Fry@parl.gc.ca
Ken Hardie
Fleetwood—Port Kells
Ken.Hardie@parl.gc.ca
Wilson Miao
Richmond Centre
Wilson.Miao@parl.gc.ca
Hon. Joyce Murray
Vancouver Quadra
Joyce.Murray@parl.gc.ca
Taleeb Noormohamed
Vancouver Granville
Taleeb.Noormohamed@parl.gc.ca
Hon. Carla Qualtrough
Delta
Carla.Qualtrough@parl.gc.ca
Hon. Harjit Sajjan
Vancouver South
Harjit.Sajjan@parl.gc.ca
Randeep Sarai
Surrey Centre
Randeep.Sarai@parl.gc.ca
Patrick Weiler
West Vancouver—Sunshine Coast—Sea to Sky Country
Patrick.Weiler@parl.gc.ca
Hon. Jonathan Wilkinson
North Vancouver
Jonathan.Wilkinson@parl.gc.ca




Happy Vaisakhi & Khalsa Day
ਖਾਲਸੇ ਦੇ ਦਿਵਸ ਵਿਸਾਖੀ
ਦੀਆਂ ਸਮੂਹ ਸੰਗਤਾਂ ਨੂੰ
ਲੱਖ ਲੱਖ ਵਧਾਈਆਂ
MLA Michael Lee
Office:
Parliament Buildings
Victoria, BC V8V 1X4
Phone: (250) 356-6171
Fax: (250) 387-9100
Vancouver-Langara
Michael.Lee.MLA@Leg.bc.ca
Constituency:
6615 Main Street
Vancouver, BC V5X 3H3
Phone: (604) 660-8380
Fax: (604) 660-8383
CONNECT WITH US /MichaelLeeBC /MichaelLeeBC /MichaelLeeBC

ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬੱਤ ਦਾ ਭਲਾ

ਖਾਲਸਾ ਕ੍ਰੈਡਿਟ ਯੂਨੀਅਨ ਦੇ ਡਾਇਰੈਕਟਰਾਂ ਦੀ ਚੋਣ ਲੜ ਰਹੀ ਸਰਬ ਸਾਂਝੀ 'ਟਾਈਮ ਫਾਰ ਚੇਂਜ ਸਲੇਟ' ਵਲੋਂ

# ਖਾਲਸਾ ਦੇ ਦਿਹਾੜੇ ਅਤੇ ਵਿਸਾਖੀ ਪੂਰਬ ਦੀਆਂ

"ਸਮੂਹ ਜਗਤ ਨੂੰ ਲੱਖ ਲੱਖ ਮੁਬਾਰਕਾਂ" ਵਾਹਿਗੁਰੂ ਸਰਬੱਤ ਨੂੰ ਚੜ੍ਹਦੀ ਕਲਾ ਬਖਸ਼ੇ!!

## ਖਾਲਸਾ ਕਰੈਡਿਟ ਯੂਨੀਅਨ ਦੇ ਡਾਇਰੈਕਟਰਾਂ ਦੀ ਚੋਣ

## ਐਤਵਾਰ, ਅਪ੍ਰੈਲ 28, 2024

## Time for Change Board of Directors Group

**Please vote for us** ਸਾਡੀ ਸਲੇਟ ਦੇ ਉਮੀਦਵਾਰਾਂ ਨੂੰ ਵੋਟ ਪਾ ਕੇ ਕਾਮਯਾਬ ਕਰੋ



ਬੀਬੀ ਮਹਿੰਦਰ ਕੌਰ ਗਿੱਲ
ABBOTSFORD, 604-835-9540



ਭਾਈ ਮਨਜੀਤ ਸਿੰਘ ਮਿਨਹਾਸ
ABBOTSFORD, 604-644-1142



ਭਾਈ ਮਨਮੋਹਣ ਸਿੰਘ ਸਮਰਾ
SURREY, 604-209-3000



ਭਾਈ ਸਤਵੰਤ ਸਿੰਘ ਸੰਧੂ
SURREY, 604-716-1465

Voting on Sunday April 28th , 2024 from 10-00 am to 5-00 pm in all the Khalsa credit Union Branches. Please Note: You must be a Khalsa Credit Union account holder to vote. You must vote for only four directors, otherwise your vote will not be valid.

**Election Ballot Paper (Sample)**

1.Arora Navneet Singh ☐
2. Gill Jaswinder Singh ☐
3.Gill Jaskaran Singh ☐
**4. Gill Mohinder Kaur** ☑
5. Khalon Rupinderjit Singh ☐
**6. Minhas Manjit Singh** ☑
**7. Samra Manmohan Singh** ☑
**8.Sandhu Satwant Singh** ☑
9. Singh Gurdeep ☐

**ਸਾਡੀ ਸਲੇਟ ਦੇ ਸਾਰੇ ਉਮੀਦਵਾਰਾਂ ਨੂੰ ਵੋਟ ਪਾ ਕੇ ਕਾਮਯਾਬ ਕਰੋ।**

ਖਾਲਸਾ ਕ੍ਰੈਡਿਟ ਯੂਨੀਅਨ ਦੇ ਚਾਰ ਡਾਇਰੈਕਟਰਾਂ ਦੀ ਚੋਣ 28 ਅਪ੍ਰੈਲ ਦਿਨ ਐਤਵਾਰ ਖਾਲਸਾ ਕ੍ਰੈਡਿਟ ਯੂਨੀਅਨ ਦੀਆਂ ਸਾਰੀਆਂ ਬਰਾਂਚਾਂ ਵਿਚ ਹੋਣ ਜਾ ਰਹੀ ਹੈ। "ਟਾਈਮ ਫਾਰ ਚੇਂਜ" ਦੀ ਸਮੁੱਚੀ ਟੀਮ ਜਿਸ ਵਿਚ ਸਰਦਾਰ ਮਨਜੀਤ ਸਿੰਘ ਮਿਨਹਾਸ, ਸਰਦਾਰ ਸਤਵੰਤ ਸਿੰਘ ਸੰਧੂ, ਬੀਬੀ ਮਹਿੰਦਰ ਕੌਰ ਗਿੱਲ ਅਤੇ ਸਰਦਾਰ ਮਨਮੋਹਨ ਸਿੰਘ ਸਮਰਾ ਉਮੀਦਵਾਰ ਹਨ। ਕਿਰਪਾ ਕਰਕੇ ਸਾਡੀ ਸਮੁੱਚੀ ਟੀਮ ਨੂੰ ਆਪਣਾ ਕੀਮਤੀ ਵੋਟ ਪਾ ਕੇ ਕਾਮਯਾਬ ਕਰੋ ਜੀ। ਹਰੇਕ ਮੈਂਬਰ ਨੂੰ ਚਾਰ ਉਮੀਦਵਾਰਾਂ ਨੂੰ ਜਰੂਰ ਵੋਟ ਪਾਉਣੀ ਪੈਣੀ ਹੈ ਨਹੀਂ ਤਾਂ ਵੋਟ ਕੈਂਸਲ ਹੋ ਜਾਣੀ ਹੈ। ਤੁਸੀ ਆਪਣੀ ਇਕ ਫੋਟੋ ਆਈ ਡੀ ਲੈ ਕੇ ਆਪਣੇ ਨੇੜੇ ਦੀ ਕਿਸੇ ਵੀ ਬਰਾਂਚ ਵਿਚ ਜਾ ਕੇ ਵੋਟ ਪਾ ਸਕਦੇ ਹੋ। ਇਹ ਵੋਟਾਂ 28 ਅਪ੍ਰੈਲ ਦਿਨ ਐਤਵਾਰ ਸਵੇਰੇ 10 ਵਜੇ ਤੋਂ ਲੈ ਕੇ ਸ਼ਾਮ ਦੇ 5 ਵਜੇ ਤੱਕ ਸਾਰੀਆਂ ਖਾਲਸਾ ਕ੍ਰੈਡਿਟ ਯੂਨੀਅਨ ਦੀਆਂ ਬਰਾਂਚਾਂ ਵਿਚ ਪੈਣਗੀਆਂ।

ਬੇਨਤੀ ਕਰਤਾ :

**ਟਾਈਮ ਫਾਰ ਚੇਂਜ ਸਲੇਟ ਖਾਲਸਾ ਕ੍ਰੈਡਿਟ ਯੂਨੀਅਨ ਡਾਇਰੈਕਟਰਾਂ ਦੀ ਚੋਣ ਲਈ ਉਮੀਦਵਾਰ ਬੀਬੀ ਮਹਿੰਦਰ ਕੌਰ ਗਿੱਲ, ਭਾਈ ਮਨਜੀਤ ਸਿੰਘ ਮਿਨਹਾਸ, ਭਾਈ ਮਨਮੋਹਣ ਸਿੰਘ ਸਮਰਾ, ਸਤਵੰਤ ਸਿੰਘ ਸੰਧੂ**

# Happy Vaisakhi

## ਵਿਸਾਖੀ ਦੀਆਂ ਲੱਖ ਲੱਖ ਵਧਾਈਆਂ

**This year marks 40 years since 1984. We are committed to getting the Sikh Genocide recognized in Canada.**

**ਇਸ ਸਾਲ 1984 ਸਿੱਖ ਨਸਲਕੁਸ਼ੀ ਦੀ 40ਵੀਂ ਵਰ੍ਹੇਗੰਢ ਹੈ। ਅਸੀਂ ਇਸ ਵਾਰ ਸਿੱਖ ਨਸਲਕੁਸ਼ੀ ਨੂੰ ਕਨੇਡਾ ਵਿਚ ਸਰਕਾਰੀ ਮਾਨਤਾ ਦੇਵਾਵਾਂਗੇ।**

**Scan here if you agree**



**Peter Julian**
**MP**
New Westminster-Burnaby
110-888 Carnarvon St,
New Westminster, BC
V3M 0C6
**604-775-5707**
**Peter.Julian.c1@parl.gc.ca**

**Bonita Zarrillo**
**MP**
Port Moody-Coquitlam
1116 Austin Ave,
Coquitlam, BC
V3K 3P5
**604-664-9229**
**Bonita.Zarrillo@parl.gc.ca**

**Jagmeet Singh**
**MP**
Burnaby South
4940 Kingsway
Burnaby, BC
V5H 2E2
**604-291-8863**
**Jagmeet.Singh@parl.gc.ca**

**Jenny Kwan**
**MP**
Vancouver East
2572 E Hastings Street
Vancouver, BC
V5K 1Z3
**604-775-5800**
**Jenny.Kwan@parl.gc.ca**

**Don Davies**
**MP**
Vancouver Kingsway
2951 Kingsway,
Vancouver, BC
V5R 5J4
**604-775-6263**
**Don.Davies@parl.gc.ca**

**NDP**

ਸਫ਼ਾ 1 ਦਾ ਬਾਕੀ

## ਪਹਿਲੀ ਵਾਰ ਘਰ ਖਰੀਦਣ...

ਐਲਾਨ ਕੀਤਾ ਹੈ। ਨਵੇਂ ਵਿੱਚ ਐਲਾਨੇ ਗਏ ਕੈਨੇਡੀਅਨ ਮੌਰਗੇਜ ਚਾਰਟਰ ਦੇ ਤਹਿਤ, ਫੈਡਰਲ ਸਰਕਾਰ ਇਹ ਮੰਗ ਕਰਦੀ ਹੈ ਕਿ ਬੈਂਕ ਘਰ ਦੇ ਮਾਲਕਾਂ ਨੂੰ ਉਹਨਾਂ ਦੀ ਮੌਰਗੇਜ ਨਵਿਆਉਣ ਦੀ ਮਿਤੀ ਤੋਂ ਚਾਰ ਤੋਂ ਛੇ ਮਹੀਨੇ ਪਹਿਲਾਂ ਪਹੁੰਚ ਕਰਨ ਤਾਂ ਜੋ ਉਹਨਾਂ ਨੂੰ ਕਿਫਾਇਤੀ ਵਿਕਲਪਾਂ ਬਾਰੇ ਸੂਚਿਤ ਕੀਤਾ ਜਾ ਸਕੇ।

ਫ੍ਰੀਲੈਂਡ ਨੇ ਵੀਰਵਾਰ ਨੂੰ ਕਿਹਾ ਕਿ ਕਰਜ਼ਾ ਦੇਣ ਵਾਲੇ ਅਦਾਰਿਆਂ ਨੂੰ ਘਰ ਦੇ ਮਾਲਕ ਨਾਲ ਮੌਰਗੇਜ ਨਵਿਆਉਣ ਤੋਂ 24 ਮਹੀਨੇ ਪਹਿਲਾਂ ਵਿਕਲਪਾਂ 'ਤੇ ਚਰਚਾ ਕਰਨ ਲਈ ਸੰਪਰਕ ਕਰਨਾ ਹੋਵੇਗਾ।

ਮੌਰਗੇਜ ਚਾਰਟਰ ਤਹਿਤ ਕਰਜ਼ਾ ਦੇਣ ਵਾਲੇ ਅਦਾਰੇ ਉਹਨਾਂ ਮੌਰਗੇਜ ਧਾਰਕਾਂ ਲਈ ਅਮੋਰਟਾਈਜ਼ੇਸ਼ਨ ਮਿਆਦ 'ਤੇ ਅਸਥਾਈ ਐਕਸਟੈਂਸ਼ਨ ਪ੍ਰਦਾਨ ਕਰਦੇ ਹਨ ਜੋ ਵਿੱਤੀ ਮੁਸ਼ਕਲਾਂ ਦਾ ਸਾਹਮਣਾ ਕਰ ਰਹੇ ਹੋਣ। ਫ੍ਰੀਲੈਂਡ ਨੇ ਵੀਰਵਾਰ ਨੂੰ ਕਿਹਾ ਕਿ ਇਸ ਅਸਥਾਈ ਉਪਾਅ ਨੂੰ ਹੁਣ ਸਥਾਈ ਬਣਾਇਆ ਜਾ ਰਿਹਾ ਹੈ।

ਉਹਨਾਂ ਕਿਹਾ ਕਿ ਘਰ ਦੇ ਮਾਲਕ ਦੀਆਂ ਸਥਿਤੀਆਂ 'ਤੇ ਨਿਰਭਰ ਕਰਦਿਆਂ, ਅਮੋਰਟਾਈਜ਼ੇਸ਼ਨ ਦੀ ਮਿਆਦ ਸਥਾਈ ਕੀਤੀ ਜਾ ਸਕਦੀ ਹੈ, ਇੱਥੋਂ ਤੱਕ ਕਿ ਬੀਮਾਯੁਕਤ ਮੌਰਗੇਜ ਵਾਲੇ ਲੋਕਾਂ ਲਈ ਵੀ ਕੀਤੀ ਜਾ ਸਕਦੀ ਹੈ, ਅਤੇ ਇਹ ਤਬਦੀਲੀ ਕਰਨ ਨਾਲ ਕੋਈ ਵਾਧੂ ਫੀਸ ਜਾਂ ਜੁਰਮਾਨੇ ਨਹੀਂ ਹੋਣਗੇ।

## ਵਿਦੇਸ਼ੀ ਦਖਲਅੰਦਾਜ਼ੀ ਦੇ ਮਾਮਲੇ...

ਉਲਝ ਗਿਆ। ਟਰੂਡੋ ਦੇ ਮੰਤਰੀ ਮੰਡਲ ਦੇ ਮੈਂਬਰਾਂ, ਸਿਆਸੀ ਪਾਰਟੀ ਦੇ ਨੁਮਾਇੰਦਿਆਂ, ਸੀਨੀਅਰ ਬਿਊਰੋਕ੍ਰੈਟਸ ਤੇ ਖੁਫੀਆ ਅਧਿਕਾਰੀਆਂ ਵੱਲੋਂ ਕਈ ਦਿਨਾਂ ਤੱਕ ਗਵਾਹੀਆਂ ਦਿੱਤੇ ਜਾਣ ਤੋਂ ਬਾਅਦ ਟਰੂਡੋ ਬੁੱਧਵਾਰ ਨੂੰ ਪੇਸ਼ ਹੋਏ। ਇਸ ਸੁਣਵਾਈ ਦੌਰਾਨ ਪ੍ਰਧਾਨ ਮੰਤਰੀ ਨੇ ਉਨ੍ਹਾਂ ਸਾਰੇ ਮਾਪਦੰਡਾਂ ਦੀ ਸੂਚੀ ਜਾਰੀ ਕੀਤੀ ਜਿਹੜੇ ਉਨ੍ਹਾਂ ਦੀ ਸਰਕਾਰ ਵੱਲੋਂ 2015 ਵਿੱਚ ਸੱਤਾ ਵਿੱਚ ਆਉਣ ਤੋਂ ਬਾਅਦ ਤੋਂ ਅਪਣਾਏ ਤੇ ਲਾਗੂ ਕੀਤੇ ਗਏ ਸਨ। ਜ਼ਿਕਰਯੋਗ ਹੈ ਕਿ ਇਨਕੁਆਰੀ ਦੌਰਾਨ ਪਹਿਲਾਂ ਹੀ ਇਹ ਦੱਸਿਆ ਜਾ ਚੁੱਕਿਆ ਹੈ ਕਿ ਕੁੱਝ ਅਪੁਸ਼ਟ ਖਬਰਾਂ ਤੋਂ ਸਾਹਮਣੇ ਆਇਆ ਸੀ ਕਿ ਚੀਨ ਤੇ ਕੁੱਝ ਹੋਰ ਮੁਲਕ ਕੈਨੇਡੀਅਨ ਚੋਣਾਂ ਵਿੱਚ ਦਖ਼ਲਅੰਦਾਜ਼ੀ ਕਰ ਰਹੇ ਹਨ ਪਰ ਇਸ ਬਾਰੇ ਹੁਣ ਤੱਕ ਬਹੁਤ ਘੱਟ ਸਬੂਤ ਮਿਲੇ ਹਨ ਜਿਨ੍ਹਾਂ ਤੋਂ ਇਹ ਸਿੱਧ ਹੋ ਸਕੇ ਕਿ ਅਜਿਹੇ ਮੁਲਕ ਆਪਣੇ ਕੰਮ ਵਿੱਚ ਸਫਲ ਹੋਏ ਜਾਂ ਨਹੀਂ।

# ਅਗਾਮੀ ਬਜਟ ਵਿੱਚ ਮੱਧ ਵਰਗ 'ਤੇ ਨਹੀਂ ਵਧੇਗਾ ਟੈਕਸ ਦਾ ਬੋਝ : ਫ੍ਰੀਲੈਂਡ



ਸਰੀ, (ਏਕਜੋਤ ਸਿੰਘ): ਫੈਡਰਲ ਬਜਟ ਪੇਸ਼ ਕੀਤੇ ਜਾਣ ਤੋਂ ਪਹਿਲਾਂ ਬੀਤੇ ਦਿਨੀਂ ਕਾਨਫਰੰਸ ਦੌਰਾਨ ਵਿੱਤ ਮੰਤਰੀ ਕ੍ਰਿਸਟੀਆ ਫ੍ਰੀਲੈਂਡ ਨੇ ਵਲੋਂ ਇੱਕ ਬਿਆਨ ਜਾਰੀ ਕੀਤਾ ਗਿਆ ਜਿਸ ਵਿੱਚ ਉਨ੍ਹਾਂ ਕਿਹਾ ਕਿ ਫੈਡਰਲ ਬਜਟ ਵਿੱਚ ਮੱਧ ਵਰਗ ਨੂੰ ਟੈਕਸ ਵਧਾਉਣ ਤੋਂ ਰਾਹਤ ਮਿਲੇਗੀ ਪਰ ਕਾਰਪੋਰੇਸ਼ਨਾਂ ਜਾਂ ਅਮੀਰਾਂ ਨੂੰ ਇਸ ਵਿੱਚ ਰਾਹਤ ਮਿਲੇ ਦੇ ਕੋਈ ਆਸਾਰ ਨਹੀਂ ਹਨ।

ਵਿੱਤ ਮੰਤਰੀ ਕ੍ਰਿਸਟੀਆ ਫ੍ਰੀਲੈਂਡ ਦੇ ਇਸ ਬਿਆਨ ਤੋਂ ਬਾਅਦ ਲੋਕਾਂ ਦਾ ਕਹਿਣਾ ਹੈ ਕਿ ਜੇਕਰ ਸਰਕਾਰ ਕਾਰਪੋਰੇਸ਼ਨਾਂ 'ਤੇ ਟੈਕਸ ਵਧਾਏਗੀ ਤਾਂ ਉਹ ਦਾ ਬੋਝ ਵੀ ਘੁੰਮ-ਘੁਮਾ ਕੇ ਆਮ ਲੋਕਾਂ 'ਤੇ ਹੀ ਆ ਕੇ ਪਵੇਗਾ। ਕਾਰਪੋਰਸ਼ਨਾਂ 'ਤੇ ਟੈਕਸ ਵਧੇਗਾ ਤਾਂ ਉਹ ਆਪਣੇ ਪ੍ਰਾਡਕਟਸ ਦੀਆਂ ਕੀਮਤਾਂ 'ਚ ਵਾਧਾ ਕਰਨਗੇ ਜਿਸ ਨੂੰ ਖਰੀਦਣ ਲਈ ਆਮ ਲੋਕਾਂ ਨੂੰ ਵਾਧੂ ਪੈਸੇ ਖਰਚ ਕਰਨੇ ਪੈਣਗੇ ਅਤੇ ਲੋਕਾਂ 'ਤੇ ਅਰਥਿਕ ਬੋਝ ਵਧੇਗਾ।

ਜਦੋਂ ਵਿੱਤੀ ਮੰਤਰੀ ਨੂੰ ਪੁੱਛਿਆ ਗਿਆ ਕਿ ਉਹ ਕਾਰਪੋਰੇਟ ਜਾਂ ਮੱਧ ਵਰਗ 'ਤੇ ਕੋਈ ਨਵਾਂ ਟੈਕਸ ਅਗਾਮੀ ਬਜਟ ਵਿੱਚ ਲਿਆ ਰਹੇ ਹਨ ਤਾਂ ਉਹਨਾਂ ਨੇ ਇਸ ਦਾ ਕੋਈ ਸ਼ਪੱਸ਼ਟ ਜਵਾਬ ਨਹੀਂ ਦਿੱਤਾ ਅਤੇ ਟਾਲਾ ਵੱਟਦੇ ਹੋਏ ਉਨ੍ਹਾਂ ਗੋਲਮੋਲ ਜਵਾਬ ਦਿੰਦੇ ਹੋਏ ਕਿਹਾ ਕਿ ਇਸ ਸਮੇਂ ਕੈਨੇਡੀਅਨਾਂ ਲਈ ਮਹੱਤਵਪੂਰਨ ਚੀਜ਼ਾਂ ਜਿਵੇਂ ਕਿ ਹਾਊਸਿੰਗ ਅਤੇ ਆਰਟੀਫਿਸ਼ੀਅਲ ਇੰਟੈਲੀਜੈਂਸ ਵਿੱਚ ਨਿਵੇਸ਼ ਕਰਨ ਦੀ "ਤਤਕਾਲ" ਲੋੜ।

ਫ੍ਰੀਲੈਂਡ ਨੇ ਪਹਿਲਾਂ ਹੀ ਕਿਹਾ ਹੈ ਕਿ ਉਹ ਫੈਡਰਲ ਘਾਟੇ ਨੂੰ $40.1 ਬਿਲੀਅਨ ਤੋਂ ਹੇਠਾਂ ਰੱਖਣ ਸਮੇਤ, ਪਤਝੜ ਵਿੱਚ ਘੋਸ਼ਿਤ ਕੀਤੇ ਗਏ ਨਵੇਂ ਵਿੱਤੀ ਨਿਯਮਾਂ ਦੇ ਅਧੀਨ ਰਹਿਣਗੇ। ਪਰ ਨਵੇਂ ਉਪਰਾਲਿਆਂ ਨੂੰ ਮੱਧ ਵਰਗ 'ਤੇ ਟੈਕਸਾਂ ਰਾਹੀਂ ਨਹੀਂ ਵਧਾਇਆ ਜਾਵੇਗਾ। ਉਨ੍ਹਾਂ ਕਿਹਾ "ਅਸੀਂ ਮਿਹਨਤੀ ਮੱਧ-ਸ਼੍ਰੇਣੀ ਦੇ ਕੈਨੇਡੀਅਨਾਂ ਦੀ ਮਦਦ ਲਈ ਪੂਰੀ ਤਰ੍ਹਾਂ ਵਚਨਬੱਧ ਹਾਂ, ਅਤੇ ਅਸੀਂ ਉਨ੍ਹਾਂ 'ਤੇ ਟੈਕਸ ਨਹੀਂ ਵਧਾਵਾਂਗੇ" ਜ਼ਿਕਰਯੋਗ ਹੈ ਕਿ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਪਹਿਲਾਂ ਵੀ ਅਜਿਹੇ ਵਾਅਦੇ ਕਰ ਚੁੱਕੇ ਹਨ। ਬਾਕੀ ਪੂਰੇ ਵੇਰਵੇ 16 ਅਪ੍ਰੈਲ ਨੂੰ ਪੇਸ਼ ਕੀਤੇ ਜਾਣ ਵਾਲੇ ਫੈਡਰਲ ਬਜਟ ਦੇ ਦੌਰਾਨ ਪਤਾ ਲੱਗ ਹੀ ਜਾਣਗੇ ਕਿਉਂਕਿ ਕਾਰਨਬ ਟੈਕਸ 'ਚ ਵਾਧਾ ਕੀਤੇ ਜਾਣ ਤੋਂ ਬਾਅਦ ਫੈਡਰਲ ਸਰਕਾਰ ਨੂੰ ਕਾਫੀ ਨਾਮੋਸ਼ੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। This report was written by Ekjot Singh as part of the Local Journalism Initiative.

# ਖਾਲਸਾ ਕ੍ਰੈਡਿਟ ਯੂਨੀਅਨ ਦੇ ਚਾਰ ਡਾਇਰੈਕਟਰਾਂ ਦੀ ਚੋਣ 28 ਅਪ੍ਰੈਲ ਨੂੰ

ਸਰੀ, ਖਾਲਸਾ ਕ੍ਰੈਡਿਟ ਯੂਨੀਅਨ ਦੇ ਚਾਰ ਡਾਇਰੈਕਟਰਾਂ ਦੀ ਚੋਣ 28 ਅਪ੍ਰੈਲ ਦਿਨ ਐਤਵਾਰ ਖਾਲਸਾ ਕ੍ਰੈਡਿਟ ਯੂਨੀਅਨ ਦੀਆਂ ਸਾਰੀਆਂ ਬ੍ਰਾਂਚਾਂ ਵਿੱਚ ਹੋਣ ਜਾ ਰਹੀ ਹੈ। "ਟਾਈਮ ਫਾਰ ਚੇਂਜ" ਦੀ ਸਮੁੱਚੀ ਟੀਮ ਜਿਸ ਵਿੱਚ ਸਰਦਾਰ ਮਨਜੀਤ ਸਿੰਘ ਮਿਨਹਾਸ ਸਰਦਾਰ ਸਤਵੰਤ ਸਿੰਘ ਸੰਧੂ ਬੀਬੀ ਮਹਿੰਦਰ ਕੌਰ ਗਿੱਲ ਅਤੇ ਸਰਦਾਰ ਮਨਮੋਹਨ ਸਿੰਘ ਸਮਰਾ ਉਮੀਦਵਾਰ ਹਨ ਕਿਰਪਾ ਕਰਕੇ ਸਾਡੀ ਸਮੁੱਚੀ ਟੀਮ ਨੂੰ ਆਪਣਾ ਕੀਮਤੀ ਵੋਟ ਪਾ ਕੇ ਕਾਮਯਾਬ ਕਰੋ ਜੀ ਹਰੇਕ ਮੈਂਬਰ ਨੂੰ ਚਾਰ ਉਮੀਦਵਾਰਾਂ ਨੂੰ ਜਰੂਰ ਵੋਟ ਪਾਉਣੀ ਪੈਂਣੀ ਹੈ ਨਹੀਂ ਤਾਂ ਵੋਟ ਕੈਂਸਲ ਹੋ ਜਾਂਦੀ ਹੈ। ਤੁਸੀਂ ਆਪਣੀ ਇੱਕ ਫੋਟੋ ਆਈ ਡੀ ਲੈ ਕੇ ਆਪਣੇ ਨੇੜੇ ਦੀ ਕਿਸੇ ਵੀ ਬਰਾਂਚ ਵਿੱਚ ਜਾ ਕੇ ਵੋਟ ਪਾ ਸਕਦੇ ਹੋ ਲ ਇਹ ਵੋਟਾਂ 28 ਅਪ੍ਰੈਲ ਦਿਨ ਐਤਵਾਰ ਸਵੇਰੇ 10 ਵਜੇ ਤੋਂ ਲੈ ਕੇ ਸ਼ਾਮ ਦੇ 5 ਵਜੇ ਤੱਕ ਸਾਰੀਆਂ ਖਾਲਸਾ ਕ੍ਰੈਡਿਟ ਯੂਨੀਅਨ ਦੀਆਂ ਬਰਾਂਚਾਂ ਵਿੱਚ ਪੈਣਗੀਆਂ।

ਸੁਪਰ ਵੀਜ਼ਾ
ਵਿਜ਼ਟਰ ਇੰਸ਼ੋਰੈਂਸ



MONEY
BACK LIFE
INSURANCE
- ਲਾਇਫ ਇੰਸ਼ੋਰੈਂਸ
- ਮੋਰਟਗੇਜ ਇੰਸ਼ੋਰੈਂਸ
- ਟ੍ਰੈਵਲ ਇੰਸ਼ੋਰੈਂਸ
- ਕਰੀਟੀਕਲ ਇਲਨੈਂਸ ਇੰਸ਼ੋਰੈਂਸ
- ਡਿਸੇਬਿਲਟੀ ਇੰਸ਼ੋਰੈਂਸ
Punjab Insurance Agency Inc.
15 YEARS EXPERIENCE
ਬਰਿੰਦਰ ਸਿੰਘ ਗਿੱਲ 604-835-1212
insuranceresp@gmail.com
MOVE TO : Unit 148-32050 Cedar Lane, Abbotsford
301 - 8128, 128 St. Surrey, B.C.

ਗਲੈਡਵਿਨ ਔਪਟੀਕਲ
GLADWIN OPTICAL
ਨਜ਼ਰ ਦੀਆਂ ਐਨਕਾਂ
EYE GLASSES
CONTACT LENSES
SUNGLASSES
» ਸਾਡੇ ਕੋਲ ਬਹੁਤ ਤਰ੍ਹਾਂ ਦੇ ਫਰੇਮਾਂ ਦੇ ਡਿਜ਼ਾਈਨ ਮੌਜੂਦ ਹਨ।
» ਅਸੀਂ ਕਨਟੈਕਟ ਲੈਂਜ਼ ਹਰ ਤਰ੍ਹਾਂ ਦੇ ਰੰਗਾਂ ਵਿੱਚ ਰੱਖਦੇ ਹਾਂ।
» ਐਨਕਾਂ ਦੀ ਰਿਪੇਅਰ ਦਾ ਕੰਮ ਤੱਸਲੀਬਖਸ਼ ਹੁੰਦਾ ਹੈ।
» ਅਸੀਂ ਅੱਖਾਂ ਦਾ ਫਰੀ ਚੈੱਕ-ਅਪ ਕਰਦੇ ਹਾਂ।



BHUPINDER OBEROI
ਸਾਡਾ ਐਡਰੈੱਸ ਨੋਟ ਕਰੋ
Abbotsford #103-2955 Gladwin Rd.
604-864-8803
Surrey (Kwantlen Square)
Unit # 105, 12568-72 Ave, Surrey
ਸਰੀ, ਡੈਲਟਾ ਅਤੇ ਐਬਟਸਫੋਰਡ ਵਿੱਚ ਪੰਜਾਬੀ ਭਰਾਵਾਂ ਦੀ ਆਪਣੀ ਦੁਕਾਨ ਜਿੱਥੇ ਨਜ਼ਰ ਦੀਆਂ ਐਨਕਾਂ ਦਾ ਕੰਮ ਤੱਸਲੀਬਖਸ਼ ਹੁੰਦਾ ਹੈ।
ਅਸੀਂ ਆਪਣੇ ਗਾਹਕਾਂ ਦੀ ਨਜ਼ਰ ਟੈਸਟ ਫਰੀ ਕਰਦੇ ਹਾਂ।
ਵਧੇਰੇ ਜਾਣਕਾਰੀ ਲਈ ਫੋਨ ਕਰੋ
604-594-6940
Unit #105, 12568-72 Ave, Surrey
FREE
SIGHT TEST

ਕੈਨੇਡੀਅਨ
**ਪੰਜਾਬ ਟਾਈਮਜ਼**
**Canadian Punjab Times**

- **Brar Bhagta Bhai Ka**
  Editor
  604-751-1113

Funded by the Government of Canada | Financé par le gouvernement du Canada | Canada

**ADVISORY BOARD**

- **Dr. Puran Singh**
  Vancouver, Canada
- **S. Jarnail Singh**
  Surrey, Canada
- **Ekjot Singh**
  News Reporter
- **Gora Sandhu Khurd**
  News Reporter (Punjab)
- **Paramjit Singh**
  Graphic Designer

Distributed in B.C.,
Greater Vancouver,
Fraser Valley,
Contact for Advertisement
**604-338-7310**

**ਕੈਨੇਡੀਅਨ ਪੰਜਾਬ ਟਾਈਮਜ਼ ਵਿੱਚ ਛਪੇ ਲੇਖਾਂ ਜਾਂ ਵਿਚਾਰਾਂ ਨਾਲ ਅਦਾਰਾ ਕੈਨੇਡੀਅਨ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।**

**The Canadian Punjab Times is not responsible or legally liable for any news, articles, advertisements or typing mistakes in the news or articles.**

**Canadian Punjab Times Inc.**
**(Punjabi Newspaper)**
Contact :
**604-338-7310**
Fax :
**604-572-3638**
Website :
**www.thepunjabtimes.ca**
E-mail :
**canadianpunjabtimes@gmail.com**

**Please Note:**

The Publisher does not guaranty the interaction of any particular advertisement on a specified date, or at all advertiser, Further, the publisher does not accept liability for printing and advertisement beyond the amount for the space actually occupied by the portion of the advertisements in which error occurs The publisher reserves the right to cancel any contract on which space has not been used within 90 days of from the contract does. All advertising is subject the publishers approved contract must be completed within one year from the date of commencement. Printing of key numbers is not guaranteed.

Publisher is not responsible in any mishappening between the customer and Advertiser.

**ਪਾਠਕਾਂ ਵਲੋਂ ਲੇਖਾਂ ਬਾਰੇ ਕੀਤੇ ਜਾ ਰਹੇ ਫੋਨਾਂ ਸਬੰਧੀ ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਜੇਕਰ ਕਿਸੇ ਵੀ ਪਾਠਕ ਨੂੰ ਕਿਸੇ ਲੇਖ ਸਬੰਧੀ ਕੋਈ ਇਤਰਾਜ ਹੈ ਤਾਂ ਉਹ ਸਿਰਫ਼ 'ਤੇ ਸਿਰਫ਼ ਲਿਖਤੀ ਰੂਪ ਵਿੱਚ ਭੇਜੇ। ਪਾਠਕਾਂ ਵਲੋਂ ਭੇਜੀ ਲੇਖਾਂ ਸਬੰਧੀ ਸੱਭਿਅਕ ਭਾਸ਼ਾ ਨੂੰ ਪ੍ਰਕਾਸ਼ਤ ਕੀਤਾ ਜਾਵੇਗਾ।**

# ਪੰਜਾਬ ਵਿਚ ਰੀਅਲ ਐਸਟੇਟ ਦੇ ਸਿੱਧੇ-ਅਸਿੱਧੇ ਤਰੀਕਿਆਂ ਕਾਰਨ ਵਾਹੀਯੋਗ ਜ਼ਮੀਨ ਘਟਣ ਲੱਗੀ

**ਲੇਖਕ : ਗੁਰਪ੍ਰੀਤ ਸਿੰਘ ਤੂਰ ਆਈਪੀਐਸ**
**ਸੰਪਰਕ: 98158-00405**

ਮਾਰਚ ਦਾ ਅੱਧ। ਚੰਡੀਗੜ੍ਹ ਤੋਂ ਆਉਂਦਿਆਂ ਮੋਰਿੰਡਾ ਲੰਘਦਿਆਂ ਮੈਂ ਚਾਹ ਪੀਣ ਲਈ ਢਾਬੇ 'ਤੇ ਰੁਕਿਆ। ਕਣੀਆਂ ਪੈਣ ਲੱਗੀਆਂ। ਮੌਸਮ ਮਾਣਦਿਆਂ ਚਾਹ ਦਾ ਗਲਾਸ ਮੈਂ ਦੋਵਾਂ ਹੱਥਾਂ ਵਿੱਚ ਘੁੱਟਿਆ, ਦੋ ਘੁੱਟਾਂ ਇਕੱਠੀਆਂ ਭਰੀਆਂ।

ਸ਼ੈੱਡ 'ਤੇ ਪੈਂਦੀਆਂ ਕਣੀਆਂ ਦੀ ਆਵਾਜ਼, ਦੂਰ ਤੱਕ ਹਰੇ-ਭਰੇ ਖੇਤ, ਨਿਗ੍ਹਾ ਵਾਪਸ ਮੁੜੀ ਤਾਂ ਸੜਕ ਉੱਪਰ ਦੋ ਏਕੜ ਰਕਬੇ ਵਿੱਚ ਅਮਰੂਦਾਂ ਦਾ ਬਾਗ਼ ਪੁੱਟਿਆ ਜਾ ਰਿਹਾ ਸੀ ਤੇ ਚਾਰਦੀਵਾਰੀ ਕੀਤੀ ਜਾ ਰਹੀ ਸੀ। ਉਸੇ ਪਾਸੇ ਉਸ ਤੋਂ ਥੋੜ੍ਹਾ ਦੂਰ ਸਿੱਟਿਆਂ 'ਤੇ ਆਈ ਕਣਕ ਉੱਪਰ ਇੱਟਾਂ ਦੀ ਟਰਾਲੀ ਢੇਰੀ ਕੀਤੀ ਜਾ ਰਹੀ ਸੀ। ਸਾਹਮਣੇ ਵਾਲੇ ਪਾਸੇ ਪੂਰਬੀ ਕਾਮੇ ਕੰਧ ਕੱਢਣ ਵਿੱਚ ਰੁੱਝੇ ਹੋਏ ਸਨ। ਥੋੜ੍ਹਾ ਨੇੜੇ ਦੇਖਿਆ ਤਾਂ ਮੁੱਖ ਸੜਕ ਉੱਤੇ ਆਈਲੈਟਸ ਦੀ ਮਸ਼ਹੂਰੀ ਲਈ ਤਿੰਨ ਵੱਡੇ ਬੋਰਡ ਨਜ਼ਰ ਆਏ। ਮੌਸਮ ਹੁਣ ਉਹ ਨਹੀਂ ਰਹਿ ਗਿਆ ਸੀ, ਖ਼ਤਮ ਹੋ ਰਹੀ ਜ਼ਮੀਨ ਜਿਵੇਂ ਕੁਝ ਕਹਿ ਰਹੀ ਹੋਵੇ।

ਇਸ ਸਮੇਂ ਪੰਜਾਬ ਵਿੱਚ ਨੈਸ਼ਨਲ ਹਾਈਵੇਅ ਅਥਾਰਟੀ ਆਫ ਇੰਡੀਆ ਵੱਲੋਂ ਬਹੁਤ ਸਾਰੇ ਐਕਸਪ੍ਰੈੱਸ ਹਾਈਵੇਅਜ਼, ਬਾਈਪਾਸ ਤੇ ਲਿੰਕ ਸੜਕਾਂ ਉਸਾਰੀ ਅਧੀਨ ਹਨ। ਜ਼ਮੀਨ ਦਾ ਰਕਬਾ ਸੀਮਤ ਹੈ। ਉਸਾਰੀ ਦੇ ਇਨ੍ਹਾਂ ਵਿਕਾਸ ਯਤਨਾਂ ਨੂੰ ਵਿਹਾਰਕ ਅਤੇ ਉਪਜਾਊ ਜ਼ਮੀਨ ਦੇ ਨਿਰੰਤਰ ਘਟਣ ਦੇ ਪੱਖ ਤੋਂ ਵਿਚਾਰਿਆ ਜਾ ਰਿਹਾ ਹੈ।

ਸਾਲ 2000 ਵਿੱਚ ਪੰਜਾਬ ਕੋਲ 42.50 ਲੱਖ ਹੈਕਟੇਅਰ ਵਾਹੀਯੋਗ ਜ਼ਮੀਨ ਸੀ। 2000 ਤੋਂ ਇਹ ਜ਼ਮੀਨ ਲਗਭਗ ਦਸ ਹਜ਼ਾਰ ਹੈਕਟੇਅਰ ਪ੍ਰਤੀ ਸਾਲ ਦੀ ਰਫ਼ਤਾਰ ਨਾਲ ਘਟਦੀ ਆ ਰਹੀ ਹੈ। 2019-20 ਤੋਂ ਹੋਂਦ ਵਿੱਚ ਆਉਣ ਲੱਗੀਆਂ ਨਵੀਆਂ ਸੜਕਾਂ, ਅਬਾਦੀ ਦਾ ਦਬਾਅ ਅਤੇ ਰੀਅਲ ਐਸਟੇਟ ਦੇ ਸਿੱਧੇ-ਅਸਿੱਧੇ ਤਰੀਕਿਆਂ ਕਾਰਨ ਵਾਹੀਯੋਗ ਜ਼ਮੀਨ ਹੋਰ ਤੇਜ਼ੀ ਨਾਲ ਘਟਣ ਲੱਗੀ ਹੈ। ਪੰਜਾਬ ਖੇਤੀ ਪ੍ਰਧਾਨ ਸੂਬਾ ਹੈ ਜਿਸ ਦੀ ਵੱਡੀ ਵਸੋਂ ਸਿੱਧੇ ਅਤੇ ਅਸਿੱਧੇ ਤੌਰ 'ਤੇ ਖੇਤੀ 'ਤੇ ਨਿਰਭਰ ਹੈ। ਵਾਹੀਯੋਗ ਜ਼ਮੀਨ ਨੂੰ ਹੋਰ ਉਦੇਸ਼ ਲਈ ਵਰਤਣਾ ਸੂਬੇ ਲਈ ਇੱਕ ਅਤਿਅੰਤ ਸੰਵੇਦਨਸ਼ੀਲ ਮੁੱਦਾ ਹੋਣ ਦੀ ਆਸ ਕੀਤੀ ਜਾਂਦੀ ਹੈ ਪਰ ਅਜਿਹਾ ਹੁੰਦਾ ਨਜ਼ਰ ਨਹੀਂ ਆਉਂਦਾ। ਭਾਵੇਂ ਵਿਕਾਸ ਲਈ ਇਹ ਜ਼ਰੂਰੀ ਹੈ ਪਰ ਨਵੀਆਂ ਸੜਕਾਂ ਦੀ ਉਸਾਰੀ ਕਾਰਨ ਵੱਡੀ ਪੱਧਰ 'ਤੇ ਉਪਜਾਊ ਜ਼ਮੀਨ ਨਿਰੰਤਰ ਘਟਦੀ ਜਾ ਰਹੀ ਹੈ।

ਨੈਸ਼ਨਲ ਹਾਈਵੇਅ ਅਥਾਰਟੀ ਆਫ ਇੰਡੀਆ (ੂਅੀ) ਦੁਆਰਾ ਪੰਜਾਬ ਵਿੱਚ ਉਸਾਰੀ ਅਧੀਨ ਹਾਈਵੇਅਜ਼ ਨੂੰ ਗ੍ਰੀਨ ਅਤੇ ਬ੍ਰਾਊਨ ਫੀਲਡ ਪ੍ਰੋਜੈਕਟਾਂ ਵਿੱਚ ਵੰਡਿਆ ਗਿਆ ਹੈ। ਇਸ ਸਮੇਂ ਸੂਬੇ ਵਿੱਚ 16 ਗ੍ਰੀਨ ਅਤੇ 9 ਬ੍ਰਾਊਨ ਫੀਲਡ ਪ੍ਰੋਜੈਕਟ ਉਸਾਰੀ ਅਧੀਨ ਹਨ। ਨਵੀਆਂ ਸੜਕਾਂ ਨੂੰ ਗ੍ਰੀਨ ਫੀਲਡ ਪ੍ਰੋਜੈਕਟ ਦਾ ਨਾਮ ਦਿੱਤਾ ਗਿਆ ਹੈ ਜਦੋਂਕਿ ਪਹਿਲੀਆਂ ਸੜਕਾਂ ਚੌੜੀਆਂ ਕਰਨ ਨੂੰ ਬ੍ਰਾਊਨ ਫੀਲਡ ਪ੍ਰੋਜੈਕਟ ਦਾ ਨਾਮ ਦਿੱਤਾ ਗਿਆ ਹੈ। ਇਨ੍ਹਾਂ ਪ੍ਰੋਜੈਕਟਾਂ ਵਿੱਚ ਦਿੱਲੀ-ਕਟੜਾ ਗ੍ਰੀਨ ਫੀਲਡ ਪ੍ਰੋਜੈਕਟ ਪ੍ਰਮੁੱਖ ਹੈ ਜਿਸ ਦੀ ਲੰਬਾਈ 397 ਕਿਲੋਮੀਟਰ ਹੈ। ਇਹ ਸਾਰੇ ਪ੍ਰੋਜੈਕਟ ਸਾਲ 2019-20 ਤੋਂ ਹੋਂਦ ਵਿੱਚ ਆਏ ਹਨ। ਇੱਕ ਕਿਲੋਮੀਟਰ ਅਜਿਹੀ ਸੜਕ ਬਣਾਉਣ ਲਈ ਲਗਭਗ 6 ਹੈਕਟੇਅਰ ਜ਼ਮੀਨ ਵਰਤੋਂ ਵਿੱਚ ਆਉਂਦੀ ਹੈ। ਕਾਂਟ-ਛਾਂਟ ਪਾ ਕੇ 75 ਕਿਲੋਮੀਟਰ ਮਾਰਗ ਲਈ 500 ਹੈਕਟੇਅਰ ਜ਼ਮੀਨ ਦੀ ਵਰਤੋਂ ਹੁੰਦੀ ਹੈ। ਇਉਂ ਇਨ੍ਹਾਂ ਸਾਰੇ ਪ੍ਰੋਜੈਕਟਾਂ ਰਾਹੀਂ 25000 ਹੈਕਟੇਅਰ ਉਪਜਾਊ ਜ਼ਮੀਨ ਸੜਕਾਂ ਲਈ ਵਰਤ ਲਈ ਜਾਵੇਗੀ।

ਪ੍ਰਮੁੱਖ ਹਾਈਵੇਅਜ਼ ਜਦੋਂ ਸ਼ਹਿਰਾਂ ਕੋਲ ਦੀ ਲੰਘਦੇ ਹਨ ਤਾਂ ਟ੍ਰੈਫਿਕ ਸਹੂਲਤਾਂ ਲਈ ਵੱਡਾ ਵਲ਼ ਪਾ ਕੇ ਸ਼ਹਿਰਾਂ ਤੇ ਕਸਬਿਆਂ ਦੇ ਉੱਪਰਲੇ ਜਾਂ ਹੇਠਲੇ ਪਾਸੇ ਬਾਈਪਾਸ ਕੱਢੇ ਜਾਂਦੇ ਹਨ। ਇਨ੍ਹਾਂ ਬਾਈਪਾਸ ਦੇ ਸ਼ਹਿਰ/ਕਸਬੇ ਵਾਲੇ ਪਾਸੇ ਵਾਲੀ ਜ਼ਮੀਨ ਝਟਪਟ ਰੀਅਲ ਐਸਟੇਟ ਤੇ ਲੈਂਡ ਮਾਫ਼ੀਆ ਦੇ ਨਿਸ਼ਾਨੇ 'ਤੇ ਆ ਜਾਂਦੀ ਹੈ। ਜਦੋਂ ਕਿਸੇ ਖੇਤ ਦੀ ਚਾਰਦੀਵਾਰੀ ਹੋ ਜਾਂਦੀ ਹੈ ਤਾਂ ਜਲਦੀ ਹੀ ਉਸ ਦੇ ਆਸੇ-ਪਾਸੇ ਵਾਲੇ ਖੇਤ ਵੀ ਵਿਕ ਜਾਂਦੇ ਹਨ। ਚਾਰ ਦੀਵਾਰੀਆਂ ਵਿੱਚ ਘਿਰੇ ਖੇਤ ਛੇਤੀ ਹੀ ਸਾਹ ਛੱਡ ਜਾਂਦੇ ਹਨ। ਇਸ ਤਰ੍ਹਾਂ ਵੱਡੀ ਪੱਧਰ 'ਤੇ ਖੇਤੀਯੋਗ ਉਪਜਾਊ ਜ਼ਮੀਨ ਤੇਜ਼ੀ ਨਾਲ ਖ਼ਤਮ ਹੋ ਰਹੀ ਹੈ। ਪੰਜਾਬ ਵਿੱਚ ਟੈਕਸ ਇਕੱਠਾ ਕਰਨ ਦੀ ਵਿਧੀ ਬੇਹੱਦ ਕਮਜ਼ੋਰ ਹੈ ਤੇ ਟੈਕਸ ਚੋਰੀ ਕਰਨ ਵਾਲਿਆਂ ਦੇ ਹੱਥ ਲੰਬੇ ਅਤੇ ਮਜ਼ਬੂਤ ਹਨ। ਇੰਝ ਹੋਂਦ ਵਿੱਚ ਆਇਆ ਕਾਲਾ ਧਨ ਸਰਕੁਲੇਸ਼ਨ ਤੋਂ ਬਾਹਰ ਹੋ ਕੇ ਸਮੁੱਚੇ ਵਿਕਾਸ ਦਾ ਹਿੱਸਾ ਨਹੀਂ ਬਣਦਾ ਸਗੋਂ ਕੁਝ ਕੁ ਹੱਥਾਂ ਵਿੱਚ ਇਕੱਠਾ ਹੁੰਦਾ ਰਹਿੰਦਾ ਹੈ। ਜ਼ਮੀਨ ਦੀ ਖਰੀਦ-ਵੇਚ ਵਿੱਚ ਕੱਚੇ-ਪੱਕੇ ਦਾ ਵੱਡਾ ਫ਼ਰਕ ਕਾਲੇ ਧਨ ਦੀ ਸਰਲ ਤੇ ਸੌਖੀ ਖ਼ਪਤ ਲਈ ਕਾਰਗਰ ਮਾਹੌਲ ਸਿਰਜਦਾ ਹੈ। ਇੰਨਾ ਹੀ ਨਹੀਂ ਇਹ 'ਸੌਦਾ' ਸਭ ਭਾਈਵਾਲਾਂ ਦੇ ਫ਼ਾਇਦੇ ਨੂੰ ਯਕੀਨੀ ਬਣਾਉਂਦਾ ਹੈ। ਕੱਚੇ-ਪੱਕੇ ਦਾ ਇਹ ਵੱਡਾ ਫ਼ਰਕ 'ਰਾਜਨੀਤਕ-ਪ੍ਰਸ਼ਾਸਨਿਕ ਤੇ ਅਮੀਰਾਂ' ਦੇ ਗੱਠਜੋੜ ਨੂੰ ਥਾਪੜਾ ਵੀ ਦਿੰਦਾ ਹੈ। ਨਵੀਆਂ ਬਣ ਰਹੀਆਂ ਸੜਕਾਂ ਦੇ ਆਸੇ-ਪਾਸੇ ਜ਼ਮੀਨਾਂ ਖਰੀਦਣੀਆਂ ਕਾਲੇ ਧਨ ਦੀ 'ਸਰਵੋਤਮ' ਵਰਤੋਂ ਹੈ। ਇਸ ਤਰ੍ਹਾਂ ਨਵੀਆਂ ਸੜਕਾਂ ਦੀ ਲੋੜ ਤੋਂ ਵੱਧ, ਨਵੀਆਂ ਸੜਕਾਂ ਦੇ ਨੇੜੇ-ਤੇੜੇ ਇਸ ਤਰੀਕੇ ਨਾਲ ਹੋਰ ਉਪਜਾਊ ਜ਼ਮੀਨ ਤੇਜ਼ੀ ਨਾਲ ਖੇਤੀ ਖੇਤਰ ਤੋਂ ਬਾਹਰ ਹੋ ਰਹੀ ਹੈ। ਕਾਲੇ ਧਨ ਦੀਆਂ ਛੱਲਾਂ ਨੇ ਦੂਰ ਤੱਕ ਖੇਤੀਯੋਗ ਉਪਜਾਊ ਜ਼ਮੀਨ ਦੇ ਕਿਨਾਰੇ ਖੋਰ ਦਿੱਤੇ ਹਨ। ਇਉਂ ਛੇਤੀ ਹੀ ਪੰਜਾਬ, ਕੇਂਦਰੀ ਪੂਲ ਵਿੱਚ ਸਭ ਤੋਂ ਵੱਧ ਅਨਾਜ ਪਾਉਣ ਦਾ ਦਾਅਵਾ ਕਰਨ ਤੋਂ ਅਸਮਰੱਥ ਹੋ ਜਾਵੇਗਾ।

ਨਵੀਆਂ ਸੜਕਾਂ ਦੇ ਆਸੇ-ਪਾਸੇ ਖਰੀਦੀਆਂ ਜਾ ਰਹੀਆਂ ਜ਼ਮੀਨਾਂ ਦੀਆਂ ਰਜਿਸਟਰੀ ਕੀਮਤਾਂ ਅਕਸਰ ਕੁੱਲ ਹੋਏ ਆਦਾਨ-ਪ੍ਰਦਾਨ ਦੇ ਤੀਜੇ ਹਿੱਸੇ ਤੋਂ ਵੀ ਘੱਟ ਹੁੰਦੀਆਂ ਹਨ। ਕਾਲੇ ਧਨ ਦਾ ਪਸਾਰ ਇੰਨਾ ਜ਼ਿਆਦਾ ਹੈ ਕਿ ਸੂਬੇ ਦਾ ਸਾਲਾਨਾ ਬਜਟ ਉਸ ਸਾਹਮਣੇ ਊਣਾ ਨਜ਼ਰ ਆਉਂਦਾ ਹੈ। ਲੁਧਿਆਣਾ ਤੋਂ ਫਿਰੋਜ਼ਪੁਰ ਤੱਕ ਸੜਕ ਦੇ ਦੋਵੇਂ ਪਾਸੇ ਅੱਧਿਓਂ ਵੱਧ ਜ਼ਮੀਨ ਵਿਕ ਚੁੱਕੀ ਹੈ। ਇਸ ਸੜਕ 'ਤੇ ਕੁਝ ਖੇਤਰ ਤਾਂ ਅਜਿਹੇ ਹਨ ਜਿੱਥੇ ਲਿੰਕ ਸੜਕਾਂ ਰਾਹੀਂ ਚਾਰ-ਚਾਰ, ਪੰਜ-ਪੰਜ ਕਿਲੋਮੀਟਰ ਅੰਦਰ ਤੱਕ ਜ਼ਮੀਨਾਂ ਵਿਕ ਗਈਆਂ ਹਨ। ਰਾਜਪੁਰਾ-ਜ਼ੀਰਕਪੁਰ ਸੜਕ ਦੇ ਆਸੇ-ਪਾਸੇ ਪੂਰੇ ਖੇਤ ਸਦਾ ਲਈ ਆਪਣੀ ਹੋਂਦ ਗੁਆ ਚੁੱਕੇ ਹਨ। ਇਸ ਪੱਖੋਂ ਪੰਜਾਬ 'ਚੋਂ ਲੰਘਦੇ ਸਾਰੇ ਕੌਮੀ ਤੇ ਸੂਬਾਈ ਸ਼ਾਹਰਾਹ ਰੈੱਡ ਜ਼ੋਨ ਵਿੱਚ ਹਨ। ਜਦੋਂ ਹਾਈਵੇਅਜ਼ ਅਤੇ ਨਵੀਆਂ ਸੜਕਾਂ ਦੀ ਨਿਸ਼ਾਨਦੇਹੀ ਹੋ ਰਹੀ ਹੁੰਦੀ ਹੈ, ਅਮੀਰ ਲੋਕ ਉਦੋਂ ਹੀ ਰੀਅਲ ਐਸਟੇਟ ਰਾਹੀਂ ਦੋ ਨੰਬਰ ਦੀਆਂ ਵੱਡੀਆਂ ਰਕਮਾਂ ਨਾਲ ਇਨ੍ਹਾਂ ਸੜਕਾਂ 'ਤੇ ਅਤੇ ਆਸੇ-ਪਾਸੇ ਦੀ ਜ਼ਮੀਨ ਖਰੀਦਣਾ ਸ਼ੁਰੂ ਕਰ ਦਿੰਦੇ ਹਨ। ਜਿਹੜੇ ਪਿੰਡਾਂ ਤੇ ਕਸਬਿਆਂ ਵਿਚੋਂ ਦੀ ਹਾਈਵੇਅਜ਼ ਉਸਾਰੀ ਅਧੀਨ ਹਨ, ਉਨ੍ਹਾਂ ਦੀਆਂ ਟੈਂਕੀਆਂ ਉੱਪਰ 'ਜ਼ਮੀਨ ਖਰੀਦਣ-ਵੇਚਣ ਲਈ ਮਿਲੋ' ਦੇ ਬੋਰਡ ਅਤੇ ਲਿਖੇ ਮੋਬਾਈਲ ਨੰਬਰ ਦੂਰੋਂ ਨਜ਼ਰ ਆਉਂਦੇ ਹਨ। ਜਦ ਸ਼ਿਕਾਰੀ ਏਨੀ ਉਚਾਈ ਤੋਂ ਸ਼ਿਸਤ ਲਾਈ ਬੈਠੇ ਹੋਣ ਫੇਰ ਖੇਤ ਕਿਵੇਂ ਬਚ ਸਕਣਗੇ। ਇਉਂ ਹੀ ਹੋਇਆ, ਵੇਖਦਿਆਂ-ਵੇਖਦਿਆਂ ਹੀ ਕਾਲੋਨੀਆਂ, ਸ਼ਾਪਿੰਗ ਮਾਲ ਤੇ ਫਾਰਮ ਹਾਊਸ ਇਨ੍ਹਾਂ ਹਾਈਵੇਅਜ਼ ਦੇ ਆਸੇ-ਪਾਸੇ ਹੋਂਦ ਵਿੱਚ ਆ ਗਏ ਹਨ। ਵੱਡੀਆਂ-ਵੱਡੀਆਂ ਕੰਪਨੀਆਂ ਦੀਆਂ ਫਰੈਂਚਾਈਜ਼ ਪਿੰਡਾਂ ਤੇ ਕਸਬਿਆਂ ਵਿੱਚ ਪੁੱਜ ਗਈਆਂ ਹਨ। ਸੂਬੇ ਵਿੱਚ ਇੱਕ-ਤਿਹਾਈ ਗਿਣਤੀ ਬਹੁਤ ਛੋਟੇ ਅਤੇ ਛੋਟੇ ਕਿਸਾਨਾਂ ਦੀ ਹੈ ਜਿਨ੍ਹਾਂ ਕੋਲ 2 ਹੈਕਟੇਅਰ ਤੋਂ ਘੱਟ ਜ਼ਮੀਨ ਹੈ। ਅਜਿਹੇ ਖੇਤਾਂ ਵਿੱਚੋਂ ਜਦ ਛੇ-ਲੇਨ ਹਾਈਵੇਅਜ਼ ਲੰਘਦੇ ਹਨ ਤਾਂ ਬਾਕੀ ਬਚੀ ਜ਼ਮੀਨ ਖੇਤੀਯੋਗ ਨਹੀਂ ਰਹਿੰਦੀ। ਹਾਈਵੇਅ ਲੰਘਣ ਨਾਲ ਅਕਸਰ ਜ਼ਮੀਨ ਟੁਕੜਿਆਂ ਵਿੱਚ ਵੰਡੀ ਜਾਂਦੀ ਹੈ। ਗ੍ਰਹਿਣ ਕੀਤੀ ਜਾ ਰਹੀ ਜ਼ਮੀਨ ਦੀ ਕੀਮਤ ਦਾ ਫ਼ੈਸਲਾ ਇੱਕ ਫਾਰਮੂਲੇ ਤਹਿਤ ਕੀਤਾ ਜਾਂਦਾ ਹੈ ਜਿਸ ਵਿੱਚ ਉਜਾੜਾ ਭੱਤਾ ਵੀ ਸ਼ਾਮਲ ਹੈ ਪਰ ਕਿਰਤ ਤੋਂ ਉਜਾੜੇ ਕਿਸਾਨਾਂ ਲਈ ਸਿਰਫ਼ ਭੱਤੇ ਹੀ ਕਾਫ਼ੀ ਨਹੀਂ ਹੁੰਦੇ। ਘਰ ਦੂਜੀ ਥਾਂ ਬੰਨ੍ਹਣਾ ਸੌਖਾ ਹੈ ਪਰ ਖੇਤ ਨੂੰ ਦੂਜੀ ਥਾਂ ਵਸਾਉਣਾ ਅਤਿਅੰਤ ਔਖਾ ਹੈ। ਅਜਿਹੀ ਸਥਿਤੀ ਦਾ ਸਾਹਮਣਾ ਕਰਦੇ ਬਹੁਤੇ ਪਰਿਵਾਰ ਛੇਤੀ ਹੀ ਜ਼ਿੰਦਗੀ ਦੇ ਸਫ਼ਰ ਤੋਂ ਬਾਹਰ ਹੋ ਜਾਂਦੇ ਹਨ। ਨਵੀਂ ਥਾਂ 'ਤੇ ਜ਼ਮੀਨ ਖਰੀਦਦਿਆਂ ਉਨ੍ਹਾਂ ਦਾ ਸਾਹਮਣਾ ਅਚਾਨਕ ਅਜਿਹੇ ਲੋਕਾਂ ਨਾਲ ਹੋ ਜਾਂਦਾ ਹੈ ਜਿਨ੍ਹਾਂ ਕੋਲ ਕਾਲਾ ਧਨ ਵੀ ਹੈ ਅਤੇ ਉਨ੍ਹਾਂ ਨੂੰ 'ਗੱਠਜੋੜ' ਦੀ ਸਹਾਇਤਾ ਪ੍ਰਾਪਤ ਹੈ। ਭੂਮੀ ਗ੍ਰਹਿਣ ਕਾਨੂੰਨ ਤਹਿਤ ਸਬੰਧਿਤ ਪਰਿਵਾਰਾਂ 'ਤੇ ਉਜਾੜੇ ਦੇ ਪ੍ਰਭਾਵਾਂ ਨੂੰ ਜਾਣਨ ਲਈ ਸਮਾਜਿਕ-ਆਰਥਿਕ ਪ੍ਰਭਾਵ ਸਰਵੇਖਣ ਕਰਵਾਉਣ ਦੀ ਤਜਵੀਜ਼ ਵੀ ਹੈ। ਇਸ ਯਤਨ ਦਾ ਮਕਸਦ ਗ੍ਰਹਿਣ ਕੀਤੀ ਗਈ ਜ਼ਮੀਨ ਤੋਂ ਉੱਜੜੇ ਪਰਿਵਾਰਾਂ ਦੀ ਜ਼ਿੰਦਗੀ ਦੇ ਅਗਲੇ ਸਫ਼ਰ ਦੇ ਹਾਲਾਤ ਜਾਣਨ ਅਤੇ ਰਿਪੋਰਟ ਕਰਨ ਤੱਕ ਸੀਮਤ ਹੈ। ਦੂਜੇ ਪਾਸੇ, ਕਿਸਾਨ ਪਰਿਵਾਰਾਂ ਵੱਲੋਂ ਵਿਆਹਾਂ 'ਤੇ ਵੱਡੇ ਖਰਚਿਆਂ ਅਤੇ ਹੁਣ ਆਈਲੈਟਸ ਦੀ ਲੋੜ ਨੇ ਜ਼ਮੀਨ ਨੂੰ ਵਸਤਾਂ ਵਾਂਗ ਵਿਕਣ ਦੇ ਰਾਹ ਪਾਇਆ। ਅਜਿਹੇ ਹਾਲਾਤ ਕਿਰਤੀਆਂ ਤੇ ਕਾਮਿਆਂ ਲਈ ਬਦਕਿਸਮਤੀ ਹਨ। ਜ਼ਮੀਨ ਪੁਸ਼ਤਾਂ ਦਾ ਰੁਜ਼ਗਾਰ ਹੈ। ਪਾਣੀ ਤੇ ਵਾਤਾਵਰਣ ਵਾਂਗ ਜ਼ਮੀਨ ਕੁਦਰਤ ਦਾ ਵੱਡਮੁੱਲਾ ਤੋਹਫ਼ਾ ਹੈ। ਜ਼ਮੀਨ ਮਨੁੱਖ ਤੇ ਹਰ ਜੀਵ ਲਈ ਖ਼ੁਰਾਕ ਦਾ ਅਧਾਰ ਹੈ। ਭੋਜਨ ਦੀ ਬਰਬਾਦੀ ਨੂੰ ਰੋਕਣ ਲਈ ਮਾਵਾਂ ਬਚਪਨ ਵਿੱਚ ਸੁਚੇਤ ਕਰਦੀਆਂ ਸਨ ਕਿ ਜੋ ਲੂਣ ਡੋਲ੍ਹੇਗਾ ਉਸ ਨੂੰ ਅਗਲੇ ਜਨਮ ਵਿੱਚ ਅੱਖਾਂ ਦੀਆਂ ਪਲਕਾਂ ਨਾਲ ਚੁਗਣਾ ਪਵੇਗਾ। ਜ਼ਮੀਨ ਤੇ ਮਾਂ ਮਿੱਟੀ, ਜਿਸ ਨੂੰ ਅਸੀਂ ਬੇਫ਼ਿਕਰ ਹੋ ਕੇ ਵੇਚੀ ਜਾ ਰਹੇ ਹਾਂ, ਦਾ ਕਣ-ਕਣ ਇਸੇ ਜਨਮ ਵਿੱਚ ਚੁਗਣਾ ਪਵੇਗਾ।

ਪਾਣੀ ਵਿੱਚ ਪਤਾਸਿਆਂ ਦੀ ਹੋਂਦ ਵਾਂਗ ਵੱਡੇ ਸ਼ਹਿਰਾਂ ਨੇ ਕਈ ਪਿੰਡਾਂ ਨੂੰ ਆਪਣੇ ਵਿੱਚ ਸਮੋ ਲਿਆ ਹੈ। ਸਮੇਂ ਨੇ ਲੁਧਿਆਣਾ ਸ਼ਹਿਰ ਦੇ 100 ਤੋਂ ਵੱਧ ਪਿੰਡਾਂ ਦੀ ਹੋਂਦ ਨੂੰ ਖ਼ਤਮ ਕਰ ਦਿੱਤਾ ਹੈ। ਬਾੜੇਵਾਲ, ਸੁਨੇਤ, ਜਵੱਦੀ, ਲੋਹਾਰਾ, ਦੁੱਗਰੀ, ਫੁੱਲਾਂਵਾਲ, ਕਾਰਾਬਾਰਾ, ਰਾਜਪੁਰਾ, ਗੁਰੂਨਾਨਕਪੁਰਾ, ਹੈਬੋਵਾਲ ਜਿਹੇ ਕਈ ਪਿੰਡਾਂ ਦੀ ਹੋਂਦ ਲੁਧਿਆਣੇ ਸ਼ਹਿਰ ਵਿੱਚ ਖ਼ਤਮ ਹੋ ਚੁੱਕੀ ਹੈ। ਵਧਦੀ ਅਬਾਦੀ ਦੇ ਦਬਾਅ ਨੇ ਕਈ ਪਿੰਡਾਂ ਦੀ ਛੋਟੀ-ਛੋਟੀ ਯਾਦ ਹੀ ਪਿੱਛੇ ਛੱਡੀ ਹੈ। ਢੋਲੇਵਾਲ ਪਿੰਡ ਨੇੜੇ ਇੱਕ ਚੌਕ ਦਾ ਨਾਮ 'ਢੋਲੇਵਾਲ ਚੌਕ' ਹੈ। ਸਮੇਂ ਨੇ ਘੁੱਗ ਵਸਦੇ ਟਿੱਬਾ ਪਿੰਡ ਨੂੰ ਟਿੱਬਾ ਰੋਡ ਤੱਕ ਸੀਮਤ ਕਰ ਦਿੱਤਾ ਹੈ। ਹਜ਼ਾਰ-ਹਜ਼ਾਰ ਏਕੜ ਵਾਲੇ ਇਨ੍ਹਾਂ ਪਿੰਡਾਂ ਦੇ ਖੇਤ ਕਿੱਥੇ ਚਲੇ ਗਏ? ਬਹੁਤ ਸਾਰੀਆਂ ਨਵੀਆਂ ਸੜਕਾਂ (2019-20) ਵਿਛਾਉਣ ਨਾਲ ਸ਼ਹਿਰਾਂ ਦੁਆਲੇ ਖੇਤ ਖ਼ਤਮ ਹੋਣ ਦੀ ਰਫ਼ਤਾਰ ਵਿੱਚ ਤੇਜ਼ੀ ਆਈ ਹੈ।

ਖੇਤਾਂ ਵਿਚੋਂ ਦੀ ਨਵੇਂ ਬਣ ਰਹੇ ਹਾਈਵੇਅਜ਼, ਬਾਈਪਾਸ ਤੇ ਲਿੰਕ ਸੜਕਾਂ ਨੇ ਵਪਾਰੀਆਂ ਅਤੇ ਕਾਰੋਬਾਰੀਆਂ ਲਈ ਟੈਕਸ ਚੋਰੀ ਦੇ ਹਾਲਾਤ ਹੋਰ ਅਨੁਕੂਲ ਕਰ ਦਿੱਤੇ ਹਨ। ਰੀਅਲ ਐਸਟੇਟ ਰਾਹੀਂ ਆਸੇ-ਪਾਸੇ ਦੀਆਂ ਜ਼ਮੀਨਾਂ ਵਿੱਚ ਪੈਸੇ ਲਾ ਕੇ ਉਹ ਵੱਡੀ ਪੱਧਰ 'ਤੇ ਹੋਰ ਜ਼ਮੀਨਾਂ ਖਰੀਦ ਲੈਂਦੇ ਹਨ। ਇਉਂ ਪੰਜਾਬ ਦੀਆਂ ਮੁੱਖ ਸੜਕਾਂ ਦੇ ਆਸੇ-ਪਾਸੇ ਵਾਲੇ ਖੇਤ ਲਗਭਗ ਖ਼ਤਮ ਹੋ ਚੁੱਕੇ ਹਨ। 'ਲੁਧਿਆਣਾ ਸਦਰਨ ਬਾਈਪਾਸ' ਦੋਰਾਹੇ ਤੋਂ ਲਾਢੂਵਾਲ ਤੱਕ ਨੈਸ਼ਨਲ ਹਾਈਵੇਅ 1 ਨੂੰ ਲੁਧਿਆਣਾ ਸ਼ਹਿਰ ਤੋਂ ਬਾਈਪਾਸ ਕਰਦਾ ਹੈ। ਇਸ ਸੜਕ 'ਤੇ ਸਫ਼ਰ ਕਰਦਿਆਂ ਬਾਈਪਾਸ ਦੇ ਆਸੇ-ਪਾਸੇ ਜ਼ਮੀਨ ਦੀ ਖਪਤਕਾਰੀ ਤੇ ਇਮਾਰਤਾਂ ਦੀ ਉਸਾਰੀ ਇਸ ਸਥਿਤੀ ਨੂੰ ਪੂਰਨ ਸਪੱਸ਼ਟ ਕਰਦੀ ਹੈ। ਉੱਘਾ ਲੇਖਕ ਖ਼ੁਸ਼ਵੰਤ ਸਿੰਘ ਆਪਣੀ ਕਿਤਾਬ 'ਹਿਸਟਰੀ ਆਫ ਦਿ ਸਿੱਖਜ਼' ਵਿੱਚ ਲਿਖਦਾ ਹੈ ਕਿ ਜਦ ਬਾਰਾਂ ਆਬਾਦ ਹੋਈਆਂ ਤੇ ਨਹਿਰਾਂ ਦਾ ਪਾਣੀ ਖੇਤਾਂ ਵਿੱਚ ਪੈਣ ਲੱਗਾ ਤਾਂ ਦਸ ਰੁਪਏ ਏਕੜ ਵਾਲੇ ਖੇਤ ਦੀ ਕੀਮਤ ਸੌ ਰੁਪਏ ਪ੍ਰਤੀ ਏਕੜ ਹੋ ਗਈ ਸੀ। ਸਦਰਨ ਲੁਧਿਆਣਾ ਬਾਈਪਾਸ 'ਤੇ ਇੱਕ ਕਰੋੜ ਪ੍ਰਤੀ ਏਕੜ ਵਾਲੀ ਜ਼ਮੀਨ ਦੀ ਕੀਮਤ ਦਸ ਕਰੋੜ ਪ੍ਰਤੀ ਏਕੜ ਤੱਕ ਅੱਪੜ ਗਈ ਹੈ। ਪੈਦਾਵਾਰ ਵਧਣ ਕਾਰਨ ਉਹ ਉਛਾਲ ਜ਼ਮੀਨੀ ਸੀ, ਇਹ ਉਛਾਲ ਅਸਮਾਨੀ ਹੈ। ਇਹ ਉਛਾਲ ਅਸੁਭਾਵਿਕ ਵੀ ਹੈ ਅਤੇ ਇਸ ਦੀ ਤਿੰਨ-ਚੌਥਾਈ ਤੋਂ ਵੱਧ ਕੀਮਤ ਕੱਚੇ ਰਾਹਾਂ 'ਤੇ ਸਫ਼ਰ ਕਰਦੀ ਹੈ।

ਧਰਤੀ ਨੂੰ ਮਾਂ ਦਾ ਦਰਜਾ ਹਾਸਲ ਹੈ। ਜਿਹੜੀ ਧਰਤੀ ਮਾਂ ਸਭ ਜੀਵਾਂ ਨੂੰ ਪਾਲਦੀ ਹੈ, ਉਸੇ ਧਰਤੀ ਨੂੰ ਅਮੀਰ ਲੋਕਾਂ ਵੱਲੋਂ ਕਾਲਾ ਧਨ ਛੁਪਾਉਣ ਲਈ ਵਰਤਿਆ ਜਾ ਰਿਹਾ ਹੈ। ਇਹ ਧਰਤੀ ਮਾਂ ਦੇ ਮੱਥੇ 'ਤੇ ਕਲੰਕ ਹੈ। ਕਿਰਤੀ, ਕਾਮੇ ਤੇ ਕਿਸਾਨ ਇਸੇ ਅਵਸਥਾ 'ਤੇ ਜ਼ਿੰਦਗੀ ਦੇ ਹਾਸ਼ੀਏ ਤੋਂ ਬਾਹਰ ਡਿੱਗ ਜਾਂਦੇ ਹਨ, ਖ਼ੁਦਕੁਸ਼ੀਆਂ ਇਸੇ ਸਥਿਤੀ ਦੀ ਉਪਜ ਹਨ। 'ਚਿਪਕੋ' ਅੰਦੋਲਨ ਜਿਹੀ ਭਾਵਨਾ ਇਸ ਸਮੇਂ ਧਰਤੀ ਮਾਂ ਦੀ ਪੁਕਾਰ ਹੈ।

# ਬੈਂਕ ਆਫ਼ ਕੈਨੇਡਾ ਨੇ ਛੇਵੀਂ ਵਾਰ ਵਿਆਜ਼ ਦਰਾਂ ਸਥਿਰ ਰੱਖਣ ਦਾ ਫੈਸਲਾ ਲਿਆ




ਬੈਂਕ ਆਫ਼ ਕੈਨੇਡਾ ਨੇ ਬੀਤੇ ਕੱਲ੍ਹ ਇੱਕ ਵਾਰ ਫਿਰ ਵਿਆਜ ਦਰ ਵਿਚ ਵਾਧਾ ਨਹੀਂ ਕੀਤਾ ਤੇ ਇਸਨੂੰ 5% 'ਤੇ ਬਰਕਰਾਰ ਰੱਖਣ ਦਾ ਫੈਸਲਾ ਲਿਆ ਹੈ।

ਇਹ ਲਗਾਤਾਰ ਛੇਵੀਂ ਵਾਰੀ ਹੈ ਜਦੋਂ ਵਿਆਜ ਦਰ ਵਿਚ ਤਬਦੀਲੀ ਨਹੀਂ ਕੀਤੀ ਗਈ ਹੈ। ਪਰ ਲੋਕਾਂ ਨੂੰ ਉਮੀਦ ਸੀ ਕਿ ਬੈਂਕ ਆਫ਼ ਕੈਨੇਡਾ ਜਲਦ ਹੀ ਵਿਆਜ਼ ਦਰਾਂ ਵਿੱਚ ਕਟੌਤੀ ਕਰੇਗਾ ਪਰ ਅਜਿਹਾ ਕੁਝ ਇਸ ਵਰ ਵੀ ਵੇਖਣ ਨੂੰ ਨਹੀਂ ਮਿਲਿਆ। ਬੈਂਕ ਆਫ਼ ਕੈਨੇਡਾ ਨੇ ਫਿਰ ਉਹੀ ਪੁਰਾਣਾ ਰਾਗ ਅਲਾਪਦਿਆਂ ਕਿਹਾ ਕਿ ਉਹ ਮਹਿੰਗਾਈ ਦਰ 'ਤੇ ਨਜ਼ਰ ਰੱਖ ਰਿਹਾ ਹੈ ਅਤੇ ਜੇਕਰ ਮਹਿੰਗਾਈ ਦਰ ਵੱਧਦੀ ਵੀ ਹੈ ਤਾਂ ਵਿਆਜ਼ ਦਰਾਂ 'ਚ ਵਾਧਾ ਫਿਲਹਾਲ ਨਹੀਂ ਕੀਤਾ ਜਾਵੇਗਾ। ਇੱਕ ਸਵਾਲ ਦਾ ਜਵਾਬ ਦਿੰਦੇ ਹੋਏ ਬੈਂਕ ਆਫ਼ ਕੈਨੇਡਾ ਦੇ ਗਵਰਨਰ ਟਿਫ ਮੈਕਲਮ ਨੇ ਕਿਹਾ ਕਿ ਜੂਨ ਮਹੀਨੇ ਵਿਆਜ਼ ਦਰਾਂ ਵਿੱਚ ਕਟੌਤੀ ਕੀਤੇ ਜਾਣ ਦੀ ਸੰਭਾਵਨਾ ਕੀਤੀ ਜਾ ਸਕਦੀ ਹੈ।

ਜ਼ਿਕਰਯੋਗ ਹੈ ਕਿ ਕੇਂਦਰੀ ਬੈਂਕ ਨੇ ਆਖ਼ਰੀ ਵਾਰੀ ਜੁਲਾਈ 2023 ਵਿਚ ਵਿਆਜ ਦਰ ਵਿਚ ਵਾਧਾ ਕੀਤਾ ਸੀ।

ਮੈਕਲੇਮ ਨੇ ਕਿਹਾ ਕਿ ਜਨਵਰੀ ਤੋਂ ਆਰਥਿਕ ਅੰਕੜਿਆਂ ਨੇ ਕੇਂਦਰੀ ਬੈਂਕ ਦੇ ਵਿਸ਼ਵਾਸ ਨੂੰ ਵਧਾਇਆ ਹੈ ਕਿ ਆਰਥਿਕ ਵਿਕਾਸ ਦੇ ਵਧਣ ਦੇ ਬਾਵਜੂਦ ਮਹਿੰਗਾਈ ਹੌਲੀ ਰਹੇਗੀ।

ਭਾਵੇਂ ਫਰਵਰੀ ਵਿੱਚ ਵਸਤੂਆਂ, ਭੋਜਨ, ਕੱਪੜੇ ਅਤੇ ਸੇਵਾਵਾਂ ਵਿੱਚ ਕੀਮਤਾਂ ਵਿਚ ਨਰਮਾਈ ਨੇ ਮਹਿੰਗਾਈ ਦਰ 2.8 ਪ੍ਰਤੀਸ਼ਤ ਤੱਕ ਨਰਮ ਕਰ ਦਿਤੀ ਸੀ, ਪਰ ਉੱਚੇ ਕਿਰਾਏ ਅਤੇ ਮੌਰਗੇਜ ਦੀ ਵਿਆਜ ਲਾਗਤ ਸਮੁੱਚੀ ਮਹਿੰਗਾਈ ਦਰ ਨੂੰ ਅੱਗੇ ਵਧਾਉਂਦੀ ਰਹੀ ਹੈ।

ਬੈਂਕ ਆਫ਼ ਕੈਨੇਡਾ ਦਾ ਅਨੁਮਾਨ ਹੈ ਕਿ 2025 ਵਿਚ ਮਹਿੰਗਾਈ ਦਰ 2% ਦੇ ਟੀਚੇ ਦੇ ਨੇੜੇ-ਤੇੜੇ ਪਹੁੰਚ ਜਾਵੇਗੀ।

ਮਹਿੰਗਾਈ ਦਰ 2022 ਦੀਆਂ ਗਰਮੀਆਂ ਦੌਰਾਨ 8.1% 'ਤੇ ਰਿਕਾਰਡ ਪੱਧਰ ਤੋਂ ਘਟ ਕੇ ਸਤੰਬਰ ਮਹੀਨੇ 3.8% ਦਰਜ ਹੋਈ ਹੈ। ਬੈਂਕ ਦੇ ਦ੍ਰਿਸ਼ਟੀਕੋਣ ਤੋਂ, ਮਹਿੰਗਾਈ ਸਹੀ ਦਿਸ਼ਾ ਵੱਲ ਜਾ ਰਹੀ ਜਾਪਦੀ ਹੈ, ਪਰ ਬੈਂਕ ਨੇ ਸਪੱਸ਼ਟ ਕੀਤਾ ਹੈ ਕਿ ਉਸਨੂੰ ਨਹੀਂ ਲੱਗਦਾ ਕਿ ਮਹਿੰਗਾਈ ਅਜੇ ਪੂਰੀ ਤਰ੍ਹਾਂ ਕਾਬੂ 'ਚ ਹੈ। This report was written by Ekjot Singh as part of the Local Journalism Initiative.

# ਜੰਗਲੀ ਅੱਗਾਂ ਨੂੰ ਰੋਕਣ ਲਈ ਕੀਤੀ ਪੂਰੀ ਤਿਆਰੀ : ਹਰਜੀਤ ਸਿੰਘ ਸੱਜਣ



**ਸਰੀ, (ਏਕਜੋਤ ਸਿੰਘ):** ਪਿਛਲੇ ਸਾਲ ਬੀ.ਸੀ. ਦੇ ਜੰਗਲਾਂ ਵਿੱਚ ਲੱਗੀ ਰਿਕਾਰਡ ਤੋੜ ਅੱਗ ਤੋਂ ਬਾਅਦ ਕਈ ਮਹੀਨੇ ਲੋਕਾਂ ਨੂੰ ਸੋਕੇ ਦਾ ਸਾਹਮਣਾ ਵੀ ਕਰਨਾ ਪਿਆ ਅਤੇ ਹੁਣ ਗਰਮੀ ਵੱਧਣ ਤੋਂ ਬਾਅਦ ਜਲਵਾਯੂ ਮਹਿਰਾਂ ਵਲੋਂ ਚਿਤਾਵਨੀ ਜਾਰੀ ਕੀਤੀ ਗਈ ਹੈ ਕਿ ਆਉਣ ਵਾਲੇ ਕੁਝ ਮਹੀਨੇ ਪਿਛਲੇ ਸਾਲ ਤੋਂ ਵੀ ਵੱਧ ਖਤਰਨਾਕ ਹੋ ਸਕੇ ਹਨ ਜੇਕਰ ਇਸ ਸਬੰਧੀ ਪਹਿਲਾਂ ਤੋਂ ਕੋਈ ਕਦਮ ਨਾ ਚੁੱਕੇ ਗਏ।

ਐਮਰਜੈਂਸੀ ਮਾਮਲਿਆਂ ਸਬੰਧੀ ਫੈਡਰਲ ਮੰਤਰੀ ਹਰਜੀਤ ਸੱਜਣ ਨੇ ਬੀਤੇ ਕੱਲ੍ਹ ਇੱਕ ਨਿਊਜ਼ ਕਾਨਫਰੰਸ ਦੌਰਾਨ ਦੱਸਿਆ, ਕਿ "ਜੰਗਲ ਦੀ ਅੱਗ ਦਾ ਸੀਜ਼ਨ ਜਲਦੀ ਸ਼ੁਰੂ ਹੋਣ ਵਾਲਾ ਹੈ, ਜਿਸ ਦਾ ਪਹਿਲਾਂ ਨਾਲੋਂ ਵੀ ਵੱਧ ਖਤਰਨਾਕ ਹੋਣ ਦਾ ਖਦਸ਼ਾ ਜਤਾਇਆ ਗਿਆ ਹੈ ਪਰ ਅਸੀਂ ਪੂਰੀ ਤਿਆਰੀ 'ਚ ਹਾਂ"

ਜ਼ਿਕਰਯੋਗ ਹੈ ਕਿ 2023 ਦਾ ਅੱਗ ਦਾ ਸੀਜ਼ਨ ਕੈਨੇਡਾ ਦੇ ਰਿਕਾਰਡਾਂ ਵਿਚੋਂ ਸਭ ਤੋਂ ਭੈੜਾ ਸੀ, ਜਿਸ ਨੇ 15 ਮਿਲੀਅਨ ਹੈਕਟੇਅਰ ਤੋਂ ਵੱਧ ਜੰਗਲਾਂ ਨੂੰ ਸਾੜ ਦਿੱਤਾ ਅਤੇ 230,000 ਤੋਂ ਵੱਧ ਲੋਕਾਂ ਨੂੰ ਘਰ ਛਡਣ ਲਈ ਮਜ਼ਬੂਰ ਹੋਣਾ ਪਿਆ। ਇਸ ਦੇ ਨਾਲ ਹੀ ਜੰਗਲੀ ਅੱਗ ਕਾਰਨ ਉੱਠੇ ਧੂੰਏ ਕਾਰਨ ਜਿਥੇ ਬੀ.ਸੀ. ਦੇ ਲੋਕ ਪ੍ਰੇਸ਼ਾਨ ਹੋ ਰਹੇ ਸਨ ਉਥੇ ਹੀ ਕੈਨੇਡਾ ਦੀ ਸਰਹੱਦ ਨਾਲ ਲਗਦੇ ਅਮਰੀਕਾ ਦੇ ਵੀ ਸੂਬੇ ਜੰਗਲੀ ਅੱਗ ਕਾਰਨ ਉਠੇ ਧੂੰਏ ਤੋਂ ਕਾਰਨ ਕਈ ਮਹੀਨੇ ਪ੍ਰੇਸ਼ਾਨੀ ਵਿੱਚ ਰਹੇ ਸਨ। ਇੱਕ ਜਾਰੀ ਹੋਈ ਰਿਪੋਰਟ 'ਚ ਖਦਸ਼ਾ ਜਤਾਇਆ ਗਿਆ ਹੈ ਕਿ ਬਸੰਤ ਰੁੱਤ ਤੋਂ ਬਾਅਦ ਅਪ੍ਰੈਲ ਅਤੇ ਮਈ ਮਹੀਨਿਆਂ ਦੌਰਾਨ ਕਿਊਬਿਕ ਤੋਂ ਬ੍ਰਿਟਿਸ਼ ਕੋਲੰਬੀਆ ਤੱਕ ਕਿਸੇ ਵੇਲੇ ਵੀ ਜੰਗਲੀ ਅੱਗ ਭੜਕ ਸਕਦੀ ਹੈ ਜਿਸ ਦੇ ਹੱਲ ਲਈ ਸਮੇਂ ਤੋਂ ਪਹਿਲਾਂ ਕਦਮ ਚੁੱਕੇ ਜਾਣਗੇ ਬੇਹੱਦ ਲਾਜ਼ਮੀ ਹਨ।

ਤਾਜ਼ਾ ਰਿਪੋਰਟਾਂ ਅਨੁਸਾਰ ਕੈਨੇਡਾ ਦੇ ਅਲਬਰਟਾ ਸੂਬੇ ਵਿੱਚ 70 ਦੇ ਕਰੀਬ ਥਾਂਵਾਂ 'ਤੇ ਹੁਣ ਵੀ ਜੰਗਲੀ ਅੱਗ ਲੱਗੀ ਹੋਈ ਹੈ।

ਨੈਚੁਰਲ ਰਿਸੋਰਸਜ਼ ਕੈਨੇਡਾ ਵਿਖੇ ਉੱਤਰੀ ਜੰਗਲਾਤ ਕੇਂਦਰ ਦੇ ਡਾਇਰੈਕਟਰ ਜਨਰਲ ਮਾਈਕਲ ਨੌਰਟਨ ਨੇ ਕਿਹਾ ਕਿ ਬਸੰਤ ਰੁੱਤ ਵਿੱਚ ਅੱਗ ਲੱਗਣ ਦਾ ਮੁੱਖ ਕਾਰਨ ਮਨੁੱਖੀ ਗਤੀਵਿਧੀ ਜ਼ਿਆਦਾ ਹੁੰਦੀਆਂ ਹਨ। ਜਿਸ ਵਿੱਚ ਲਾਪਰਵਾਹੀ ਨਾਲ ਅੱਗ ਬਾਲਣੀ, ਕੈਂਪਫਾਇਰ, ਆਤਿਸ਼ਬਾਜ਼ੀ, ਅਤੇ ਜ਼ਮੀਨ 'ਤੇ ਘਾਹ ਜਾਂ ਹੋਰ ਮਲਬੇ ਨੂੰ ਅੱਗ ਲਾਉਣੀ ਆਦਿ ਕਾਰਨ ਸ਼ਾਮਲ ਹਨ। ਹਰਜੀਤ ਸਿੰਘ ਸੱਜਣ ਨੇ ਕਿਹਾ ਕਿ ਕੈਨੇਡਾ ਆਉਣ ਵਾਲੇ ਇਸ ਸੀਜ਼ਨ ਦੀ ਤਿਆਰੀ ਲਈ ਪਿਛਲੇ ਮਹੀਨਿਆਂ ਤੋਂ ਕੰਮ ਕਰ ਰਿਹਾ ਹੈ, ਅਤੇ ਅੱਗ ਬੁਝਾਉਣ ਵਾਲੇ ਉਪਕਰਨਾਂ ਅਤੇ ਸਿਖਲਾਈ ਲਈ ਵਾਧੂ ਫੰਡ ਵੀ ਦਿੱਤੇ ਗਏ ਹਨ।

ਔਟਵਾ ਵਾਲੰਟੀਅਰ ਫਾਇਰਫਾਈਟਰਾਂ ਲਈ ਟੈਕਸ ਕ੍ਰੈਡਿਟ ਨੂੰ $3,000 ਤੋਂ $6,000 ਤੱਕ ਦੁੱਗਣਾ ਕਰਕੇ ਡੈੱਕ 'ਤੇ ਹੋਰ ਸਮਾਨ ਦੀ ਲੋੜ ਲਈ ਮਦਦ ਦੇ ਰਿਹਾ ਹੈ। ਕੈਨੇਡੀਅਨ ਐਸੋਸੀਏਸ਼ਨ ਆਫ਼ ਫਾਇਰ ਚੀਫ਼ਜ਼ ਦੇ ਪ੍ਰਧਾਨ ਕੇਨ ਮੈਕਮੁਲਨ ਨੇ ਕਿਹਾ ਕਿ ਉਹ ਔਟਾਵਾ ਵੱਲੋਂ ਵਾਲੰਟੀਅਰਾਂ ਦੇ ਮਹੱਤਵਪੂਰਨ ਕੰਮ ਨੂੰ ਸਵੀਕਾਰ ਕਰਦੇ ਹੋਏ ਉਹ ਬਹੁਤ ਖੁਸ਼ ਹਨ। This report was written by Ekjot Singh as part of the Local Journalism Initiative.






# ਮਨੁੱਖ ਕੋਲ ਦੁਨੀਆ ਬਚਾਉਣ ਲਈ ਸਿਰਫ਼ ਦੋ ਸਾਲ: ਸਾਈਮਨ ਸਟੀਲ

**ਸੰਯੁਕਤ ਰਾਸ਼ਟਰ ਦੀ ਜਲਵਾਯੂ ਏਜੰਸੀ ਨੇ ਉਪਰਾਲੇ ਤੇਜ਼ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ**

ਆਕਸਫੋਰਡ : ਸੰਯੁਕਤ ਰਾਸ਼ਟਰ ਜਲਵਾਯੂ ਏਜੰਸੀ ਦੇ ਮੁਖੀ ਨੇ ਕਿਹਾ ਕਿ ਗਰੀਨ ਹਾਊਸ ਗੈਸਾਂ ਦੀ ਨਿਕਾਸੀ ਦੇ ਰਾਹ ਵਿੱਚ ਵੱਡੀ ਪੱਧਰ 'ਤੇ ਅੜਿੱਕਾ ਡਾਹ ਕੇ ਮਨੁੱਖਤਾ ਕੋਲ ਦੁਨੀਆ ਬਚਾਉਣ ਲਈ ਸਿਰਫ਼ ਦੋ ਸਾਲ ਹਨ ਅਤੇ ਇਸ ਵੱਡੀ ਤਬਦੀਲੀ ਲਈ ਫੰਡ ਇਕੱਠਾ ਕਰਨ ਸਬੰਧੀ ਕਾਰਵਾਈ ਕਰਨ ਵਾਸਤੇ ਵੀ ਬਹੁਤ ਘੱਟ ਸਮਾਂ ਹੈ।

ਦੁਨੀਆ ਦੀਆਂ ਸਰਕਾਰਾਂ ਕੋਲ ਜ਼ਹਿਰੀਲੀਆਂ ਗੈਸਾਂ ਦਾ ਪ੍ਰਦੂਸ਼ਣ ਰੋਕਣ ਲਈ ਨਵੀਆਂ ਤੇ ਮਜ਼ਬੂਤ ਯੋਜਨਾਵਾਂ ਬਣਾਉਣ ਵਾਸਤੇ 2025 ਤੱਕ ਦੀ ਮੋਹਲਤ ਹੈ। ਵਿਸ਼ਵ ਦੀ ਤਕਰੀਬਨ ਅੱਧੀ ਆਬਾਦੀ ਇਸ ਸਾਲ ਹੋਣ ਵਾਲੀਆਂ ਚੋਣਾਂ ਵਿੱਚ ਵੋਟਾਂ ਪਾਉਣ ਜਾ ਰਹੀ ਹੈ ਅਤੇ ਇਸੇ ਮਹੀਨੇ ਦੇ ਅਖ਼ੀਰ ਵਿੱਚ ਵਾਸ਼ਿੰਗਟਨ ਵਿੱਚ ਅਹਿਮ ਆਲਮੀ ਵਿੱਤੀ ਮੀਟਿੰਗਾਂ ਹੋਣ ਜਾ ਰਹੀਆਂ ਹਨ।

ਸੰਯੁਕਤ ਰਾਸ਼ਟਰ ਦੇ ਕਾਰਜਕਾਰੀ ਜਲਵਾਯੂ ਮੁਖੀ ਸਾਈਮਨ ਸਟੀਲ ਨੇ ਕਿਹਾ ਕਿ ਉਹ ਜਾਣਦੇ ਹਨ ਕਿ ਉਨ੍ਹਾਂ ਦੀ ਚਿਤਾਵਨੀ ਡਰਾਮੇਬਾਜ਼ੀ ਲੱਗ ਸਕਦੀ ਹੈ ਪਰ ਉਨ੍ਹਾਂ ਕਿਹਾ ਕਿ ਅਗਲੇ ਦੋ ਸਾਲਾਂ



ਵਿੱਚ ਕਦਮ ਉਠਾਉਣੇ ਬਹੁਤ ਜ਼ਰੂਰੀ ਹਨ। ਉਨ੍ਹਾਂ ਕਿਹਾ, ''ਸਾਡੇ ਕੋਲ ਨਵੀਂ ਪੀੜ੍ਹੀ ਦੀਆਂ ਕੌਮੀ ਜਲਵਾਯੂ ਯੋਜਨਾਵਾਂ ਰਾਹੀਂ ਗਰੀਨ ਹਾਊਸ ਗੈਸਾਂ ਦੇ ਨਿਕਾਸ ਨੂੰ ਰੋਕਣ ਦਾ ਮੌਕਾ ਹੈ।'' ਉਹ ਲੰਡਨ ਵਿੱਚ ਚੈਟਮ ਹਾਊਸ ਵਿੱਚ ਭਾਸ਼ਣ ਦੇ ਰਹੇ ਸਨ। ਉਨ੍ਹਾਂ ਕਿਹਾ ਕਿ ਜਲਵਾਯੂ ਬਦਲਾਅ ਸਬੰਧੀ ਉਪਰਾਲੇ ਕਰਨਾ ਸਿਰਫ਼ ਤਾਕਤਵਰ ਲੋਕਾਂ ਦਾ ਕੰਮ ਨਹੀਂ ਹੈ। ਉਨ੍ਹਾਂ ਕਿਹਾ, ''ਅਸਲ ਵਿੱਚ ਕਿਨ੍ਹਾਂ ਕੋਲ ਇਹ ਦੁਨੀਆ ਬਚਾਉਣ ਲਈ ਦੋ ਸਾਲ ਦਾ ਸਮਾਂ ਹੈ? ਜਵਾਬ ਹੈ ਇਸ ਗ੍ਰਹਿ ਦੇ ਹਰੇਕ ਵਿਅਕਤੀ ਕੋਲ।'' ਸਟੀਲ ਨੇ ਕਿਹਾ, ''ਸਮਾਜ ਵਿੱਚ ਜਿਆਦਾ ਤੋਂ ਜਿਆਦਾ ਲੋਕ ਚਾਹੁੰਦੇ ਹਨ ਕਿ ਜਲਵਾਯੂ ਨੂੰ ਬਚਾਉਣ ਲਈ ਤੁਰੰਤ ਉਪਰਾਲੇ ਕੀਤੇ ਜਾਣ ਕਿਉਂਕਿ ਉਹ ਮਹਿਸੂਸ ਕਰ ਰਹੇ ਹਨ ਕਿ ਜਲਵਾਯੂ ਸੰਕਟ ਉਨ੍ਹਾਂ ਦੀ ਰੋਜ਼ਾਨਾ ਦੀ ਜ਼ਿੰਦਗੀ ਅਤੇ ਉਨ੍ਹਾਂ ਦੇ ਘਰ ਦੇ ਬਜਟ ਨੂੰ ਪ੍ਰਭਾਵਿਤ ਕਰ ਰਿਹਾ ਹੈ।'' ਉਨ੍ਹਾਂ ਕਿਹਾ, ''ਫ਼ਸਲਾਂ ਤਬਾਹ ਹੋ ਰਹੀਆਂ ਹਨ, ਸੋਕਾ ਵਧ ਰਿਹਾ ਹੈ, ਇਸ ਵਾਸਤੇ ਜ਼ਹਿਰੀਲੀਆਂ ਗੈਸਾਂ ਦਾ ਨਿਕਾਸ ਰੋਕਣ ਲਈ ਸਖ਼ਤ ਕਦਮ ਉਠਾਏ ਜਾਣ ਦੀ ਲੋੜ ਹੈ।'' ਅਮਰੀਕਾ ਸਰਕਾਰ ਦੇ ਪਿਛਲੇ ਸਾਲ ਹਵਾ 'ਚ ਕਾਰਬਨ ਡਾਇਆਕਸਾਈਡ ਤੇ ਮੀਥੇਨ ਗੈਸਾਂ ਦਾ ਪੱਧਰ ਸਭ ਤੋਂ ਵੱਧ ਸੀ। ਹਾਲਾਂਕਿ, ਵਿਗਿਆਨੀਆਂ ਦਾ ਅਨੁਮਾਨ ਸੀ ਕਿ ਵਿਸ਼ਵ 'ਚ ਕਾਰਬਨ ਡਾਇਆਕਸਾਈਡ ਦੇ ਨਿਕਾਸ ਵਿੱਚ 1.1 ਫੀਸਦ ਦਾ ਵਾਧਾ ਹੋਇਆ ਹੈ। ਆਲਮੀ ਤਾਪਮਾਨ ਨਿਗਰਾਨੀ ਸਮੂਹਾਂ ਨੇ ਕਿਹਾ ਕਿ ਲੰਘਿਆ ਵਰ੍ਹਾ ਹੁਣ ਤੱਕ ਦਾ ਸਭ ਤੋਂ ਗਰਮ ਸਾਲ ਦਰਜ ਕੀਤਾ ਗਿਆ ਸੀ।

# ਅਮਰੀਕਾ ਵਿਚ ਲਾਪਤਾ ਭਾਰਤੀ ਵਿਦਿਆਰਥੀ ਦੀ ਲਾਸ਼ ਮਿਲੀ

ਨਿਊਯਾਰਕ : ਪਿਛਲੇ ਇਕ ਮਹੀਨੇ ਤੋਂ ਲਾਪਤਾ 25 ਸਾਲਾ ਭਾਰਤੀ ਵਿਦਿਆਰਥੀ ਮੁਹੰਮਦ ਅਬਦੁਲ ਅਰਫ਼ਾਤ ਦੀ ਲਾਸ਼ ਅਮਰੀਕਾ ਦੇ ਕਲੀਵਲੈਂਡ ਸ਼ਹਿਰ ਤੋਂ ਮਿਲੀ ਹੈ। ਪਿਛਲੇ ਇਕ ਹਫ਼ਤੇ ਦੌਰਾਨ ਅਮਰੀਕਾ ਵਿਚ ਭਾਰਤੀ ਭਾਈਚਾਰੇ ਨਾਲ ਸਬੰਧਤ ਇਹ ਦੂਜੀ ਮੌਤ ਹੈ। ਪਿਛਲੇ ਹਫ਼ਤੇ ਓਹੀਓ ਵਿਚ ਭਾਰਤੀ ਵਿਦਿਆਰਥੀ ਉਮਾ ਸੱਤਿਆ ਸਾਈ ਗੜੇ ਦੀ ਸ਼ੱਕੀ ਹਾਲਾਤ ਵਿਚ ਮੌਤ ਹੋ ਗਈ ਸੀ ਤੇ ਪੁਲੀਸ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਭਾਰਤੀ ਕੌਂਸੁਲੇਟ ਜਨਰਲ ਨੇ ਮੌਤ ਦੀ ਮੁਕੰਮਲ ਜਾਂਚ ਯਕੀਨੀ ਬਣਾਉਣ ਤੇ ਅਰਾਫ਼ਤ ਦੀ ਮ੍ਰਿਤਕ ਦੇਹ ਹੈਦਰਾਬਾਦ ਲਿਆਉਣ ਲਈ ਹਰ ਸੰਭਵ ਮਦਦ ਦਾ ਭਰੋਸਾ ਦਿੱਤਾ ਹੈ। ਹੈਦਰਾਬਾਦ ਦੇ ਨਾਚਾਰਾਮ ਦਾ ਰਹਿਣ ਵਾਲਾ ਮੁਹੰਮਦ ਅਬਦੁਲ ਅਰਫ਼ਾਤ ਪਿਛਲੇ ਸਾਲ ਮਈ ਵਿਚ ਕਲੀਵਲੈਂਡ ਯੂਨੀਵਰਸਿਟੀ ਤੋਂ ਮਾਸਟਰਜ਼ ਦੀ ਪੜ੍ਹਾਈ ਕਰਨ ਲਈ ਅਮਰੀਕਾ ਆਇਆ ਸੀ। ਨਿਊਯਾਰਕ ਸਥਿਤ ਭਾਰਤੀ ਕੌਂਸੁਲੇਟ ਜਨਰਲ ਨੇ ਵੀ ਐਕਸ 'ਤੇ ਇਕ ਪੋਸਟ ਵਿਚ ਅਰਫ਼ਾਤ ਦੀ ਮੌਤ 'ਤੇ ਦੁੱਖ ਦਾ ਇਜ਼ਹਾਰ ਕੀਤਾ ਹੈ। ਕੌਂਸੁਲੇਟ ਨੇ ਅਰਫ਼ਾਤ ਦੇ ਪਰਿਵਾਰ ਨਾਲ 'ਡੂੰਘੀਆਂ ਸੰਵੇਦਨਾਵਾਂ' ਜ਼ਾਹਿਰ ਕਰਦੇ ਹੋਏ ਕਿਹਾ ਕਿ ਉਹ ਉਹਦੀ ਮੌਤ ਦੀ ਮੁਕੰਮਲ ਜਾਂਚ ਯਕੀਨੀ ਬਣਾਉਣ ਲਈ ਸਥਾਨਕ ਏਜੰਸੀਆਂ ਦੇ ਸੰਪਰਕ ਵਿਚ ਹੈ। ਕੌਂਸੁਲੇਟ ਨੇ ਵਿਦਿਆਰਥੀ ਦੀ ਮ੍ਰਿਤਕ ਦੇਹ ਵਾਪਸ ਭਾਰਤ ਭੇਜਣ ਲਈ ਹਰ ਸੰਭਵ ਮਦਦ ਦਾ ਵੀ ਭਰੋਸਾ ਦਿੱਤਾ। ਉਂਜ ਕੌਂਸੁਲੇਟ ਨੇ ਪਿਛਲੇ ਮਹੀਨੇ ਕਿਹਾ ਸੀ ਕਿ ਉਹ ਲਾਪਤਾ ਭਾਰਤੀ ਵਿਦਿਆਰਥੀ ਦਾ ਥਹੁ-ਪਤਾ ਲਾਉਣ ਲਈ ਸਥਾਨਕ ਪੁਲੀਸ ਨਾਲ ਮਿਲ ਕੇ ਕੰਮ ਕਰ ਰਿਹਾ ਹੈ।

# ਭਾਰਤ ਦੇ ਸੈਨਿਕ ਸਕੂਲਾਂ ਦਾ ਹੋਇਆ ਭਗਵਾਂਕਰਨ

**ਭਾਜਪਾ ਦੇ ਨੇਤਾਵਾਂ ਨਾਲ ਜੁੜੇ ਵਿਦਿਅਕ ਸੰਗਠਨਾਂ ਦੇ 27 ਸੈਨਿਕ ਸਕੂਲਾਂ ਨੂੰ ਚਲਾਉਣ ਲਈ ਸਰਕਾਰੀ ਮਨਜ਼ੂਰੀ**

**ਖਾਸ ਰਿਪੋਰਟ**

ਪਿਛਲੇ ਦੋ ਸਾਲਾਂ ਵਿੱਚ, ਰਾਸ਼ਟਰੀ ਸਵੈਮ ਸੇਵਕ ਸੰਘ, ਹਿੰਦੂਤਵੀ ਸੰਗਠਨਾਂ ਜਾਂ ਭਾਰਤੀ ਜਨਤਾ ਪਾਰਟੀ ਦੇ ਨੇਤਾਵਾਂ ਨਾਲ ਜੁੜੇ ਵਿਦਿਅਕ ਸੰਗਠਨਾਂ ਦੁਆਰਾ 40 ਵਿੱਚੋਂ 27 ਸੈਨਿਕ ਸਕੂਲਾਂ ਨੂੰ ਚਲਾਉਣ ਲਈ ਮਨਜ਼ੂਰੀ ਦਿੱਤੀ ਗਈ ਹੈ।ਰਿਪੋਰਟਰਜ਼ ਕਲੈਕਟਿਵ (ਆਰ.ਸੀ.) ਵੱਲੋਂ ਸੂਚਨਾ ਅਧਿਕਾਰ ਕਾਨੂੰਨ ਤਹਿਤ ਪ੍ਰਾਪਤ ਜਾਣਕਾਰੀ ਦੇ ਵਿਸ਼ਲੇਸ਼ਣ ਤੋਂ ਇਹ ਹੈਰਾਨ ਕਰਨ ਵਾਲਾ ਖ਼ੁਲਾਸਾ ਸਾਹਮਣੇ ਆਇਆ ਹੈ।

2022 ਤੋਂ ਪਹਿਲਾਂ, ਸੈਨਿਕ ਸਕੂਲ ਕੇਂਦਰ ਅਤੇ ਰਾਜ ਸਰਕਾਰਾਂ ਦੁਆਰਾ ਸਾਂਝੇ ਤੌਰ 'ਤੇ ਚਲਾਏ ਜਾਂਦੇ ਸਨ। ਇਨ੍ਹਾਂ ਸੈਨਿਕ ਸਕੂਲਾਂ ਵਿੱਚੋਂ ਨਿਕਲਣ ਵਾਲੇ ਵਿਦਿਆਰਥੀ ਨੈਸ਼ਨਲ ਡਿਫੈਂਸ ਅਕੈਡਮੀ ਅਤੇ ਨੈਸ਼ਨਲ ਨੇਵਲ ਅਕੈਡਮੀ ਵਿੱਚ ਜਾਂਦੇ ਹਨ। ਇਹ ਸਕੂਲ ਰੱਖਿਆ ਮੰਤਰਾਲੇ ਦੇ ਅਧੀਨ ਇੱਕ ਖੁਦਮੁਖਤਿਆਰ ਸੰਸਥਾ ਸੈਨਿਕ ਸਕੂਲ ਕਮੇਟੀ ਦੁਆਰਾ ਚਲਾਏ ਜਾਂਦੇ ਹਨ। ਸਾਲ 2021 ਵਿੱਚ, ਕੇਂਦਰ ਨੇ ਨਿੱਜੀ ਸੰਸਥਾਵਾਂ ਨੂੰ ਕਮੇਟੀ ਦੇ ਸਹਿਯੋਗ ਨਾਲ ਸਕੂਲਾਂ ਦੀਆਂ ਆਪਣੀਆਂ ਸ਼ਾਖਾਵਾਂ ਖੋਲ੍ਹਣ ਅਤੇ ਆਪਣੇ ਅੰਸ਼ਕ ਵਿੱਤੀ ਯੋਗਦਾਨ ਨਾਲ ਚਲਾਉਣ ਦੀ ਇਜਾਜ਼ਤ ਦਿੱਤੀ। ਦੱਸਿਆ ਗਿਆ ਉਦੇਸ਼ ਨਵੀਂ ਸਿੱਖਿਆ ਨੀਤੀ ਤਹਿਤ ਮਿਆਰੀ ਸਿੱਖਿਆ ਪ੍ਰਦਾਨ ਕਰਨ ਲਈ ਦੇਸ਼ ਭਰ ਵਿੱਚ 100 ਨਵੇਂ ਸੈਨਿਕ ਸਕੂਲ ਖੋਲ੍ਹਣੇ ਸੀ।

ਆਰਸੀ ਦੀ ਰਿਪੋਰਟ ਦੇ ਅਨੁਸਾਰ ਮਈ 2022 ਤੋਂ ਦਸੰਬਰ 23 ਦੇ ਵਿਚਾਲੇ 40 ਪ੍ਰਾਈਵੇਟ ਸੰਸਥਾਵਾਂ ਨੇ ਸੈਨਿਕ ਸਕੂਲ ਕਮੇਟੀਆਂ ਨਾਲ ਸਮਝੌਤਾ ਕੀਤਾ। ਉਨ੍ਹਾਂ ਵਿਚ 11 ਭਾਜਪਾ ਨੇਤਾਵਾਂ ਦੇ ਅਦਾਰੇ, 8 ਆਰ.ਐੱਸ.ਐੱਸ. ਅਤੇ 6 ਹੋਰ ਹਿੰਦੂਤਵਵਾਦੀ ਸੰਗਠਨਾਂ ਨਾਲ ਸੰਬੰਧਿਤ ਅਦਾਰੇ ਹਨ।ਉਦਾਹਰਨ ਵਜੋਂ ਦੋ ਸਕੂਲ ਰਿਤੰਭਰਾ ਕੇ ਸੰਵਿਦ ਗੁਰੂਕੁਲਮ ਗਰਲਸ ਸੈਨਿਕ ਸਕੂਲ (ਵਰੰਦਾਵਨ) ਅਤੇ ਰਾਜ ਲਕਸ਼ਮੀ ਸੰਵਿਦ ਗੁਰੂਕੁਲਮ (ਸੋਲਨ) ਹਨ। ਆਰ.ਐੱਸ.ਐੱਸ. ਦੀ ਸਿੱਖਿਆ ਸਾਖਾ ਵਿਦਿਆ ਭਾਰਤੀ ਅਖਿਲ ਭਾਰਤੀਯ ਸਿੱਖਿਆ ਸੰਸਥਾਨ ਨੂੰ ਸੱਤ ਸਕੂਲ ਦਿੱਤੇ ਗਏ। ਨਾਸਿਕ ਦੇ ਭੌਂਸਲਾ ਮਿਲਟਰੀ ਸਕੂਲ, ਜੋ ਕਿ 1937 ਵਿੱਚ ਆਰਐਸਐਸ ਦੇ ਬੀਐਸ ਮੁੰਜੇ ਨੇ ਸਥਾਪਿਤ ਕੀਤਾ ਸੀ ਅਤੇ ਹੁਣ ਸੈਂਟਰਲ ਹਿੰਦੂ ਮਿਲਟਰੀ ਸਕੂਲ ਸੋਸਾਇਟੀ ਚਲਾਉਂਦੀ ਹੈ, ਨੂੰ ਵੀ ਇੱਕ ਸੈਨਿਕ ਸਕੂਲ ਵਜੋਂ ਕੰਮ ਕਰਨ ਦੀ ਆਗਿਆ ਦਿੱਤੀ ਗਈ ਹੈ। ਦੋਸ਼ ਹੈ ਕਿ 2006 ਦੇ ਨਾਂਦੇੜ ਬੰਬ ਕਾਂਡ ਅਤੇ 2008 ਦੇ ਮਾਲੇਗਾਓਂ ਬੰਬ ਹਮਲੇ ਦੇ ਦੋਸ਼ੀਆਂ ਨੇ ਇੱਥੋਂ ਸਿਖਲਾਈ ਮਿਲੀ ਸੀ।

ਕਾਂਗਰਸ ਅਤੇ ਮਾਰਕਸਵਾਦੀ ਕਮਿਊਨਿਸਟ ਪਾਰਟੀ ਸਮੇਤ ਵਿਰੋਧੀ ਪਾਰਟੀਆਂ ਨੇ ਇਸ 'ਤੇ ਇਤਰਾਜ਼ ਪ੍ਰਗਟ ਕਰਦਿਆਂ ਇਸ ਨੀਤੀ ਨੂੰ ਤੁਰੰਤ ਵਾਪਸ ਲੈਣ ਲਈ ਕਿਹਾ ਹੈ।ਇਸੇ ਦੌਰਾਨ ਆਰਸੀ ਦੀ ਇੱਕ ਹੋਰ ਰਿਪੋਰਟ ਅਨੁਸਾਰ ਰੱਖਿਆ ਮੰਤਰਾਲੇ ਨੇ ਉਕਤ ਰਿਪੋਰਟ 'ਤੇ ਪ੍ਰਤੀਕਿਰਿਆ ਦਿੰਦਿਆਂ ਕਿਹਾ ਹੈ ਕਿ ਸਕੂਲਾਂ ਨੂੰ ਚਲਾਉਣ ਲਈ ਭਾਈਵਾਲਾਂ ਦੀ ਚੋਣ ਕਰਨ ਦੀ ਪ੍ਰਕਿਰਿਆ ਵਿੱਚ ਸੰਸਥਾਵਾਂ ਦੀ ਰਾਜਨੀਤੀ ਜਾਂ ਵਿਚਾਰਧਾਰਾ ਨੂੰ ਧਿਆਨ ਵਿੱਚ ਨਹੀਂ ਰੱਖਿਆ ਜਾਂਦਾ। ਹੈਰਾਨੀ ਦੀ ਗੱਲ ਹੈ ਕਿ ਇਹ ਪ੍ਰੈਸ ਨੋਟ ਅਧਿਕਾਰਤ ਤੌਰ 'ਤੇ ਜਾਰੀ ਕਰਨ ਦੀ ਬਜਾਏ ਰੱਖਿਆ ਮੰਤਰਾਲੇ ਨੂੰ ਕਵਰ ਕਰਨ ਵਾਲੇ ਚੋਣਵੇਂ ਪੱਤਰਕਾਰਾਂ ਨੂੰ ਭੇਜ ਦਿੱਤਾ ਗਿਆ।

ਦੁਨੀਆਂ ਭਰ ਦੇ ਇਤਿਹਾਸ ਵਿਚ ਜਿਹੜੀ ਵੀ ਸਿਆਸਤ ਅਤੇ ਵਿਚਾਰਧਾਰਾ ਸੱਤਾ ਉੱਤੇ ਕਾਬਜ ਹੋਣ ਵਿਚ ਕਾਮਯਾਬ ਹੋਈ ਹੈ ਉਨ੍ਹਾਂ ਸਾਰੀਆਂ ਸੱਤਾਵਾਂ ਨੇ ਉਥੋਂ ਦੇ ਸਥਾਨਕ ਸਾਹਿਤ, ਕਲਾ ,ਸਿਖਿਆ ਅਤੇ ਸੱਭਿਆਚਾਰ ਨੂੰ ਆਪਣੇ ਮੁਤਾਬਕ ਢਾਲਣ ਦੇ ਯਤਨ ਕੀਤੇ ਹਨ। ਜੇਕਰ ਇੱਕ ਪਾਸੇ ਨਾਜ਼ੀ ਜਰਮਨੀ ਨੇ ਜਰਮਨੀ ਦੇ ਸਾਹਿਤ, ਸਿਖਿਆ,ਕਲਾ ਅਤੇ ਸੱਭਿਆਚਾਰ ਨੂੰ ਆਪਣੇ ਮੁਤਾਬਕ ਢਾਲਿਆ ਤਾਂ ਉਧਰ ਦੂਜੇ ਪਾਸੇ ਸਮਾਜਵਾਦੀ ਸੋਵੀਅਤ ਯੂਨੀਅਨ ਨੇ ਆਪਣੇ ਦੇਸ਼ ਦੇ ਸਾਹਿਤ, ਸਿਖਿਆ,ਕਲਾ ਅਤੇ ਸੱਭਿਆਚਾਰ ਨੂੰ ਆਪਣੀ ਵਿਚਾਰਧਾਰਾ ਮੁਜਬ ਵਿਕਸਿਤ ਕੀਤਾ। ਚੀਨ ਅੰਦਰ ਮਹਾਨ ਸੱਭਿਆਚਾਰਕ ਇਨਕਲਾਬ ਦੌਰਾਨ ਸਾਹਿਤ, ਕਲਾ ਅਤੇ ਸੱਭਿਆਚਾਰ ਦੇ ਖੇਤਰ ਵਿਚ ਵੱਡੀਆਂ ਪੁਲਾਂਘਾਂ ਪੁਟੀਆਂ ਗਈਆਂ। ਸੱਤਾ ਅਤੇ ਉਸਦੀ ਸਿਆਸਤ ਦਾ ਇਸ ਉੱਤੇ ਅਸਰਅੰਦਾਜ਼ ਹੋਣਾ ਸੁਭਾਵਿਕ ਅਤੇ ਜਰੂਰੀ ਹੁੰਦਾ ਹੈ। ਪਰੰਤੂ ਜਦੋਂ ਸਾਹਿਤ, ਕਲਾ ਅਤੇ ਸੱਭਿਆਚਾਰ ਦਾ ਉਦੇਸ਼ ਤੈਅ ਕੀਤਾ ਜਾਂਦਾ ਹੈ ਤਾਂ ਦੁਨੀਆ ਭਰ ਦੇ ਅਗਾਂਹਵਧੂ ਵਿਦਵਾਨ ਆਪਣੀਆਂ ਵੱਖੋ-ਵੱਖਰੀਆਂ ਰਾਵਾਂ ਦੇ ਬਾਵਜੂਦ ਇਕ ਸਾਂਝੇ ਨੁਕਤੇ ਉੱਤੇ ਸਹੀ ਪਾਉਂਦੇ ਹਨ ਕਿ ਸਾਹਿਤ, ਕਲਾ ,ਸਿਖਿਆ ਅਤੇ ਸੱਭਿਆਚਾਰ ਦਾ ਉਦੇਸ਼ ਮਨੁੱਖ ਜਾਤੀ ਦਾ ਵਿਕਾਸ ਅਤੇ ਉਸਦੀ ਸੇਵਾ ਕਰਨਾ ਹੈ। ਪਰੰਤੂ ਮੌਜੂਦਾ ਸਮੇਂ ਭਾਜਪਾ ਅਤੇ ਸੰਘ ਜਿਸ ਕਦਰ ਮਹਿੰਗਾਈ, ਭ੍ਰਿਸ਼ਟਾਚਾਰ, ਘੁਟਾਲੇ, ਬੇਰੁਜਗਾਰੀ, ਗਰੀਬੀ ਆਦਿ ਬੁਨਿਆਦੀ ਮੁੱਦਿਆਂ ਉੱਤੇ ਧਿਆਨ ਦੇਣ ਦੀ ਬਜਾਏ ਸਾਹਿਤ, ਕਲਾ ਅਤੇ ਸੱਭਿਆਚਾਰ ਆਦਿ ਖੇਤਰਾਂ ਰਾਹੀਂ ਕੌਮੀ ਸ਼ਾਵਨਵਾਦ ਨੂੰ ਉਤਸ਼ਾਹਿਤ ਕਰਕੇ ਫਿਰਕੂ ਨਫਰਤ ਦਾ ਮਹੌਲ ਪੈਦਾ ਕਰ ਰਹੀ ਹੈ,ਹਿੰਦੂਤਵ ਦਾ ਫੌਜੀਕਰਨ ਕਰ ਰਹੀ ਹੈ। ਨਿਰਪੱਖ ਵਿਦਵਾਨਾਂ ਦੀ ਰਾਇ ਹੈ ਕਿ ਵਿਕਾਸ ਦੀ ਥਾਂ ਹਿੰਦੂਤਵੀ ਫਾਸ਼ੀਵਾਦ ਭਾਜਪਾ ਦਾ ਮੁੱਖ ਏਜੰਡਾ ਹੈ, ਜਿਸਨੂੰ ਸਫਲ ਨਹੀਂ ਹੋਣ ਦੇਣਾ ਚਾਹੀਦਾ।

SA | SIKH ACADEMY
Imagine. Innovate. Inspire.
12895 85th Ave | Surrey BC V3W 0K8
Ph: 604-599-3828 | Email: office@sikhacademy.ca
REGISTRATIONS OPEN
Kindergarten - Grade 7
Teaching BC Curriculum & Sikh Education
2024-25 Session
Join Sikh Academy Elementary School, where education transcends boundaries, standards are elevated, and young minds are nurtured for a brighter tomorrow.
ENROLL TODAY!
BEST PUNJABI & RELIGIOUS DEPARTMENT
Programs offered: Soccer, Basketball, Collaboration with Kids Play, Chess Club, Gatka, Homework Club, Reading Club, Kirtan Club and Much More!
LEARN EXPLORE GROW
Book your function at SIKH ACADEMY
VENUE FOR RENT
BOOK TODAY
• DARBAR HALL • LANGAR HALL • GYM RENTALS
• RELIGIOUS CEREMONY
• BIRTHDAY • WEDDING
AND MUCH MORE
Call Today For Booking!
CALL: 604-599-3828
Email: office@sikhacademy.ca
Website : www.sikhacademy.ca
@sikhacademybc
sikhacademybc

# ਬੀ. ਸੀ. ਵਿੱਚ ਸਕੂਲਾਂ ਦੇ ਆਲੇ-ਦੁਆਲੇ ਵਿਰੋਧ ਪ੍ਰਦਰਸ਼ਨ 'ਤੇ ਰੋਕ ਲਗਾਉਣ ਲਈ ਬਣਿਆ ਕਾਨੂੰਨ




ਸਰੀ, (ਏਕਜੋਤ ਸਿੰਘ): ਬੀ.ਸੀ. ਵਿੱਚ ਇੱਕ ਨਵਾਂ ਕਾਨੂੰਨ ਬਣਾਇਆ ਜਾ ਰਿਹਾ ਹੈ ਜਿਸ ਦੇ ਤਹਿਤ ਸਕੂਲਾਂ ਦੇ ਆਲੇ-ਦੁਆਲੇ ਵਿਰੋਧ ਪ੍ਰਦਰਸ਼ਨਾਂ 'ਤੇ ਪਾਬੰਦੀ ਲਗਾਉਣ ਦਾ ਪ੍ਰਸਤਾਵ ਪੇਸ਼ ਕੀਤਾ ਗਿਆ ਹੈ।

ਪ੍ਰੀਮੀਅਰ ਡੇਵਿਡ ਈਬੀ ਨੇ ਕਿਹਾ ਕਿ ਇਹ ਕਾਨੂੰਨ ਬਣਾਉਣ ਦੀ ਸ਼ੁਰੂਸ਼ਾਤ ਉਦੋਂ ਕੀਤੀ ਗਈ ਸੀ ਜਦੋਂ ਕੋਵਿਡ-19 ਦੇ ਟੀਕਾਕਰਨ ਵਿਰੁੱਧ ਪ੍ਰਦਰਸ਼ਨ ਕੀਤੇ ਜਾ ਰਹੇ ਸਨ ਪਰ ਹੁਣ ਇਸ ਨੂੰ ਕਾਨੂੰਨੀ ਤੌਰ 'ਤੇ ਅੰਤਮ ਰੂਪ ਦੇਣਾ ਬਾਕੀ ਹੈ।

ਪ੍ਰੀਮੀਅਰ ਡੇਵਿਡ ਈਬੀ ਨੇ ਕਿਹਾ "ਸਾਨੂੰ ਇਹ ਯਕੀਨੀ ਬਣਾਉਣ ਦੀ ਲੋੜ ਹੈ ਕਿ ਸਾਡੇ ਸਕੂਲ ਸਾਰਿਆਂ ਲਈ ਸੁਰੱਖਿਅਤ ਹਨ"

ਇਹ ਕਾਨੂੰਨ ਮੰਤਰੀ ਮੰਡਲ ਨੂੰ ਸਕੂਲਾਂ ਦੇ ਅੰਦਰ 20 ਮੀਟਰ ਦੇ 'ਬਬਲ-ਜ਼ੋਨ' ਨੂੰ ਸਥਾਪਤ ਕਰਨ ਦੀ ਇਜਾਜ਼ਤ ਦਿੰਦਾ ਹੈ, ਜਿੱਥੇ ਲੋਕਾਂ ਨੂੰ "ਧਮਕਾਉਣ ਜਾਂ ਡਰਾਉਣ ਦੀ ਕੋਸ਼ਿਸ਼" ਨਹੀਂ ਕਰ ਸਕਦੇ ਜਾਂ "ਕਿਸੇ ਤਰ੍ਹਾਂ ਦਾ ਵਿਰੋਧ ਪ੍ਰਦਰਸ਼ਨ ਨਹੀ ਕੀਤਾ ਜਾ ਸਕਦਾ । ਇਸ ਕਾਨੂੰਨ ਦੀ ਉਲੰਘਣਾ ਕਰਨ ਵਾਲਿਆਂ ਨੂੰ ਗ੍ਰਿਫਤਾਰ ਕੀਤਾ ਜਾ ਸਕਦਾ ਹੈ।

ਇਸ ਕਨੂੰਨ ਵਿੱਚ ਵਿਦਿਆਰਥੀਆਂ ਅਤੇ ਸਕੂਲ ਸਟਾਫ਼ ਲਈ ਸੀਮਤ ਅਪਵਾਦ ਸ਼ਾਮਲ ਹਨ ਅਤੇ ਪਿਕਟਿੰਗ ਦੀ ਮਨਾਹੀ ਨਹੀਂ ਹੈ। ਸਰਕਾਰ ਨੇ ਫਰਵਰੀ ਵਿਚ ਸਿੰਘਾਸਨ ਭਾਸ਼ਣ ਦੌਰਾਨ ਇਸ ਕਾਨੂੰਨ ਦਾ ਸੰਕੇਤ ਦਿੰਦੇ ਹੋਏ ਕਿਹਾ ਸੀ ਕਿ "ਸਕੂਲਾਂ ਅਤੇ ਬੱਚਿਆਂ ਨੂੰ ਵਿਘਨਕਾਰੀ ਵਿਰੋਧ ਪ੍ਰਦਰਸ਼ਨਾਂ ਤੋਂ ਬਚਾਉਣ ਲਈ ਨਵਾਂ ਕਾਨੂੰਨ ਜਲਦ ਪੇਸ਼ ਕੀਤਾ ਜਾਵੇਗਾ।

ਅਟਾਰਨੀ-ਜਨਰਲ ਨਿੱਕੀ ਸ਼ਰਮਾ ਨੇ ਕਾਨੂੰਨ ਪੇਸ਼ ਕੀਤਾ ਅਤੇ ਕਿਹਾ, "ਇਹ ਪਾਬੰਦੀਆਂ ਵਿਦਿਆਰਥੀਆਂ ਅਤੇ ਸਟਾਫ ਨੂੰ ਵਿਰੋਧ ਪ੍ਰਦਰਸ਼ਨਾਂ ਦੇ ਮਾੜੇ ਪ੍ਰਭਾਵਾਂ ਤੋਂ ਬਚਾਉਣ ਲਈ ਤਿਆਰ ਕੀਤੀਆਂ ਗਈਆਂ ਹਨ ਤਾਂ ਜੋ ਕੇ-12 ਸਕੂਲਾਂ ਨੇੜੇ ਹੁੰਦੇ ਵਿਰੋਧ ਪ੍ਰਦਰਸ਼ਨਾਂ ਦੀ ਵਧਦੀ ਸਮੱਸਿਆ ਨੂੰ ਰੋਕਿਆ ਜਾ ਸਕੇ। ਉਨ੍ਹਾਂ ਕਿਹਾ ਕਿ ਕਾਨੂੰਨ ਬੋਲਣ ਦੀ ਆਜ਼ਾਦੀ 'ਤੇ ਪਾਬੰਦੀ ਲਗਾਉਣ ਬਾਰੇ ਨਹੀਂ ਹੈ। "ਹਰ ਕਿਸੇ ਨੂੰ ਸ਼ਾਂਤੀਪੂਰਨ ਵਿਰੋਧ ਪ੍ਰਦਰਸ਼ਨ ਕਰਨ ਦਾ ਅਧਿਕਾਰ ਹੈ ਪਰ ਸਿਰਫ਼ ਇਸ ਲਈ ਕਿ ਤੁਹਾਡੇ ਕੋਲ ਵਿਰੋਧ ਪ੍ਰਦਰਸ਼ਨ ਕਰਨ ਦਾ ਅਧਿਕਾਰ ਹੈ ਇਸਦਾ ਮਤਲਬ ਇਹ ਨਹੀਂ ਹੈ ਕਿ ਤੁਹਾਨੂੰ ਡਰਾਉਣ ਜਾਂ ਪਰੇਸ਼ਾਨ ਕਰਨ ਦਾ ਅਧਿਕਾਰ ਹੈ। ਇਸ ਲਈ ਅਜਿਹੀਆਂ ਕਾਰਵਾਈਆਂ ਨੂੰ ਸਕੂਲਾਂ ਨੇੜੇ ਕਰਨ ਤੋਂ ਰੋਕ ਲਗਾਈ ਜਾ ਰਹੀ ਹੈ। This report was written by Ekjot Singh as part of the Local Journalism Initiative.

# ਕੈਨੇਡਾ ਦੀ ਏ.ਆਈ. ਸਮਰੱਥਾ ਵਧਾਉਣ ਲਈ $2.4 ਬਿਲੀਅਨ ਡਾਲਰ ਖਰਚੇਗੀ ਫੈਡਰਲ ਸਰਕਾਰ

## ਕੰਪਿਊਟਿੰਗ ਸਮਰੱਥਾ ਅਤੇ ਤਕਨੀਕੀ ਬੁਨਿਆਦੀ ਢਾਂਚੇ ਦੀ ਏ.ਆਈ. ਤੱਕ ਬਣਾਈ ਜਾਵੇਗੀ ਪਹੁੰਚ



ਸਰੀ, (ਏਕਜੋਤ ਸਿੰਘ): ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਬੀਤੇ ਦਿਨੀਂ ਐਲਾਨ ਕੀਤਾ ਕਿ ਲਿਬਰਲ ਸਰਕਾਰ ਆਰਟੀਫੀਸ਼ੀਅਲ ਇੰਟੈਲੀਜੈਂਸ ਵਿੱਚ ਸਮਰੱਥਾ ਬਣਾਉਣ ਲਈ ਆਗਾਮੀ ਬਜਟ ਵਿੱਚ 2.4 ਬਿਲੀਅਨ ਡਾਲਰ ਅੱਲਗ ਤੋਂ ਰੱਖਣ ਜਾ ਰਹੀ ਹੈ। ਇਸ ਦਾ ਵੱਡਾ ਹਿੱਸਾ - $2 ਬਿਲੀਅਨ -ਫੰਡ ਵਿੱਚ ਦਿੱਤਾ ਜਾਵੇਗਾ ਜਿਸਦਾ ਉਦੇਸ਼ ਕੰਪਿਊਟਿੰਗ ਸਮਰੱਥਾ ਅਤੇ ਤਕਨੀਕੀ ਬੁਨਿਆਦੀ ਢਾਂਚੇ ਦੀ ਪਹੁੰਚ ਏ.ਆਈ. ਤੱਕ ਬਣਾਉਣ ਲਈ ਹੋਵੇਗਾ।

ਟਰੂਡੋ ਨੇ ਪ੍ਰੀ-ਬਜਟ ਦੌਰੇ ਦੇ ਹਿੱਸੇ ਵਜੋਂ ਮਾਂਟਰੀਅਲ ਏਆਈ ਫਰਮ ਵਿੱਚ ਇਹ ਐਲਾਨ ਕੀਤਾ।

ਉਨ੍ਹਾਂ ਕਿਹਾ ਕਿ ਸਰਕਾਰ ਨਵੇਂ ਏਆਈ ਕੰਪਿਊਟ ਐਕਸੈਸ ਫੰਡ ਅਤੇ ਕੈਨੇਡਾ ਵਿੱਚ ਇਸ ਖੇਤਰ ਨੂੰ ਵਧਾਉਣ ਲਈ ਇੱਕ ਰਣਨੀਤੀ ਲਈ ਜਲਦੀ ਹੀ ਉਦਯੋਗਾਂ ਨਾਲ ਸਲਾਹ ਮਸ਼ਵਰਾ ਸ਼ੁਰੂ ਕਰੇਗੀ।

ਟਰੂਡੋ ਨੇ ਕਿਹਾ, "ਅਸੀਂ ਏਆਈ ਨੂੰ ਅਪਣਾਉਣ ਵਿੱਚ ਕੰਪਨੀਆਂ ਦੀ ਮਦਦ ਕਰਨਾ ਚਾਹੁੰਦੇ ਹਾਂ ਜਿਸਦਾ ਹਰ ਕਿਸੇ ਲਈ ਸਕਾਰਾਤਮਕ ਪ੍ਰਭਾਵ ਹੋਵੇਗਾ," ਟਰੂਡੋ ਨੇ ਕਿਹਾ ਕਿ $200 ਮਿਲੀਅਨ ਖੇਤੀਬਾੜੀ, ਸਿਹਤ ਸੰਭਾਲ ਅਤੇ ਸਾਫ਼ ਤਕਨਾਲੋਜੀ ਵਰਗੇ ਖੇਤਰਾਂ ਵਿੱਚ ਏ.ਆਈ. ਨੂੰ ਅਪਣਾਉਣ ਨੂੰ ਹੁਲਾਰਾ ਦੇਣ ਲਈ ਨਿਵੇਸ਼ ਕਰਨਗੇ।

ਸਰਕਾਰ ਨੇ "ਐਡਵਾਂਸਡ ਏਆਈ ਸਿਸਟਮ" ਤੋਂ ਬਚਾਉਣ ਲਈ $50-ਮਿਲੀਅਨ ਏਆਈ ਸੇਫਟੀ ਇੰਸਟੀਚਿਊਟ ਸ਼ੁਰੂ ਕਰਨ ਦੀ ਯੋਜਨਾ ਬਣਾਈ ਹੈ ਅਤੇ ਪ੍ਰਸਤਾਵਿਤ ਆਰਟੀਫੀਸ਼ੀਅਲ ਇੰਟੈਲੀਜੈਂਸ ਅਤੇ ਡੇਟਾ ਐਕਟ ਨੂੰ ਲਾਗੂ ਕਰਨ ਲਈ ਹੋਰ $5.1 ਮਿਲੀਅਨ ਏਆਈ ਅਤੇ ਡੇਟਾ ਕਮਿਸ਼ਨਰ ਦੇ ਦਫਤਰ ਨੂੰ ਦਿੱਤੇ ਜਾਣਗੇ। ਬਿੱਲ ਸੀ-27 ਪਹਿਲਾ ਫੈਡਰਲ ਕਾਨੂੰਨ ਹੈ ਜੋ ਵਿਸ਼ੇਸ਼ ਤੌਰ 'ਤੇ ਆਰਟੀਫੀਸ਼ੀਅਲ ਇੰਟੈਲੀਜੈਂਸ ਲਈ ਹੈ। ਇਹ ਗੋਪਨੀਯਤਾ ਕਾਨੂੰਨਾਂ ਨੂੰ ਅਪਡੇਟ ਕਰੇਗਾ ਅਤੇ "ਉੱਚ-ਪ੍ਰਭਾਵ" ਪ੍ਰਣਾਲੀਆਂ ਲਈ ਨਵੀਆਂ ਜ਼ਿੰਮੇਵਾਰੀਆਂ ਪੇਸ਼ ਕਰੇਗਾ।

ਸਤੰਬਰ 2023 ਤੋਂ ਕਮੇਟੀ ਵਿੱਚ ਪ੍ਰਸਤਾਵਿਤ ਕਾਨੂੰਨ ਦਾ ਅਧਿਐਨ ਕੀਤਾ ਜਾ ਰਿਹਾ ਹੈ। This report was written by Ekjot Singh as part of the Local Journalism Initiative.








# ਪੰਜਾਬ ਦੇ ਮੌਜੂਦਾ ਹਾਲਾਤ ਅਤੇ ਲੋਕ ਸਭਾ ਚੋਣਾਂ

ਲੇਖਕ : ਰਵਿੰਦਰ ਸਿੰਘ ਸੋਢੀ, ਸੰਪਰਕ : 604-369-2371

2024 ਦੀਆਂ ਲੋਕ ਸਭਾ ਚੋਣਾਂ ਦਾ ਬਿਗਲ ਵੱਜ ਚੁੱਕਿਆ ਹੈ। ਜਿੱਥੇ ਬੀ ਜੇ ਪੀ ਆਪਣੀ ਸਰਕਾਰ ਤੀਜੀ ਵਾਰ ਵੀ ਕਾਇਮ ਰੱਖਣ ਲਈ ਜ਼ੋਰ ਅਜ਼ਮਾਇਸ਼ ਕਰ ਰਹੀ ਹੈ, ਉੱਥੇ ਵਿਰੋਧੀ ਪਾਰਟੀਆਂ ਵੀ 'ਇੰਡੀਆ' ਗਠਜੋੜ ਦੇ ਝੰਡੇ ਹੇਠ ਇਕੱਠੀਆਂ ਹੋ ਗਈਆਂ ਹਨ। ਭਾਵੇਂ ਇੰਡੀਆ ਗਠਜੋੜ ਨੂੰ ਪਹਿਲਾ ਝਟਕਾ ਉਦੋਂ ਲੱਗਿਆ ਜਦੋਂ ਬਿਹਾਰ ਵਿੱਚ ਨਿਤਿਸ਼ ਕੁਮਾਰ ਇਸ ਨਵੇਂ ਬਣੇ ਖੇਮੇ ਵਿੱਚੋਂ ਬਾਹਰ ਹੋ ਕੇ ਬੀ ਜੇ ਪੀ ਦੇ ਪਾਲੇ ਵਿੱਚ ਜਾ ਬੈਠਾ। ਯੂ ਪੀ ਵਿੱਚ ਮਾਇਆਵਤੀ ਨੇ ਵੀ ਰੰਘੜ ਵਾਲਾ ਰੰਘੜਊ ਦੀ ਕਹਾਵਤ ਅਨੁਸਾਰ ਬੀ ਜੇ ਪੀ ਅਤੇ ਇੰਡੀਆ ਦੋਹਾਂ ਤੋਂ ਹੀ ਦੂਰੀ ਬਣਾ ਕੇ ਰੱਖੀ ਹੈ। ਪੱਛਮੀ ਬੰਗਾਲ ਵਿੱਚ ਮਮਤਾ ਬੈਨਰਜੀ ਨੇ ਵੀ ਆਪਣੇ ਇੱਕ ਤਰਫੇ ਫੈਸਲੇ ਅਨੁਸਾਰ ਕਾਂਗਰਸ ਨਾਲ ਸੀਟਾਂ ਲਈ ਕੋਈ ਸਮਝੌਤਾ ਕਰਨ ਤੋਂ ਇਨਕਾਰ ਕਰ ਦਿੱਤਾ ਹੈ, ਪਰ ਇੰਡੀਆ ਜੁੱਟ ਵਿੱਚ ਬਣੀ ਰਹਿਣਾ ਮੰਨ ਗਈ ਹੈ। ਕਾਂਗਰਸ ਅਤੇ ਆਮ ਆਦਮੀ ਪਾਰਟੀ ਭਾਵੇਂ ਇੰਡੀਆ ਗਠਜੋੜ ਵਿੱਚ ਹਨ ਅਤੇ ਉਹਨਾਂ ਨੇ ਦਿੱਲੀ ਦੀਆਂ ਸੱਤ ਲੋਕ ਸਭਾ ਸੀਟਾਂ ਲਈ ਸਮਝੌਤਾ ਕਰ ਲਿਆ ਹੈ। ਪੰਜਾਬ ਲਈ ਇਹਨਾਂ ਦੋਹਾਂ ਪਾਰਟੀਆਂ ਦਾ ਕੋਈ ਸਮਝੌਤਾ ਨਹੀਂ ਹੋਇਆ ਅਤੇ ਦੋਹਾਂ ਪਾਰਟੀਆਂ ਦੀਆਂ ਸੂਬਾ ਇਕਾਈਆਂ ਪੰਜਾਬ ਦੀਆਂ ਤੇਰਾਂ ਦੀਆਂ ਤੇਰਾਂ ਸੀਟਾਂ ਲਈ ਆਪਣੇ-ਆਪਣੇ ਉਮੀਦਵਾਰ ਖੜ੍ਹੇ ਕਰਨ ਦੀ ਜ਼ਿਦ 'ਤੇ ਅੜੀਆਂ ਹੋਈਆਂ ਹਨ।

ਦੂਸਰੇ ਪਾਸੇ ਬੀ ਜੇ ਪੀ ਅਤੇ ਅਕਾਲੀ ਪਾਰਟੀ ਦਾ ਵੀ ਆਪਸੀ ਸਮਝੌਤਾ ਨਹੀਂ ਹੋ ਸਕਿਆ। ਦੋਵੇਂ ਪਾਰਟੀਆਂ ਵੀ ਪੰਜਾਬ ਦੀਆਂ ਸਾਰੀਆਂ ਸੀਟਾਂ 'ਤੇ ਆਹਮਣੇ-ਸਾਹਮਣੇ ਹੋਣਗੀਆਂ। ਅਕਾਲੀ ਦਲ ਅਤੇ ਮਾਇਆਵਤੀ ਦੀ ਬਹੁਜਨ ਸਮਾਜ ਪਾਰਟੀ ਵੀ ਇਕੱਠੀਆਂ ਨਹੀਂ ਰਹੀਆਂ। ਮਾਰਕਸਵਾਦੀ ਪਾਰਟੀ ਨੇ ਵੀ ਪੰਜਾਬ ਦੀਆਂ ਤਿੰਨ ਸੀਟਾਂ 'ਤੇ ਆਪਣੇ ਉਮੀਦਵਾਰ ਉਤਾਰਨ ਦਾ ਫੈਸਲਾ ਕੀਤਾ ਹੈ। ਸਿਮਰਨਜੀਤ ਸਿੰਘ ਮਾਨ ਨੇ ਸੰਗਰੂਰ ਤੋਂ ਚੋਣ ਲੜਨੀ ਹੀ ਹੈ। ਇਸ ਤਰ੍ਹਾਂ ਵੋਟਾਂ ਦਾ ਵੰਡਿਆ ਜਾਣਾ ਸੁਭਾਵਿਕ ਹੀ ਹੈ। ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸੋਚ ਇਹ ਹੈ ਕਿ ਭਗਵੰਤ ਮਾਨ ਸਰਕਾਰ ਦੀ ਪਿਛਲੇ ਦੋ ਸਾਲ ਦੀ ਕਾਰਗੁਜ਼ਾਰੀ ਵਧੀਆ ਰਹੀ ਹੈ, ਇਸ ਲਈ ਆਮ ਜਨਤਾ ਉਹਨਾਂ ਦਾ ਸਾਥ ਦੇਵੇਗੀ। ਦੂਜੇ ਪਾਸੇ ਕਾਂਗਰਸ ਪਾਰਟੀ ਦੀ ਪੰਜਾਬ ਇਕਾਈ ਦਾ ਇਹ ਮੰਨਣਾ ਹੈ ਕਿ ਕਿਉਂ ਜੋ ਆਮ ਆਦਮੀ ਪਾਰਟੀ ਸਰਕਾਰ ਨੇ ਆਪਣੇ ਬਹੁਤੇ ਵਾਅਦੇ ਪੂਰੇ ਨਹੀਂ ਕੀਤੇ, ਮੁਲਾਜ਼ਮ ਵਰਗ ਦੀਆਂ ਮੰਗਾਂ ਨਹੀਂ ਮੰਨੀਆਂ, ਭਗਵੰਤ ਮਾਨ ਆਪਣੀ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਦੀ ਹਾਂ ਵਿੱਚ ਹਾਂ ਮਿਲਾਉਂਦਾ ਰਿਹਾ ਹੈ, ਇਸ ਲਈ ਲੋਕ ਆਮ ਆਦਮੀ ਪਾਰਟੀ ਨੂੰ ਮੂੰਹ ਨਹੀਂ ਲਾਉਣਗੇ। ਸ਼੍ਰੋਮਣੀ ਅਕਾਲੀ ਦਲ ਦੇ ਕੁਝ ਰੁੱਸੇ ਨੇਤਾਵਾਂ ਦੇ ਪਾਰਟੀ ਵਿੱਚ ਮੁੜ ਆਉਣ ਨਾਲ ਵੋਟਰਾਂ ਵਿੱਚ ਚੰਗਾ ਪ੍ਰਭਾਵ ਜਾਵੇਗਾ ਅਤੇ ਪਾਰਟੀ ਆਪਣੇ ਰਵਾਇਤੀ ਹਿਮਾਇਤੀਆਂ ਨੂੰ ਨਾਲ ਜੋੜਨ ਵਿੱਚ ਕਾਮਯਾਬ ਹੋਵੇਗੀ। ਬੀ ਜੇ ਪੀ ਨਾਲ ਉਹਨਾਂ ਨੇ ਸਮਝੌਤਾ ਵੀ ਇਸ ਲਈ ਨਹੀਂ ਕੀਤਾ ਕਿ ਉਹ ਕਿਸਾਨਾਂ ਨੂੰ ਨਰਾਜ਼ ਨਹੀਂ ਕਰਨਾ ਚਾਹੁੰਦੇ। ਮਾਰਕਸਵਾਦੀ ਪਾਰਟੀ ਅਤੇ ਬਹੁਜਨ ਸਮਾਜ ਪਾਰਟੀ ਨੇ ਜਿੱਤਣ ਲਈ ਆਪਣੇ ਉਮੀਦਵਾਰ ਨਹੀਂ ਖੜ੍ਹੇ ਕਰਨੇ ਬਲਕਿ ਆਪਣੇ ਵੋਟਰਾਂ ਵਿੱਚ ਆਪਣੀ ਹਾਜ਼ਰੀ ਹੀ ਲਵਾਉਣੀ ਹੈ।

ਅਸਲ ਵਿੱਚ ਪੰਜਾਬ ਦੀਆਂ ਤਿੰਨ ਮੁੱਖ ਪਾਰਟੀਆਂ – ਆਮ ਆਦਮੀ ਪਾਰਟੀ, ਕਾਂਗਰਸ ਅਤੇ ਅਕਾਲੀ ਪੰਜਾਬ ਦੇ ਜ਼ਮੀਨੀ ਹਾਲਾਤ ਨੂੰ ਦਰ ਕਿਨਾਰਾ ਕਰ ਰਹੇ ਹਨ। ਤਿੰਨਾਂ ਪਾਰਟੀਆਂ ਦੀ ਸਾਰੀਆਂ ਸੀਟਾਂ 'ਤੇ ਲੜਨ ਦੀ ਜ਼ਿਦ ਤਿੰਨਾਂ ਨੂੰ ਹੀ ਨੁਕਸਾਨ ਪਹੁੰਚਾਏਗੀ। ਉਹਨਾਂ ਨੂੰ ਇਹ ਗੱਲ ਯਾਦ ਰੱਖਣੀ ਚਾਹੀਦੀ ਹੈ ਕਿ ਚੁਣਾਵੀ ਬਾਂਡਾਂ ਦੀ ਧਾਂਦਲੀ ਨੇ ਬੀ ਜੇ ਪੀ ਦੇ ਅਕਸ ਨੂੰ ਖੋਰਾ ਲਾਇਆ ਹੈ, ਵਧਦੀ ਮਹਿੰਗਾਈ ਅਤੇ ਬੇਰੁਜ਼ਗਾਰੀ ਨੇ ਆਮ ਲੋਕਾਂ ਵਿੱਚ ਗੁੱਸੇ ਦੀ ਭਾਵਨਾ ਭਰੀ ਹੈ, ਪਰ ਇਹ ਵੀ ਸਚਾਈ ਹੈ ਕਿ ਇਹਨਾਂ ਤਿੰਨਾਂ ਪਾਰਟੀਆਂ ਦੇ ਅੰਦਰੂਨੀ ਹਾਲਾਤ ਵੀ ਬਹੁਤੇ ਖ਼ੁਸ਼ਗਵਾਰ ਨਹੀਂ ਹਨ। ਕਾਂਗਰਸ ਦੇ ਕਈ ਵੱਡੇ ਨੇਤਾ ਬੀ ਜੇ ਪੀ ਦੀ ਝੋਲੀ ਵਿੱਚ ਜਾ ਪਏ ਹਨ। ਮੌਜੂਦਾ ਕਾਂਗਰਸੀ ਐੱਮ ਪੀ ਹੀ ਪਾਰਟੀ ਛੱਡ ਕੇ ਜਾ ਰਹੇ ਹਨ। ਆਮ ਆਦਮੀ ਪਾਰਟੀ ਦਾ ਵੀ ਇਹੋ ਹਾਲ ਹੈ। ਰਾਜ ਸਭਾ ਦੀਆਂ ਸੀਟਾਂ ਲਈ ਉਹਨਾਂ ਨੇ ਪੰਜਾਬ ਤੋਂ ਬਾਹਰਲੇ ਬੰਦਿਆਂ ਨੂੰ ਮੌਕਾ ਦੇ ਕੇ ਇੱਕ ਕਿਸਮ ਦਾ ਪੰਜਾਬ ਨਾਲ ਧੋਖਾ ਹੀ ਕੀਤਾ ਹੈ। ਪੁਰਾਣੀ ਪੈਨਸ਼ਨ ਸਕੀਮ ਦਾ ਵਾਅਦਾ ਪੂਰਾ ਨਾ ਕਰ ਕੇ ਮੁਲਾਜ਼ਮਾਂ ਨੂੰ ਆਪਣੇ ਵਿਰੁੱਧ ਕੀਤਾ ਹੈ। ਉਹ ਹੁਣ ਇੱਕ ਕਲਾਕਾਰ ਨੂੰ ਟਿਕਟ ਦੇ ਕੇ ਕੀ ਸਿੱਧ ਕਰਨਾ ਚਾਹੁੰਦੇ ਹਨ? ਪਹਿਲਾਂ ਇੱਕ ਕ੍ਰਿਕਟ ਖਿਡਾਰੀ ਨੂੰ ਰਾਜ ਸਭਾ ਵਿੱਚ ਭੇਜ ਕੇ ਕੀ ਖੱਟਿਆ?

ਜੇ ਕਾਂਗਰਸ ਦੀ ਗੱਲ ਕੀਤੀ ਜਾਵੇ ਤਾਂ ਇਸ ਸਮੇਂ ਉਹਨਾਂ ਕੋਲ ਅਜਿਹਾ ਕਿਹੜਾ ਨੇਤਾ ਹੈ ਜਿਸਦਾ ਸਾਰੇ ਪੰਜਾਬ ਵਿੱਚ ਵਧੀਆ ਪ੍ਰਭਾਵ ਹੋਵੇ? ਮੌਜੂਦਾ ਕਾਂਗਰਸ ਪ੍ਰਧਾਨ ਰਾਜਾ ਵੜਿੰਗ ਨੂੰ ਉਸ ਦੇ ਇਲਾਕੇ ਤੋਂ ਬਾਹਰ ਕੋਈ ਨਹੀਂ ਜਾਣਦਾ। ਪ੍ਰਤਾਪ ਸਿੰਘ ਬਾਜਵਾ ਹੀ ਅਜਿਹਾ ਨੇਤਾ ਹੈ, ਜਿਸਦੀ ਕੋਈ ਸਾਖ਼ ਹੈ। ਸ਼ਮਸ਼ੇਰ ਸਿੰਘ ਦੂੱਲੋ ਅਤੇ ਲਾਲ ਸਿੰਘ ਪੁਰਾਣੇ ਨੇਤਾ ਜ਼ਰੂਰ ਹਨ ਪਰ ਉਹ ਸਿਰਫ ਆਪਣੇ ਨਿੱਜੀ ਫਾਇਦਿਆਂ ਤਕ ਹੀ ਮਹਿਦੂਦ ਰਹੇ ਹਨ, ਲੋਕਾਂ ਦੇ ਨੇੜੇ ਨਹੀਂ ਹੋ ਸਕੇ। ਚਰਨਜੀਤ ਚੰਨੀ ਨੂੰ ਮੁੱਖ ਮੰਤਰੀ ਬਣ ਕੇ ਆਪਣਾ ਰਾਜਸੀ ਕੱਦ ਉੱਚਾ ਕਰਨ ਦਾ ਮੌਕਾ ਮਿਲਿਆ ਸੀ, ਪਰ ਉਹ ਉਲਟੇ-ਸਿੱਧੇ ਬਿਆਨ ਦੇ ਕੇ ਹਾਸੇ ਦਾ ਪਾਤਰ ਹੀ ਬਣ ਗਿਆ।

ਇਹੋ ਹਾਲ ਅਕਾਲੀ ਪਾਰਟੀ ਦਾ ਹੈ। ਅਸੈਂਬਲੀ ਚੋਣਾਂ ਬੁਰੀ ਤਰ੍ਹਾਂ ਹਾਰਨ ਤੋਂ ਬਾਅਦ ਅਜੇ ਤਕ ਇਸ ਪਾਰਟੀ ਦਾ ਬਹੁਤਾ ਅਕਸ ਨਹੀਂ ਸੁਧਰਿਆ। ਸੁਖਦੇਵ ਸਿੰਘ ਢੀਂਢਸਾ ਅਤੇ ਬੀਬੀ ਜਾਗੀਰ ਕੌਰ ਬਹੁਤੇ ਕੱਦਾਵਰ ਨੇਤਾ ਨਹੀਂ ਹਨ। ਢੀਂਡਸਾ ਸਾਹਿਬ ਸਿਰਫ ਸੰਗਰੂਰ ਤਕ ਮਹਿਦੂਦ ਰਹੇ ਅਤੇ ਜਗੀਰ ਕੌਰ ਭੁਲੱਥ ਤਕ। ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੀ ਆਪਣੇ ਪਿਤਾ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੀ ਤਰ੍ਹਾਂ ਆਮ ਲੋਕਾਂ ਦਾ ਹਰਮਨ ਪਿਆਰਾ ਨੇਤਾ ਨਹੀਂ ਬਣ ਸਕਿਆ। ਬਿਕਰਮ ਸਿੰਘ ਮਜੀਠੀਆ ਵੀ ਮਾਝੇ ਦਾ ਹੀ ਸ਼ੇਰ ਹੈ। ਜੇ ਦੇਖਿਆ ਜਾਵੇ ਤਾਂ ਮੌਜੂਦਾ ਹਾਲਾਤ ਵਿੱਚ ਕਿਸੇ ਵੀ ਮੁੱਖ ਪਾਰਟੀ ਕੋਲ 13 ਚੰਗੇ ਉਮੀਦਵਾਰ ਲੱਭਣੇ ਖਾਲਾ ਜੀ ਦਾ ਵਾੜਾ ਨਹੀਂ। ਆਮ ਆਦਮੀ ਪਾਰਟੀ ਨੂੰ ਆਪਣੇ ਪੰਜ ਮੰਤਰੀ ਮੈਦਾਨ ਵਿੱਚ ਉਤਾਰਨੇ ਪਏ ਹਨ। ਬੀ ਜੇ ਪੀ, ਪਟਿਆਲਾ ਤੋਂ ਪਰਨੀਤ ਕੌਰ ਨੂੰ, ਲੁਧਿਆਣਾ ਤੋਂ ਰਵਨੀਤ ਸਿੰਘ ਬਿੱਟੂ ਅਤੇ ਜਲੰਧਰ ਤੋਂ ਆਮ ਆਦਮੀ ਪਾਰਟੀ ਛੱਡ ਕੇ ਆਏ ਐੱਮ ਪੀ ਨੂੰ ਟਿਕਟ ਦੇਵੇਗੀ। ਉਹ ਕੋਸ਼ਿਸ਼ ਕਰਨਗੇ ਕਿ ਹੋਰ ਪਾਰਟੀਆਂ ਦੇ ਵੱਡੇ ਆਗੂਆਂ ਨੂੰ ਦਲ ਬਦਲੀ ਕਰਵਾ ਕੇ ਟਿਕਟ ਦੇਣ। ਮਨਪ੍ਰੀਤ ਸਿੰਘ ਬਾਦਲ ਅਤੇ ਜਾਖੜ ਨੂੰ ਵੀ ਟਿਕਟ ਦੇਣਗੇ। ਪੰਜਾਬ ਵਿੱਚ ਉਹਨਾਂ ਦਾ ਹੇਠਲਾ ਕਾਡਰ ਬਹੁਤਾ ਵਧੀਆ ਨਹੀਂ।

ਜੇ ਪੰਜਾਬ ਦੀਆਂ ਗੈਰ ਬੀ ਜੇ ਪੀ ਪਾਰਟੀਆਂ ਨੇ ਪੰਜਾਬ ਵਿੱਚ ਜ਼ਿਆਦਾ ਸੀਟਾਂ ਜਿੱਤਣੀਆਂ ਹਨ ਤਾਂ ਸਭ ਨੂੰ ਸਿਰ ਜੋੜ ਕੇ ਬੈਠਣਾ ਪਵੇਗਾ, ਆਪਣੀ-ਆਪਣੀ ਹਉਮੈ ਤਿਆਗਣੀ ਪਵੇਗੀ। ਇਸ ਸਮੇਂ ਕੋਈ ਵੀ ਪਾਰਟੀ 13 ਤਾਂ ਛੱਡੋ 5-6 ਸਿੱਟਾ ਵੀ ਨਹੀਂ ਜਿੱਤ ਸਕਦੀ। ਸੰਗਰੂਰ ਵਾਲੀ ਸੀਟ ਮੌਜੂਦਾ ਐੱਮ ਪੀ ਸਿਮਰਨਜੀਤ ਸਿੰਘ ਮਾਨ ਲਈ ਛੱਡਣੀ ਚਾਹੀਦੀ ਹੈ, ਬਸ਼ਰਤੇ ਉਹ ਪੰਜਾਬ ਵਿੱਚੋਂ ਹੋਰ ਕਿਸੇ ਸੀਟ ਤੋਂ ਆਪਣੀ ਪਾਰਟੀ ਦਾ ਉਮੀਦਵਾਰ ਨਹੀਂ ਖੜ੍ਹਾ ਕਰਨਗੇ। ਇੱਕ ਸੀਟ ਮਾਰਕਸਵਾਦੀ ਪਾਰਟੀ ਨੂੰ ਵੀ ਦਿੱਤੀ ਜਾਣੀ ਚਾਹੀਦੀ ਹੈ। ਕਾਂਗਰਸ ਅਤੇ ਅਕਾਲੀ ਪਾਰਟੀ ਨੂੰ ਜ਼ਮੀਨੀ ਹਕੀਕਤ ਸਮਝਦੇ ਹੋਏ ਸਮਝੌਤਾ ਕਰਨਾ ਪਵੇਗਾ। ਆਮ ਆਦਮੀ ਪਾਰਟੀ ਨੂੰ ਦੇਸ ਦੀ ਮੌਜੂਦਾ ਸਥਿਤੀ ਨੂੰ ਧਿਆਨ ਵਿੱਚ ਰੱਖਦੇ ਹੋਏ ਬੀ ਜੇ ਪੀ ਤੋਂ ਖਹਿੜਾ ਛੁਡਾਉਣ ਲਈ ਅੱਗੇ ਆਉਣਾ ਪਵੇਗਾ। ਕਾਂਗਰਸ ਹਾਈ ਕਮਾਂਡ ਨੇ ਜਿਵੇਂ ਯੂ ਪੀ, ਬਿਹਾਰ, ਦਿੱਲੀ ਵਿੱਚ ਘੱਟ ਸੀਟਾਂ ਲੈ ਕੇ ਸਬਰ ਕੀਤਾ ਹੈ, ਉਸੇ ਤਰ੍ਹਾਂ ਪੰਜਾਬ ਵਿੱਚ ਕਰਨਾ ਪਵੇਗਾ।

KNOWLEDGE TEST
PREPRATION ON COMPUTER
For Class 1,2,3,4,5,6,7 & 8
in PUNJABI & ENGLISH
AIR BRAKE COURSE EVERY WEEK
Frontline DRIVING SCHOOL
Regular Lesson Price $55(60mins)
Male/Female Trainers Available
ਘਰ ਵਰਗਾ ਮਾਹੌਲ ਭੈਣਾਂ ਲਈ ਲੇਡੀਜ਼ ਟੀਚਰ
ਅਤੇ ਵੱਖਰਾ ਕਲਾਸ ਰੂਮ
GOLDEN PACKAGE: ~~$950~~ 899
15 Lessons (60min each)
+ Road Test Car rental with
1 Warmup Lesson
Savings: $51
SILVER PACKAGE: ~~$675~~ - 625
10 Lessons (60min each)
+ Road Test Car rental with
1 Warmup Lesson
Savings: $50
ICBC CERTIFIED TRAINERS
ICBC, ਸੀਡਰ ਪਾਰਕ ਪਲੇਸ ਅਤੇ ਸ਼ਹਿਰ ਦੇ ਤਿੰਨੋਂ ਗੁਰਦੁਆਰਾ ਸਾਹਿਬਾਨ ਤੋਂ ਰਾਈਡ ਦਾ ਖਾਸ ਪ੍ਰਬੰਧ ਹੈ।
Call Now to book:
Gurpreet/Ranbir Sidhu
778.779.5888

# 7-2345 Windsor Street Abbotsford
Safety Inspected
2022 Toyota Corolla
778-779-5888

Passport Photos
Family Partrait
Graduation
Fashion | Glamour
Photo Restoration
Photography
for all occasions
ਪਾਸਪੋਰਟ ਫੋਟੋ 2 ਫੋਟੋ $5 ਦੀਆਂ
ROYAL PHOTO STUDIO
ਵਿਆਹ ਜਾਂ ਕਿਸੇ ਵੀ ਫੰਕਸ਼ਨ ਤੇ ਵੀਡੀਓ ਦੀ ਸੇਵਾ
HD Blu-Ray, Cinematography
#171-8138 128 Street, Surrey (Payal Business Centre)
8140-120 Street, Surrey ( ਇੰਡੀਆ ਕੌਂਸਲੇਟ ਦੇ ਥੱਲੇ)
Mandeep S. Dhillon 604-594-2131, 778-840-4600

Diamond
Sweets & Restaurant
3 LOCATIONS
» SURREY
#102-15933 Fraser Hwy, Surrey, BC
604-593-5566
» LANGLEY
#102-7228 192 St. Langley, BC
604-372-4949
» DELTA
#160-8047 120St. Delta, BC
604-5917277
Specialised in all kinds of Indian Sweets & Foods
We do Catering for all Occassions
Open 7 days a Week
10:00am to 10:00pm


# ਫੈਡਰਲਿਜ਼ਮ ਨੂੰ ਢਾਹ

ਲਿਖਤ : ਸੁੱਚਾ ਸਿੰਘ ਗਿੱਲ, ਸੰਪਰਕ: 98550-82857




ਲੋਕ ਸਭਾ ਚੋਣਾਂ ਵਾਸਤੇ ਵੋਟਾਂ ਤੋਂ ਪਹਿਲਾਂ ਸੰਭਾਵੀ ਉਮੀਦਵਾਰਾਂ ਦੀ ਦਲ ਬਦਲੀ ਦੀਆਂ ਖ਼ਬਰਾਂ ਮੀਡੀਆ 'ਚ ਸੁਰਖੀਆਂ ਬਣ ਰਹੀਆਂ ਹਨ। ਕਾਫੀ ਗਿਣਤੀ 'ਚ ਨੇਤਾ ਪਾਰਟੀ ਛੱਡ ਕੇ ਹਾਕਮ ਭਾਜਪਾ ਵਿੱਚ ਸ਼ਮੂਲੀਅਤ ਕੀਤੀ ਜਾ ਰਹੀ ਹੈ। ਇਹ ਰੁਝਾਨ ਪੈਦਾ ਕਰਨ ਵਿੱਚ ਕੇਂਦਰੀ ਏਜੰਸੀਆਂ ਦੇ ਦਬਾਅ ਦੇ ਨਾਲ-ਨਾਲ ਨੇਤਾਵਾਂ ਵਿੱਚ ਵਿਚਾਰਧਾਰਾ ਨੂੰ ਤਿਲਾਂਜਲੀ ਦੇ ਕੇ ਸੱਤਾ ਵਿੱਚ ਰਹਿਣ ਦੀ ਪ੍ਰਵਿਰਤੀ ਨੇ ਵੱਡਾ ਰੋਲ ਨਿਭਾਇਆ ਹੈ। ਸੱਤਾ ਵਿੱਚ ਰਹਿਣ ਦੇ ਪਿੱਛੇ ਆਰਥਿਕਤਾ ਅਤੇ ਲਾਲਚ ਨੇ ਇਨ੍ਹਾਂ ਨੇਤਾਵਾਂ ਦੇ ਦਲ ਬਦਲੀ ਦੇ ਫੈਸਲੇ ਨੂੰ ਕਾਫ਼ੀ ਹੱਦ ਤਕ ਪ੍ਰਭਾਵਿਤ ਕੀਤਾ ਹੈ। ਦਲ ਬਦਲੀ ਦੀ ਆਰਥਿਕਤਾ ਨੂੰ ਸਮਝਣ ਤੋਂ ਬਗੈਰ ਇਸ ਵਰਤਾਰੇ ਨੂੰ ਠੀਕ ਤਰ੍ਹਾਂ ਸਮਝਿਆ ਨਹੀਂ ਜਾ ਸਕਦਾ।

ਆਜ਼ਾਦੀ ਦੀ ਲਹਿਰ ਵਿੱਚ ਲੱਖਾਂ ਲੋਕਾਂ ਨੇ ਨਿਰਸਵਾਰਥ ਰੋਲ ਅਦਾ ਕੀਤਾ ਸੀ। ਕਾਫ਼ੀ ਲੋਕਾਂ ਨੇ ਜੇਲ੍ਹਾਂ ਕੱਟੀਆਂ, ਤਸੀਹੇ ਝੱਲੇ, ਜਾਨਾਂ ਕੁਰਬਾਨ ਕੀਤੀਆਂ ਅਤੇ ਜਾਇਦਾਦਾਂ ਕੁਰਕ ਕਰਵਾਈਆਂ। ਆਜ਼ਾਦੀ ਦੇ ਇਨ੍ਹਾਂ ਪਰਵਾਨਿਆਂ ਕੋਲ ਭਾਰਤ ਨੂੰ ਜਮਹੂਰੀ, ਧਰਮ ਨਿਰਪੱਖ ਅਤੇ ਅਗਾਂਹਵਧੂ ਬਣਾਉਣ ਦਾ ਸੁਫ਼ਨਾ ਸੀ। ਆਰਥਿਕਤਾ ਵਿੱਚ ਨਾ-ਬਰਾਬਰੀ ਰੋਕਣ ਵਾਸਤੇ ਵਚਨਬੱਧਤਾ ਅਤੇ ਲੋਕ ਭਲਾਈ ਵਾਲਾ ਰਾਜ ਕਾਇਮ ਕਰਨਾ ਇਸ ਸੁਫ਼ਨੇ ਦਾ ਹਿੱਸਾ ਸੀ; ਇਸ ਦੀ ਪ੍ਰਾਪਤੀ ਬਾਰੇ ਲੋਕਾਂ ਨੂੰ ਵਿਸ਼ਵਾਸ ਦਿਵਾਇਆ ਗਿਆ ਸੀ। ਇਸ ਨੂੰ ਸਾਕਾਰ ਕਰਨ ਵਾਸਤੇ ਸੰਵਿਧਾਨ ਬਣਾ ਕੇ ਦੇਸ਼ ਨੂੰ ਧਰਮ ਨਿਰਪੱਖ, ਜਮਹੂਰੀ ਗਣਤੰਤਰ ਦਾ ਐਲਾਨ (26 ਜਨਵਰੀ 1950) ਕੀਤਾ ਗਿਆ। ਇਸ ਦੀ ਪ੍ਰਾਪਤੀ ਦਾ ਅਮਲ 1970ਵਿਆਂ ਦੇ ਅੱਧ ਤੱਕ ਤਕ ਬਾਖ਼ੂਬੀ ਜਾਰੀ ਰਿਹਾ। ਐਮਰਜੈਂਸੀ (1975-77) ਨੇ ਲੋਕਾਂ ਦੇ ਜਮਹੂਰੀ ਹੱਕ ਖੋਹ ਕੇ ਅਤੇ ਵਿਰੋਧੀ ਪਾਰਟੀਆਂ ਦੇ ਲੀਡਰਾਂ ਨੂੰ ਜੇਲ੍ਹਾਂ ਵਿੱਚ ਡੱਕ ਕੇ ਵੱਡਾ ਵਿਗਾੜ ਪੈਦਾ ਕਰ ਦਿੱਤਾ। 1977 ਦੀਆਂ ਚੋਣਾਂ ਵਿੱਚ ਲੋਕਾਂ ਨੇ ਕਾਂਗਰਸ ਨੂੰ ਕਰਾਰੀ ਹਾਰ ਨਾਲ ਸਬਕ ਸਿਖਾਇਆ ਪਰ 1980ਵਿਆਂ ਦੇ ਅੰਸ਼ਕ ਉਦਾਰੀਕਰਨ ਅਤੇ 1991 ਵਿੱਚ ਉਦਾਰੀਕਰਨ, ਨਿੱਜੀਕਰਨ ਤੇ ਵਿਸ਼ਵੀਕਰਨ ਦੀਆਂ ਨੀਤੀਆਂ ਨੇ ਕਾਰਪੋਰੇਟ ਸਰਮਾਏਦਾਰੀ ਨੂੰ ਆਰਥਿਕਤਾ ਅਤੇ ਸਿਆਸਤ ਵਿੱਚ ਕਾਬਜ਼ ਹੋਣ ਦਾ ਰਸਤਾ ਖੋਲ੍ਹ ਦਿੱਤਾ। ਹੁਣ ਦੇਸ਼ ਕਾਰਪੋਰੇਟ ਘਰਾਣਿਆਂ ਵਲੋਂ ਸਾਧਨਾਂ ਦੀ ਲੁੱਟ ਅਤੇ ਜਮਹੂਰੀਅਤ ਖ਼ਤਮ ਕਰਨ ਦੀ ਮਾਰ ਝੱਲ ਰਿਹਾ ਹੈ।

ਇਸ ਵਰਤਾਰੇ ਦੌਰਾਨ ਸਿਆਸੀ ਲੀਡਰਾਂ ਦੇ ਖਾਸੇ ਵਿੱਚ ਸਿਫ਼ਤੀ ਤਬਦੀਲੀ ਆਈ ਹੈ। ਹੁਣ ਲੀਡਰ ਸਿਆਸਤ ਨੂੰ ਦੇਸ਼ ਅਤੇ ਲੋਕ ਸੇਵਾ ਦੀ ਬਜਾਇ ਆਪਣੇ ਅਤੇ ਪਰਿਵਾਰ ਦੀ ਸੇਵਾ ਦਾ ਸਾਧਨ ਸਮਝਣ ਲੱਗ ਪਏ ਹਨ। ਬਹੁਤੇ ਸਿਆਸੀ ਲੀਡਰਾਂ ਦੇ ਆਪਣੇ ਕਾਰੋਬਾਰ ਹਨ; ਅਫਸਰਸ਼ਾਹੀ ਨਾਲ ਮਿਲ ਕੇ ਟੈਕਸ ਚੋਰੀ ਕਰਦੇ ਹਨ, ਰਿਸ਼ਵਤਖੋਰੀ ਫੈਲਾਈ ਜਾਂਦੀ ਹੈ: ਫੰਡਾਂ ਵਿੱਚ ਗਬਨ ਕੀਤੇ ਜਾਂਦੇ ਹਨ। ਕੁਝ ਲੀਡਰ ਨਸ਼ਿਆਂ ਦੇ ਗੈਰ-ਕਾਨੂੰਨੀ ਧੰਦੇ ਤੋਂ ਵੀ ਗੁਰੇਜ਼ ਨਹੀਂ ਕਰਦੇ।

ਇਹ ਧੰਦੇ ਸਰਕਾਰੀ ਮਸ਼ੀਨਰੀ ਦੀ ਸਰਪ੍ਰਸਤੀ ਅਤੇ ਮਦਦ ਤੋਂ ਬਗੈਰ ਚਲਾਏ ਨਹੀਂ ਜਾ ਸਕਦੇ। ਇਹ ਲੀਡਰ ਜਨਤਕ ਸਾਧਨਾਂ ਦੀ ਲੁੱਟ ਕਰਦੇ ਹਨ ਅਤੇ ਲਿਹਾਜੀ ਪੂੰਜੀਵਾਦ (ਛਰੋਨੇ ਛਓਪਿਟਓਲਿਸਮ) ਦੇ ਪ੍ਰਤੀਕ ਹਨ। ਇਹ ਲੀਡਰ ਸਿਆਸਤ ਵਿੱਚ ਪੇਸ਼ੇ ਦੇ ਤੌਰ 'ਤੇ ਸ਼ਾਮਿਲ ਹੋਏ ਹਨ। ਇਨ੍ਹਾਂ ਦਾ ਮੁੱਖ ਮੰਤਵ ਆਪਣੇ ਕਾਰੋਬਾਰਾਂ ਨੂੰ ਜਾਇਜ਼ ਤੇ ਨਾਜਾਇਜ਼ ਤਰੀਕੇ ਨਾਲ ਵਧਾਉਣਾ ਅਤੇ ਸਿਆਸਤ ਦੀ ਪੌੜੀ ਵਿੱਚ ਉਪਰ ਜਾਣਾ ਹੈ। ਸ਼ਹੀਦ ਭਗਤ ਸਿੰਘ, ਡਾ. ਭੀਮ ਰਾਓ ਅੰਬੇਡਕਰ, ਮਹਾਤਮਾ ਗਾਂਧੀ ਵਰਗੇ ਲੀਡਰਾਂ ਅਤੇ ਸਮਾਜਵਾਦ ਦਾ ਜਾਮਾ ਪਾ ਕੇ ਕੁਝ ਲੋਕ ਧਰਮ ਦੇ ਨਾਂ 'ਤੇ ਸਿਆਸਤ ਵਿੱਚ ਦਾਖਲ ਹੁੰਦੇ ਹਨ ਪਰ ਜਲਦੀ ਇਸ ਜਾਮੇ ਨੂੰ ਉਤਾਰ ਦਿੰਦੇਂ ਹਨ। ਹਾਕਮ ਪਾਰਟੀਆਂ ਦੇ ਬਹੁਤੇ ਲੀਡਰ ਵਪਾਰ ਦੀ ਸਿਆਸਤ ਹੀ ਕਰ ਰਹੇ ਹਨ ਪਰ ਕਈ ਵਾਰ ਵਿਚਾਰਧਾਰਾ ਦੇ ਮਖੌਟੇ ਵੀ ਪਾ ਲੈਂਦੇ ਹਨ। ਐਸੇ ਲੀਡਰ ਪਾਰਟੀ ਬਦਲਣ ਅਤੇ ਵਿਚਾਰਧਾਰਾ ਬਦਲਣ ਵਿੱਚ ਕੋਈ ਸੰਕੋਚ ਨਹੀਂ ਕਰਦੇ। ਪਾਰਟੀ ਬਦਲਣ ਸਮੇਂ ਆਪਣੇ ਕਾਰੋਬਾਰ ਨੂੰ ਹੁਲਾਰਾ ਦੇਣਾ ਅਤੇ ਇਕੱਠੀ ਕੀਤੀ ਧਨ-ਦੌਲਤ ਬਚਾਉਣ ਵਾਸਤੇ ਪਾਰਟੀਆਂ ਬਦਲੀਆਂ ਜਾਂਦੀਆਂ ਹਨ।

ਇਹ ਰੁਝਾਨ ਆਮ ਹੈ ਕਿ ਦਲ ਬਦਲੀ ਹਾਕਮ ਪਾਰਟੀ/ਪਾਰਟੀਆਂ ਵਲ ਕੀਤੀ ਜਾਂਦੀ ਹੈ। ਕਾਂਗਰਸ 2014 ਤੋਂ ਬਾਅਦ ਕਮਜ਼ੋਰ ਹੋਈ ਤਾਂ ਇਸ ਵਿਚੋਂ ਕਾਫ਼ੀ ਲੀਡਰ ਭਾਜਪਾ ਵਿੱਚ ਚਲੇ ਗਏ। ਭਾਜਪਾ ਜਿਨ੍ਹਾਂ ਕਾਂਗਰਸੀ ਲੀਡਰਾਂ ਨੂੰ ਬੇਈਮਾਨ ਤੇ ਭ੍ਰਿਸ਼ਟ ਸਮਝਦੀ ਸੀ, ਉਨ੍ਹਾਂ ਨੂੰ ਪਾਰਟੀ ਵਿੱਚ ਸ਼ਾਮਲ ਹੀ ਨਹੀਂ ਕੀਤਾ, ਅਹਿਮ ਅਹੁਦਿਆਂ 'ਤੇ ਬਿਰਾਜਮਾਨ ਕੀਤਾ। ਇਵੇਂ ਹੀ ਕਈ ਐਸੇ ਲੀਡਰ ਖੇਤਰੀ ਪਾਰਟੀਆਂ ਵਿਚੋਂ ਵੀ ਭਾਜਪਾ ਵਿੱਚ ਆਏ ਹਨ। ਕੁਝ ਲੀਡਰ ਇੱਕ ਖੇਤਰੀ ਪਾਰਟੀ ਛੱਡ ਕੇ ਸੱਤਾ ਵਿੱਚ ਆਉਣ ਵਾਲੀ ਜਾਂ ਆਈ ਦੂਜੀ ਖੇਤਰੀ ਪਾਰਟੀ ਵਿੱਚ ਸ਼ਾਮਲ ਹੋ ਰਹੇ ਹਨ। ਦੇਖਣ ਵਿੱਚ ਆਉਂਦਾ ਹੈ ਕਿ ਚੋਣ ਜਿੱਤਣ ਬਾਅਦ ਲੀਡਰ ਦੀ ਆਮਦਨ ਅਤੇ ਜਾਇਦਾਦ ਕਈ ਗੁਣਾ ਵਧ ਜਾਂਦੀ ਹੈ। ਸਿਆਸਤ ਸਭ ਤੋਂ ਵੱਧ ਫਾਇਦੇਮੰਦ ਅਤੇ ਤੇਜ਼ੀ ਨਾਲ ਤਰੱਕੀ ਵਾਲਾ ਧੰਦਾ ਬਣ ਗਈ ਹੈ। ਹਾਕਮ ਪਾਰਟੀਆਂ ਵਾਲਿਆਂ ਦੀ ਦੌਲਤ ਕਈ ਗੁਣਾ ਹੋ ਜਾਂਦੀ ਹੈ ਕਿਉਂਕਿ ਕੋਈ ਏਜੰਸੀ ਉਸ ਦੇ ਨੇੜੇ ਨਹੀਂ ਆ ਸਕਦੀ। ਦਲ ਬਦਲੀ ਦੀ ਇਹੋ ਆਰਥਿਕਤਾ ਹੈ।

ਦਲ ਬਦਲੀ ਕਰਨ ਵਾਲੇ ਲੀਡਰ ਲਿਹਾਜੀ ਪੂੰਜੀਵਾਦ ਦੇ ਸਮਰਥਕ ਅਤੇ ਪ੍ਰਚਾਰਕ ਵੀ ਹਨ। ਇਹ ਲੀਡਰ ਇਹ ਵਿਸ਼ਵਾਸ ਰੱਖਦੇ ਹਨ ਕਿ ਵਿਚਾਰਧਾਰਾ 'ਚ ਕੁਝ ਨਹੀਂ ਰੱਖਿਆ, ਸਿਰਫ਼ ਆਪਣੇ ਅਤੇ ਆਪਣੇ ਸਮਰਥਕਾਂ ਦੇ ਆਰਥਿਕ ਤੇ ਰਾਜਨੀਤਕ ਫਾਇਦੇ ਦੇਖ ਕੇ ਚੱਲਣਾ ਸਮੇਂ ਦੀ ਲੋੜ ਹੈ।

ਭਾਰਤ ਦੇ ਵੱਖ-ਵੱਖ ਸੂਬਿਆਂ ਵਿੱਚ ਅਲੱਗ-ਅਲੱਗ ਭਾਸ਼ਾਵਾਂ ਹਨ, ਧਰਮਾਂ ਦੀ ਵੰਨ-ਸਵੰਨਤਾ ਹੈ, ਸਭਿਆਚਾਰਕ ਵਖਰੇਵੇਂ ਹਨ। ਇਸ ਤੋਂ ਇਲਾਵਾ ਜਲਵਾਯੂ ਦੀ ਵੰਨ-ਸਵੰਨਤਾ ਕਾਰਨ ਸੂਬਿਆਂ ਦੀਆਂ ਲੋੜਾਂ ਅਤੇ ਵਿਕਾਸ ਦੀਆਂ ਸੰਭਾਵਨਾਵਾਂ ਵੀ ਵੱਖਰੀਆਂ ਹਨ। ਇਸ ਕਰ ਕੇ ਖੇਤਰੀ ਪਾਰਟੀਆਂ ਦੀ ਹੋਂਦ ਅਤੇ ਮਜ਼ਬੂਤੀ ਇਸ ਵੰਨ-ਸਵੰਨਤਾ ਦੀ ਜ਼ਰੂਰਤ ਹੈ ਪਰ 1991 ਤੋਂ ਬਾਅਦ ਬਹੁਤੀਆਂ ਖੇਤਰੀ ਪਾਰਟੀਆਂ ਨੇ ਖੇਤਰੀ ਏਜੰਡੇ ਨੂੰ ਤਿਲਾਂਜਲੀ ਦੇ ਦਿੱਤੀ ਹੈ। ਕੇਂਦਰ ਸਰਕਾਰ ਵਾਲੀ ਆਰਥਿਕ ਨੀਤੀ ਨੂੰ ਕਿਸੇ ਪੜਚੋਲ ਅਤੇ ਨੁਕਤਾਚੀਨੀ ਤੋਂ ਬਗੈਰ ਪ੍ਰਵਾਨ ਕਰ ਲਿਆ ਹੈ। ਜਦੋਂ 2016 ਜੀਐੱਸਟੀ ਲਾਗੂ ਕੀਤਾ ਤਾਂ ਟੈਕਸਾਂ ਦੀ ਉਗਰਾਹੀ ਅਤੇ ਰੇਟਾਂ ਬਾਰੇ ਕੇਂਦਰ ਸਰਕਾਰ ਦੀ ਅਗਵਾਈ ਨੂੰ ਖੇਤਰੀ ਪਾਰਟੀਆਂ ਨੇ ਮੰਨ ਲਿਆ। ਹੁਣ ਇਕੱਠੇ ਕੀਤੇ ਟੈਕਸ ਵਿਚੋਂ ਆਪਣੇ ਹਿੱਸੇ ਵਾਸਤੇ ਖੇਤਰੀ ਪਾਰਟੀਆਂ ਨੂੰ ਮੁਸ਼ਕਲਾਂ ਨਾਲ ਜੂਝਣਾ ਪੈ ਰਿਹਾ ਹੈ। ਦਲ ਬਦਲੀ ਦੇ ਇਸ ਦੌਰ ਵਿੱਚ ਖੇਤਰੀ ਪਾਰਟੀਆਂ ਦੇ ਲੀਡਰ ਕੇਂਦਰੀ ਪਾਰਟੀਆਂ ਵਿੱਚ ਸ਼ਾਮਲ ਹੋ ਰਹੇ ਹਨ ਕਿਉਂਕਿ ਖੇਤਰੀ ਪਾਰਟੀਆਂ ਨੇ ਫੈਡਰਲ ਢਾਂਚੇ ਨੂੰ ਬਚਾਉਣ ਦੀ ਵਿਚਾਰਧਾਰਾ ਨੂੰ ਤਿਲਾਂਜਲੀ ਦੇ ਦਿੱਤੀ ਹੈ। ਜੰਮੂ ਕਸ਼ਮੀਰ ਵਿਚੋਂ ਧਾਰਾ 370 ਖ਼ਤਮ ਕਰਨ ਅਤੇ ਨਾਗਰਿਕਾਂ ਦੀ ਕੌਮੀ ਰਜਿਸਟ੍ਰੇਸ਼ਨ ਕਾਨੂੰਨ (ਸੀਏਏ) ਪਾਸ ਕਰਨ ਸਮੇਂ ਕਈ ਖੇਤਰੀ ਪਾਰਟੀਆਂ ਨੇ ਪਾਰਲੀਮੈਂਟ ਵਿੱਚ ਹਾਕਮ ਭਾਜਪਾ ਦਾ ਸਾਥ ਦਿੱਤਾ। ਇਸ ਸੂਚੀ 'ਚ ਅਕਾਲੀ ਦਲ ਅਤੇ 'ਆਪ' ਵੀ ਸ਼ਾਮਲ ਹਨ। ਇਸ ਵਰਤਾਰੇ ਨਾਲ ਕੇਂਦਰੀ ਅਤੇ ਖੇਤਰੀ ਪਾਰਟੀਆਂ ਵਿੱਚ ਵਿਚਾਰਧਾਰਕ ਫ਼ਰਕ ਘਟ ਗਿਆ ਹੈ। ਇਸ ਕਰ ਕੇ ਖੇਤਰੀ ਪਾਰਟੀਆਂ ਦੇ ਲੀਡਰਾਂ ਵਲੋਂ ਆਪਣੇ ਕਾਰੋਬਾਰ ਅਤੇ ਅਹੁਦੇ ਬਚਾਉਣ ਵਾਸਤੇ ਕੇਂਦਰ ਵਿੱਚ ਸੱਤਾਧਾਰੀ ਪਾਰਟੀ ਵਿੱਚ ਸ਼ਾਮਲ ਹੋਣਾ ਸੌਖਾ ਹੋ ਗਿਆ ਹੈ। ਸੱਤਾ ਵਾਲੀ ਪਾਰਟੀ ਕੋਲ ਅਹੁਦੇ ਤੇ ਰਿਆਇਤਾਂ ਦੇਣ ਦੇ ਮੌਕੇ ਜ਼ਿਆਦਾ ਹਨ ਅਤੇ ਕੇਂਦਰੀ ਏਜੰਸੀਆਂ ਦੇ ਭੈਅ ਤੋਂ ਵੀ ਮੁਕਤੀ ਮਿਲਦੀ ਹੈ।


ਦਲ ਬਦਲੀ ਨਾਲ ਦੇਸ਼ ਵਿੱਚ ਗਣਤੰਤਰ ਅਤੇ ਇਸ ਨਾਲ ਜੁੜੀਆਂ ਕਦਰਾਂ ਕੀਮਤਾਂ ਨੂੰ ਗੰਭੀਰ ਖ਼ਤਰਾ ਬਣ ਗਿਆ ਹੈ। ਹਾਕਮ ਸਿਆਸੀ ਪਾਰਟੀਆਂ ਇਸ ਵਰਤਾਰੇ ਨੂੰ ਹੱਲਾਸ਼ੇਰੀ ਦੇ ਰਹੀਆਂ ਹਨ। ਜੇ ਇਸ ਵਰਤਾਰੇ ਨੂੰ ਨਾ ਰੋਕਿਆ ਗਿਆ ਤਾਂ ਜਮਹੂਰੀਅਤ ਅਤੇ ਲੋਕਾਂ ਦੇ ਜਮਹੂਰੀ ਹੱਕਾਂ ਦੀ ਰਾਖੀ ਕਰਨੀ ਔਖੀ ਹੋ ਜਾਵੇਗੀ। ਚੋਣ ਕਮਿਸ਼ਨ ਅਤੇ ਨਿਆਂਪਾਲਿਕਾ ਇਸ ਨੂੰ ਰੋਕਣ ਵਿੱਚ ਅਸਮਰਥ ਹਨ। ਮੀਡੀਆ ਇਸ ਵਰਤਾਰੇ ਖਿਲਾਫ਼ ਜਾਗਰੂਕਤਾ ਪੈਦਾ ਕਰਨ ਦੀ ਲੋੜੀਂਦੀ ਕੋਸ਼ਿਸ਼ ਨਹੀਂ ਕਰ ਰਿਹਾ। ਇਸ ਕਰ ਕੇ ਇਹ ਕਾਰਜ ਲੋਕਾਂ ਦੀ ਵਿਸ਼ਾਲ ਲਹਿਰ ਜ਼ਿੰਮੇ ਆਉਂਦਾ ਹੈ। ਇਸ ਲਹਿਰ ਵਿੱਚ ਇਸ ਮੌਕੇ ਸਭ ਤੋਂ ਵੱਧ ਸਰਗਰਮ ਕਿਸਾਨ ਯੂਨੀਅਨਾਂ ਹਨ। ਕੁਝ ਥਾਵਾਂ 'ਤੇ ਵਿਦਿਆਰਥੀ ਵਰਗ ਵੀ ਸਰਗਰਮ ਹੈ। ਇਸ ਲਹਿਰ ਦਾ ਘੇਰਾ ਵਧਾਉਣ ਲਈ ਮੁਲਾਜ਼ਮਾਂ, ਕਿਰਤੀਆਂ/ਮਜ਼ਦੂਰਾਂ ਅਤੇ ਮਿਹਨਤਕਸ਼ਾਂ ਦੀਆਂ ਜਥੇਬੰਦੀਆਂ ਦੇ ਨਾਲ-ਨਾਲ ਮੱਧਵਰਗੀ ਪੜ੍ਹੇ ਲਿਖੇ ਅਤੇ ਸੁਚੇਤ ਲੋਕਾਂ ਨੂੰ ਜੋੜਨਾ ਪਵੇਗਾ। ਇਸ ਵਿੱਚ ਵਿਚਾਰਧਾਰਾ ਦੀ ਸਪੱਸ਼ਟਤਾ ਅਤੇ ਵਚਨਬੱਧਤਾ ਆਜ਼ਾਦੀ ਸੰਗਰਾਮ ਵਾਲੀ ਪੈਦਾ ਕਰਨੀ ਪਵੇਗੀ। ਸਿਆਸਤ ਅਤੇ ਕਾਰੋਬਾਰ ਨੂੰ ਅੱਡ ਕਰਨ ਵਾਸਤੇ ਕਾਨੂੰਨੀ ਇੰਤਜ਼ਾਮ ਕਰਨੇ ਪੈਣਗੇ। ਯੂਰੋਪੀਅਨ ਦੇਸ਼ਾਂ ਵਾਂਗ ਪਬਲਿਕ ਫੰਡਿੰਗ ਦਾ ਇੰਤਜ਼ਾਮ ਕਰ ਕੇ ਚੋਣਾਂ ਦੇ ਖਰਚੇ ਵਾਸਤੇ ਕਾਰਪੋਰੇਟ ਘਰਾਣਿਆਂ 'ਤੇ ਨਿਰਭਰਤਾ ਖ਼ਤਮ ਕਰਨ ਦਾ ਯਤਨ ਕਰਨਾ ਪਵੇਗਾ। ਇਸ ਵਾਸਤੇ ਆਰਥਿਕਤਾ ਵਿੱਚ ਕਾਰਪੋਰੇਟ ਘਰਾਣਿਆਂ ਦੀ ਥਾਂ ਪਬਲਿਕ ਸੈਕਟਰ ਅਤੇ ਸਹਿਕਾਰੀ ਅਦਾਰਿਆਂ ਨੂੰ ਮਜ਼ਬੂਤ ਕਰਨਾ ਜ਼ਰੂਰੀ ਹੈ। ਇਹ ਕਾਰਜ ਮੁਸ਼ਕਲ ਜ਼ਰੂਰ ਹੈ ਪਰ ਅਸੰਭਵ ਨਹੀਂ। ਇਸ ਦੀ ਝਲਕ 2020-21 ਦੇ ਕਿਸਾਨ ਅੰਦੋਲਨ ਤੋਂ ਮਿਲਦੀ ਹੈ। ਇਸ ਅੰਦੋਲਨ ਵਿੱਚ ਕਿਸਾਨਾਂ ਤੋਂ ਇਲਾਵਾ ਹੋਰ ਵਰਗਾਂ ਦੇ ਲੋਕਾਂ ਨੇ ਧਰਮ ਨਿਰਪੱਖਤਾ ਅਤੇ ਗਣਤੰਤਰ ਦੀ ਮੁੜ ਸੁਰਜੀਤੀ ਵਾਸਤੇ ਵੱਡੀ ਪੱਧਰ 'ਤੇ ਸ਼ਮੂਲੀਅਤ ਕੀਤੀ ਸੀ। ਉਸ ਸਮੇਂ ਦੌਰਾਨ ਸਮਾਜ ਦੀ ਬਿਹਤਰੀ ਵਾਸਤੇ ਨਵੇਂ ਇਖਲਾਕ ਅਤੇ ਜਮਹੂਰੀਅਤ ਨੂੰ ਬਲ ਮਿਲਿਆ ਸੀ। ਇਸ ਨੂੰ ਦੁਬਾਰਾ ਉਭਾਰਨ ਦੀ ਜ਼ਰੂਰਤ ਹੈ। ਇਹ ਲੋਕ ਪੱਖੀ ਇਖਲਾਕ ਪ੍ਰਚਾਰ ਨਾਲ ਨਹੀਂ, ਵਿਹਾਰ ਨਾਲ ਹੀ ਪੈਦਾ ਕੀਤਾ ਜਾ ਸਕਦਾ ਹੈ।












# ਸਿੱਖ ਰਾਜ ਕਿਵੇਂ ਬਣਿਆ?

ਲੇਖਕ : ਗਿ: ਸੋਹਨ ਸਿੰਘ 'ਸੀਤਲ'

ਲੜੀ ਜੋੜਨ ਲਈ ਪਿਛਲਾ ਅੰਕ ਵੇਖੋ

## ਲੜਾਈ ਵਿਚ ਸ਼ਾਹ ਨਿਵਾਜ਼ ਕਤਲ

ਮੁਲਤਾਨ ਤੋਂ ਤਿੰਨ ਕੋਹ ਬਾਹਰ ਲੜਾਈ ਹੋਈ। ਸ਼ਾਹ ਨਿਵਾਜ਼ ਕੌੜਾ ਮੱਲ ਦੀਆਂ ਫ਼ੌਜਾਂ ਨੂੰ ਦਬਾਈ ਆ ਰਿਹਾ ਸੀ। ਕੌੜਾ ਮੱਲ ਨੇ ਸ: ਜੱਸਾ ਸਿੰਘ ਆਹਲੂਵਾਲੀਏ ਨੂੰ ਕਿਹਾ, 'ਪੰਥ ਦੇ ਹੁੰਦਿਆਂ ਵੀ ਮੇਰੀ ਹਾਰ ਹੋ ਜਾਏ, ਤਾਂ ਮੈਂ ਹੋਰ ਕੀਹਦਾ ਆਸਰਾ ਲਵਾਂ?' ਇਹ ਸੁਣ ਕੇ ਸਿੰਘਾਂ ਨੂੰ ਜੋਸ਼ ਆ ਗਿਆ। ਸ: ਜੱਸਾ ਸਿੰਘ ਤੇ ਸੁੱਖਾ ਸਿੰਘ ਨੇ 'ਸਤਿ ਸ੍ਰੀ ਅਕਾਲ ਦੇ ਜੈਕਾਰੇ ਛੱਡਕੇ ਸ਼ਾਹ ਨਿਵਾਜ਼ 'ਤੇ ਹੱਲਾ ਬੋਲ ਦਿੱਤਾ। ਸ: ਜੱਸਾ ਸਿੰਘ, ਜੱਸਾ ਸਿੰਘ ਦੋ ਸਰਦਾਰ ਸਨ, ਇਕ ਪਿੰਡ ਆਹਲੂ ਦਾ ਕਲਾਲ ਤੇ ਦੂਜਾ ਪਿੰਡ ਈਚੋਗਿਲ ਦਾ ਤਖਾਣ। ਦੋਹਾਂ ਨੂੰ ਵੱਖੋ-ਵੱਖ ਬੁਲਾਉਣ ਬਦਲੇ ਪਹਿਲੇ ਨੂੰ ਆਹਲੂਵਾਲੀਆ ਕਹਿਣ ਲੱਗ ਪਏ ਤੇ ਮਗਰਲੇ ਨੂੰ ਰਾਮਗੜੀਆ। ਉਹਨਾਂ ਸਰਦਾਰਾਂ ਦੇ ਨਾਮ ਉੱਤੇ ਹੀ ਹੁਣ ਸਾਰੇ ਕਲਾਲ ਆਹਲੂਵਾਲੀਏ ਤੇ ਸਾਰੇ ਤਖਾਣ ਰਾਮਗੜੀਏ ਅਖਵਾਉਂਦੇ ਹਨ।

ਦੀ ਗੋਲੀ ਨਾਲ ਸ਼ਾਹ ਨਿਵਾਜ਼ ਥੱਲੇ ਆ ਪਿਆ ਤੇ ਭੀਮ ਸਿੰਘ ਨੇ ਭੱਜਕੇ ਉਸਦਾ ਸਿਰ ਲਾਹ ਲਿਆ'। ਹਾਕਮ ਮਾਰਿਆ ਗਿਆ, ਤਾਂ ਨਖਸਮੀਆਂ ਫ਼ੌਜਾਂ ਨੇ ਕਦ ਖਲੋਣਾ ਸੀ ? ਸ਼ਾਹ ਨਿਵਾਜ਼ ਦੀਆਂ ਫ਼ੌਜਾਂ ਨੱਸ ਉਠੀਆਂ। ਲੁੱਟ ਮਾਰ ਕਰਨ ਵਿਚ ਸਿੰਘ ਸਾਰਿਆਂ ਨਾਲੋਂ ਤਕੜੇ ਸਨ। ਸੋ ਹੱਲਾ ਕਰ ਕੇ ਉਹਨਾਂ ਸ਼ਾਹ ਨਿਵਾਜ਼ ਦਾ ਡੇਰਾ ਤੇ ਸ਼ਹਿਰ ਮੁਲਤਾਨ ਲੁੱਟ ਲਿਆ। ਇਹ ਘਟਨਾ ਸਤੰਬਰ ਜਾਂ ਅਕਤੂਬਰ, ੧੭੪੯ ਈ। ਦੀ ਹੈ।

ਕੌੜਾ ਮੱਲ ਨੇ ਭੀਮ ਸਿੰਘ ਨੂੰ ਸੁਨਹਿਰੀ ਕੜਿਆਂ ਦੀ ਜੋੜੀ; ਫ਼ੌਲਾਦੀ ਸੰਜੋਅ, ਬਸਤਰ ਤੇ ਘੋੜਾ ਇਨਾਮ ਦਿੱਤਾ।

## ਕੌੜਾ ਮੱਲ ਮੁਲਤਾਨ ਦਾ ਸੂਬੇਦਾਰ ਬਣਿਆ

ਸ਼ਾਹ ਨਿਵਾਜ਼ ਦਾ ਸਿਰ ਮੀਰ ਮੰਨੂੰ ਕੋਲ ਲਾਹੌਰ ਭੇਜ ਦਿੱਤਾ ਤੇ ਧੜ ਸ਼ਮਸ ਤਬਰੇਜ਼ ਦੇ ਮਕਬਰੇ ਦੇ ਅਹਾਤੇ ਵਿਚ ਦਫ਼ਨਾ ਦਿੱਤਾ। ਸਾਰੇ ਮੁਲਤਾਨ ਉਤੇ ਕੌੜਾ ਮੱਲ ਨੇ ਕਬਜ਼ਾ ਕਰ ਲਿਆ। ਮੀਰ ਮੰਨੂੰ ਨੇ ਕੌੜਾ ਮੱਲ ਨੂੰ 'ਮਹਾਰਾਜਾ ਬਹਾਦੁਰਫ ਦਾ ਖ਼ਿਤਾਬ ਦੇ ਕੇ ਮੁਲਤਾਨ ਦਾ ਸੂਬੇਦਾਰ ਥਾਪ ਦਿੱਤਾ।

## ਕੌੜਾ ਮੱਲ ਨੇ ਗੁਰਦਵਾਰਾ ਬਾਲ ਲੀਲ੍ਹਾ ਬਣਵਾਇਆ

ਕੌੜਾ ਮੱਲ ਗੁਰੂ ਘਰ ਦਾ ਬੜਾ ਸ਼ਰਧਾਲੂ ਸੀ। ਏਸ ਜਿੱਤ ਦੀ ਖ਼ੁਸ਼ੀ ਵਿਚ ਉਹਨੇ ਯਾਰਾਂ ਹਜ਼ਾਰ ਰੁਪਇਆ ਅੰਮ੍ਰਿਤਸਰ ਦਰਬਾਰ ਸਾਹਿਬ ਭੇਟਾ ਕੀਤਾ ਤੇ ਤਿੰਨ ਲੱਖ ਰੁਪਇਆ ਖ਼ਰਚ ਕੇ ਨਨਕਾਣਾ ਸਾਹਿਬ ਗੁਰਦੁਆਰਾ ਬਾਲ ਲੀਲਾ ਤੇ ਉਸ ਦੇ ਨਾਲ ਦੋ ਸਰੋਵਰ ਬਣਵਾਏ। ਉਹ ਸਿੱਖਾਂ ਦੀ ਸੇਵਾ ਬੜੇ ਪ੍ਰੇਮ ਨਾਲ ਕਰਦਾ ਹੁੰਦਾ ਸੀ। ਸਿੰਘ ਉਸ ਨੂੰ ਪਿਆਰ ਨਾਲ 'ਮਿੱਠਾ ਮੱਲ' ਕਿਹਾ ਕਰਦੇ ਸਨ।

ਕੌੜਾ ਮੱਲ ਨੇ ਮੀਰ ਮੰਨੂੰ ਨੂੰ ਸਿੱਖਾਂ ਦੇ ਹੱਕ ਵਿਚ ਏਥੋਂ ਤਕ ਲਿਖਿਆ, ਕਿ ਮੁਲਤਾਨ ਦੀ ਫ਼ਤਹਿ ਸਿੱਖਾਂ ਦੀ ਮਦਦ ਦਾ ਸਦਕਾ ਹੀ ਹੋਈ ਹੈ। ਸੋ, ਇਹਨਾਂ ਨੂੰ ਖ਼ੁਸ਼ ਰਖਣਾ ਚਾਹੀਦਾ ਹੈ। ਮੀਰ ਮੰਨੂੰ ਨੇ ਕੌੜਾ ਮੱਲ ਦੀ ਸਫ਼ਾਰਸ਼

ਉੱਤੇ ਸਿੰਘਾਂ ਦੀ ਜਾਗੀਰ ਵਿਚ ਅਗੇ ਨਾਲੋਂ ਵਾਧਾ ਕਰ ਦਿੱਤਾ, ਭਾਵ ਪਰਗਣਾ ਚੂਹਣੀਆਂ ਤੇ ਝਬਾਲ ਦੇ ਦਿੱਤੇ'। ਸਿੰਘਾਂ ਵੀ ਮੀਰ ਮੰਨੂੰ ਇਲਾਕੇ ਵਿਚ ਲੁੱਟ ਮਾਰ ਕਰਨੀ ਛੱਡ ਦਿੱਤੀ, ਤੇ ਦੇਸ ਵਿਚ ਅਮਨ ਨਾਲ ਰਹਿਣ ਲੱਗ ਦੇ ਪਏ।

ਸਿੱਖਾਂ ਲਈ ਅਮਨ ਦੇ ਦਿਨ ਤੇ ਗੁਰਦੁਆਰਿਆਂ ਦੀ ਸੇਵਾ ਸਭ ਤੋਂ ਪਹਿਲਾਂ ਉਹਨਾਂ ਗੁਰਦੁਆਰਿਆਂ ਦੀ ਸੇਵਾ ਕੀਤੀ। ਅੰਮ੍ਰਿਤਸਰ ਸਰੋਵਰ ਪਿਛਲੇ ਹਾਕਮਾਂ ਨੇ ਪੂਰ ਛੱਡਿਆ ਸੀ। ਉਸ ਵਿਚੋਂ ਗਾਰ ਕਢ ਕੇ ਖੂਹਾਂ ਦੇ ਪਾਣੀ ਨਾਲ ਭਰ ਦਿੱਤਾ। ਕੌੜਾ ਮੱਲ ਦੇ ਦਿੱਤੇ ਹੋਏ ਰੁਪੈ ਨਾਲ ਹਰਿਮੰਦਰ ਸਾਹਿਬ ਦੀ ਸੇਵਾ ਆਰੰਭ ਦਿੱਤੀ। ਹੋਰ ਵੀ ਸਿੱਖ ਸਰਦਾਰਾਂ ਨੇ ਯਥਾ ਸ਼ਕਤ ਭੇਟਾ ਚੜਾਈ। ਸੋ, ਇਕ ਵਾਰ ਹਰਿਮੰਦਰ ਸਾਹਿਬ ਦੀ ਸ਼ਾਨ ਫੇਰ ਚਮਕ ਉਠੀ। ਜਿਹੜੇ ਲੋਕ ਅੱਗੇ ਹਾਕਮਾਂ ਤੋਂ ਡਰਦੇ ਨੱਸ ਗਏ ਸਨ, ਉਹ ਫੇਰ ਗੁਰੂ ਕੀ ਨਗਰੀ ਆ ਵੱਸੇ। ਕੁਛ ਸਿੱਖ ਸਰਦਾਰਾਂ ਨੇ ਵੀ ਆਪਣੇ ਵਾਸਤੇ ਮਕਾਨ ਬਣਾ ਲਏ। ਜਾਗੀਰ ਤੋਂ ਅੰਮ੍ਰਿਤਸਰ ਵਿਚ ਗੁਰੂ ਕਾ ਲੰਗਰ ਚੰਗੀ ਤਰਾਂ ਚਲਣ ਲੱਗਾ। ਅਕਾਲ ਬੁੰਗੇ ਤੇ ਪਰਦਖਣਾ ਦੇ ਉਦਾਲੇ ਸਿੰਘਾਂ ਦੀ ਗਹਿਮਾ ਗਹਿਮ ਦਿਸਣ ਲੱਗੀ। ਦੋ-ਕੁ ਸਾਲ ਚੰਗੇ ਸੁਖ ਦੇ ਲੰਘ ਗਏ। ਏਸੇ ਸਮੇਂ ਕੌੜਾ ਮੱਲ ਦੇ ਅਰਦਾਸ ਕੀਤੇ ਧਨ ਨਾਲ ਨਨਕਾਣਾ ਸਾਹਿਬ ਗੁ: ਬਾਲ ਲੀਲਾ ਤੇ ਹੋਰ ਧਰਮ ਅਸਥਾਨ ਬਣਾਏ ਗਏ। ਹੋਰ ਵੀ ਜਿਥੇ ਕਿਤੇ ਕਿਸੇ ਗੁਰਦੁਆਰੇ ਦੀ ਬੇਅਦਬੀ ਕੀਤੀ ਗਈ ਸੀ, ਉਸ ਨੂੰ ਨਵੇਂ ਸਿਰਿਓਂ ਬਣਾਇਆ ਗਿਆ।

## ਨਵੇਂ ਸਿੰਘ ਸਜੇ

ਏਸ ਸੁਲਾ ਦਾ ਇਕ ਹੋਰ ਵੀ ਫ਼ਾਇਦਾ ਹੋਇਆ। ਲੋਕ ਸਮਝਣ ਲੱਗ ਪਏ, ਕਿ ਹੁਣ ਸਰਕਾਰ ਨੇ ਵੀ ਸਿੱਖਾਂ ਦੀ ਤਾਕਤ ਨੂੰ ਮੰਨ ਲਿਆ ਹੈ। ਜਿਹੜੇ ਸਿੰਘ ਅਜੇ ਤਕ ਸਰਕਾਰ ਦੇ ਬਾਗ਼ੀ ਸਮਝੇ ਜਾਂਦੇ ਸਨ, ਹੁਣ ਸਰਕਾਰ ਹਰ ਮੁਹਿੰਮ ਵਿਚ ਉਹਨਾਂ ਤੋਂ ਮਦਦ ਲੈਂਦੀ ਹੈ। ਸੋ, ਲੋਕ ਖੁੱਲ-ਮ-ਖੁੱਲਾ ਅੰਮ੍ਰਿਤ ਛਕ ਕੇ ਸਿੰਘ ਸਜਣ ਲੱਗ ਪਏ। ਜਿਥੇ ਅਗੇ ਮਾਪੇ ਪੁੱਤਰਾਂ ਨੂੰ ਸਿੰਘ ਸਜਣ ਤੋਂ ਰੋਕਦੇ ਸਨ, ਫਿਰ ਆਪ ਉਹਨਾਂ ਨੂੰ ਸਿੰਘ ਸਜਣ ਦੀ ਪ੍ਰੇਰਨਾ ਕਰਨ ਲਗੇ। ਕਿਉਂਕਿ ਸਿੰਘ ਸਜਣ ਨਾਲ ਗਵਾਂਢ ਵੱਸਣ ਵਾਲਿਆਂ ਉੱਤੇ ਬੜਾ ਰੁਹਬ ਪੈ ਜਾਂਦਾ ਸੀ। ਲੋਕਾਂ ਦੇ ਦਿਲਾਂ ਉੱਤੇ ਸਿੰਘਾਂ ਦਾ ਅਜੇਹਾ ਧਮਾ ਜੰਮ ਚੁੱਕਾ ਸੀ, ਕਿ ਵੈਰੀ ਹਰ ਵੇਲੇ ਉਹਨਾਂ ਤੋਂ ਡਰਦੇ ਰਹਿੰਦੇ ਸਨ ਤੇ ਸ਼ਰਧਾਲੂ ਸਿੰਘਾਂ ਦੀ ਮਦਦ ਉੱਤੇ ਮਾਣ ਰਖਦੇ ਸਨ। ਇਸ ਵੇਲੇ ਸਿੰਘਾਂ ਦੀ ਗਿਣਤੀ ਤੇ ਰੁਹਬ-ਦੋਹਾਂ ਚੀਜ਼ਾਂ-ਵਿਚ ਢੇਰ ਵਾਧਾ ਹੋਇਆ।

ਸਿੱਖਾਂ ਤੇ ਸਰਕਾਰ ਵਿਚ ਇਹ ਸਮਝੌਤਾ ਕੌੜਾ ਮੱਲ ਦੀ ਬਦੌਲਤ ਹੀ ਸੀ, ਨਹੀਂ ਤਾਂ ਸਿੱਖੀ ਦੇ ਵਿਰੋਧੀ ਮੁੱਲਾਂ ਤੇ ਹਾਕਮ ਸਦਾ ਮੀਰ ਮੰਨੂੰ ਨੂੰ ਸਿੱਖਾਂ ਦੇ ਵਿਰੁਧ ਭੜਕਾਉਂਦੇ ਰਹਿੰਦੇ ਸਨ। ਮੰਨੂੰ ਵੀ ਲਾਹੌਰ ਦੇ ਏਨੇ ਨੇੜੇ (ਅੰਮ੍ਰਿਤਸਰ ਵਿਚ) ਸਿੱਖਾਂ ਦੀ ਏਨੀ ਭਾਰੀ ਤਾਕਤ ਪਸੰਦ ਨਹੀਂ ਸੀ ਕਰਦਾ। ਪਰ ਉਹ ਸਮੇਂ ਦੀ ਉਡੀਕ ਵਿਚ ਚੁਪ ਵੱਟੀ ਬੈਠਾ ਸੀ। ਸਿੰਘ ਵੀ ਇਸ ਗੱਲ ਨੂੰ ਜਾਂਣਦੇ ਸਨ ਤੇ ਆਪਣੀ ਤਾਕਤ ਵਧਾਉਣ ਦੇ ਫਿਕਰ ਵਿਚ ਸਨ। ਸਰਕਾਰ ਤੇ ਸਿੱਖਾਂ ਦਾ ਰਾਹ ਵੱਖੋ ਵੱਖਰਾ ਸੀ।

☛ ਬਾਕੀ ਅਗਲੇ ਅੰਕ ਵਿੱਚ

# ਜਦੋਂ ਇਕ ਬਾਗੀ ਲੋਕ ਆਗੂ ਬਣ ਗਿਆ...

ਲੇਖਕ : ਸੁਖਵਿੰਦਰ ਸਿੰਘ

ਰਾਜਸੱਤਾ ਅਤੇ ਬਗਾਵਤ ਦੀਆਂ ਕਹਾਣੀਆਂ ਸਦੀਆਂ ਤੋਂ ਚੱਲੀਆਂ ਆ ਰਹੀਆਂ ਹਨ। ਇਹਨਾਂ ਕਹਾਣੀਆਂ ਨੇ ਮਨੁੱਖੀ ਇਤਿਹਾਸ ਨੂੰ ਹਜ਼ਾਰਾਂ ਨਾਇਕ ਅਤੇ ਖਲਨਾਇਕ ਦਿੱਤੇ ਹਨ। ਗੁਰਬਾਣੀ ਵਿਚ ਵਾਰ-ਵਾਰ ਗੁਰੂ ਸਾਹਿਬ ਨੇ ਫੁਰਮਾਇਆ ਹੈ ਕਿ ਇਹ ਸੱਚ ਤੇ ਝੂਠ, ਇਨਸਾਫ ਤੇ ਬੇਇਨਸਾਫੀ ਦੀ ਜੰਗ ਸਦੀਵੀ ਰਹਿਣੀ ਹੈ ਤੇ ਇਹੀ ਅਕਾਲ ਪੁਰਖ ਦੇ ਪਿਆਰਿਆਂ ਦੀ ਪਰਖ ਦੀ ਕਸਵੱਟੀ ਵੀ ਹੈ। ਇਸ ਪਰਖ ਦੀ ਸ਼ਮਾ ਵਿਚ ਪੰਥ ਦੇ ਪਰਵਾਨੇ ਆਪਣਾ ਆਪ ਕੁਰਬਾਨ ਕਰਦੇ ਆ ਰਹੇ ਹਨ। ਇਹਨਾਂ ਪਰਵਾਨਿਆਂ ਵਿਚੋਂ ਇਕ ਹੈ ਸ਼ਹੀਦ ਭਾਈ ਜੁਗਰਾਜ ਸਿੰਘ ਤੂਫਾਨ।

ਸ਼ਹੀਦ ਭਾਈ ਜੁਗਰਾਜ ਸਿੰਘ ਤੂਫਾਨ ਦਾ ਜਨਮ ਸ੍ਰੀ ਹਰਿਗੋਬਿੰਦਪੁਰ ਤੋਂ ਪੰਜ ਕਿਲੋਮੀਟਰ ਦੂਰ ਪਿੰਡ ਚੀਮਾ ਖੁੱਡੀ ਵਿਖੇ ਸਧਾਰਨ ਕਿਸਾਨ ਪਿਤਾ ਸ੍ਰ: ਮਹਿੰਦਰ ਸਿੰਘ ਦੇ ਘਰ ਮਾਤਾ ਹਰਬੰਸ ਕੌਰ ਦੀ ਕੁੱਖੋਂ 1970 ਵਿਚ ਹੋਇਆ ਸੀ। 8 ਅਪ੍ਰੈਲ 1990 ਨੂੰ ਸ਼ਹੀਦ ਭਾਈ ਜੁਗਰਾਜ ਸਿੰਘ ਤੂਫਾਨ ਭਾਰਤ ਸਰਕਾਰ ਖਿਲਾਫ ਲੜਾਈ ਲੜਦਿਆਂ ਸ਼ਹੀਦ ਹੋ ਗਏ ਸੀ।

ਸ਼ਹੀਦੀ ਵੇਲੇ ਭਾਈ ਜੁਗਰਾਜ ਸਿੰਘ ਤੂਫਾਨ ਦੀ ਉਮਰ ਮਹਿਜ਼ 20 ਵਰ੍ਹਿਆਂ ਦੀ ਸੀ। ਪਰ ਇਹ ਖਾਲਿਸਤਾਨ ਦੀ ਅਜ਼ਾਦੀ ਲਈ ਲੜੇ ਜਾ ਰਹੇ ਸੰਘਰਸ਼ ਵਿਚ ਇਕ ਵੱਡੇ ਜਰਨੈਲ ਦੇ ਅਹੁਦੇ 'ਤੇ ਸਨ। ਦਰਬਾਰ ਸਾਹਿਬ ਉੱਤੇ ਭਾਰਤੀ ਫੌਜਾਂ ਵੱਲੋਂ ਹਮਲਾ ਕਰਕੇ ਅਤੇ ਨਵੰਬਰ 1984 ਵਿਚ ਇੰਦਰਾ ਗਾਂਧੀ ਦੇ ਕਤਲ ਮਗਰੋਂ ਸਾਰੇ ਭਾਰਤ ਵਿਚ ਕੀਤੀ ਸਿੱਖਾਂ ਦੀ ਨਸਲਕੁਸ਼ੀ ਕਰਕੇ ਸਾਰੀ ਸਿੱਖ ਕੌਮ ਨੇ ਸੰਤ ਜਰਨੈਲ ਸਿੰਘ ਦੇ ਉਹਨਾਂ ਬਚਨਾਂ ਨੂੰ ਆਪਣੀ ਜ਼ਿੰਦਗੀ ਦਾ ਸਭ ਤੋਂ ਅਹਿਮ ਸੱਚ ਬਣਾ ਲਿਆ ਸੀ ਕਿ, "ਜਿਸ ਦਿਨ ਭਾਰਤੀ ਫੌਜ ਨੇ ਦਰਬਾਰ ਸਾਹਿਬ 'ਤੇ ਹਮਲਾ ਕੀਤਾ, ਉਸ ਦਿਨ ਖਾਲਿਸਤਾਨ ਦੀ ਨੀਂਹ ਰੱਖੀ ਜਾਵੇਗੀ।" ਹਮਲਾ ਹੋ ਚੁੱਕਿਆ ਸੀ ਤੇ ਨੀਂਹ ਰੱਖੀ ਗਈ ਸੀ, ਹੁਣ ਉਸ ਅਜ਼ਾਦ ਦੇਸ਼ ਖਾਲਿਸਤਾਨ ਦੀ ਉਸਾਰੀ ਲਈ ਸਿੱਖਾਂ ਦੀ ਭਾਰਤ ਸਰਕਾਰ ਨਾਲ ਜੰਗ ਚੱਲ ਰਹੀ ਸੀ।

ਜੁਗਰਾਜ ਸਿੰਘ ਤੂਫਾਨ ਬਚਪਨ ਤੋਂ ਹੀ ਬਾਣੀ ਨਾਲ ਜੁੜੇ ਹੋਏ ਸਨ। ਗੁਰੂ ਪਾਤਸ਼ਾਹ ਨੇ ਓਹਨਾਂ 'ਤੇ ਸੇਵਾ ਦੀ ਮੋਹਰ ਲਾ ਦਿੱਤੀ ਸੀ। ਉਹ ਬੜੀ ਛੋਟੀ ਉਮਰੇ ਹੀ ਪੁਲਸ ਤਸ਼ੱਦਦ ਦਾ ਵੀ ਸ਼ਿਕਾਰ ਹੋਏ ਤੇ ਹੋਰ ਹਜ਼ਾਰਾਂ ਸਿੱਖਾਂ ਵਾਂਗ ਭਾਰਤੀ ਜੇਲ੍ਹ ਖਾਨੇ ਵਿਚ ਬੰਦ ਰਹੇ। ਸ਼ਹੀਦ ਭਾਈ ਜੁਗਰਾਜ ਸਿੰਘ ਤੂਫਾਨ ਨੇ ਹੱਥਾਂ ਵਿਚ ਹਥਿਆਰ ਚੁੱਕ ਕੇ ਸਿੱਖ ਅਜ਼ਾਦੀ ਲਹਿਰ ਨੂੰ ਗੁਰੂ ਆਸ਼ੇ ਮੁਤਾਬਕ ਸਹੀ ਦਿਸ਼ਾ ਵਿਚ ਚਲਾਉਣ 'ਚ ਬਹੁਤ ਵੱਡੀ ਭੂਮਿਕਾ ਨਿਭਾਈ। ਪੰਜਾਬ ਵਿਚ ਖੜ੍ਹੀ ਹੋਈ ਸਿੱਖ ਬਗਾਵਤ ਭਾਰਤੀ ਸਟੇਟ ਦੇ ਇਤਿਹਾਸ ਦੀ ਸਭ ਤੋਂ ਖਤਰਨਾਕ ਬਗਾਵਤ ਸੀ ਜਿਸਨੇ 10 ਸਾਲ ਭਾਰਤੀ ਸਟੇਟ ਨੂੰ ਪੱਧਰੇ ਮੈਦਾਨ ਵਿਚ ਗੋਡਿਆਂ ਭਾਰ ਕਰੀ ਰੱਖਿਆ। ਭਾਰਤੀ ਸਟੇਟ ਨੇ ਆਪਣੀ ਪੂਰੀ ਫੌਜੀ ਤਾਕਤ ਅਤੇ ਖੂਫੀਆ ਤੰਤਰ ਨਾਲ ਸਿੱਖ ਬਗਾਵਤ ਖਿਲਾਫ ਲੜਾਈ ਲੜੀ। ਇਸ ਦੌਰਾਨ ਭਾਰਤੀ ਸਟੇਟ ਨੇ ਜਿੱਥੇ ਸਾਰੇ ਕੌਮਾਂਤਰੀ ਨਿਯਮਾਂ ਨੂੰ ਛਿੱਕੇ ਟੰਗ ਕੇ ਵੱਡੇ ਪੱਧਰ 'ਤੇ ਮਨੁੱਖੀ ਹੱਕਾਂ ਦਾ




ਘਾਣ ਕੀਤਾ ਤੇ ਆਮ ਲੋਕਾਂ 'ਤੇ ਜ਼ੁਲਮ ਕੀਤਾ ਉੱਥੇ ਸਿੱਖ ਲਹਿਰ ਨੂੰ ਮਿਲ ਰਹੇ ਲੋਕਾਂ ਦੇ ਸਮਰਥਨ ਨੂੰ ਤੋੜਨ ਲਈ ਖੂਫੀਆ ਤੰਤਰ ਦੀ ਪੂਰੀ ਵਰਤੋਂ ਕੀਤੀ।

ਪੰਜਾਬ ਦੇ ਪੱਧਰੇ ਇਲਾਕੇ ਵਿਚ ਚੱਲ ਰਹੀ ਇਸ ਲੜਾਈ ਅੰਦਰ ਸਰਕਾਰ ਸਾਹਮਣੇ ਸਭ ਤੋਂ ਵੱਡੀ ਚੁਣੌਤੀ ਇਹ ਸੀ ਕਿ ਲੋਕ ਸਿੱਖ ਖਾੜਕੂਆਂ ਨੂੰ ਆਪਣੇ ਰਾਖੇ ਸਮਝ ਕੇ ਘਰਾਂ ਵਿਚ ਠਾਹਰਾਂ ਦਿੰਦੇ। ਇਸ ਸਮਰਥਨ ਨੂੰ ਤੋੜਨ ਲਈ ਸਰਕਾਰ ਨੇ ਦੋ ਪੱਤੇ ਖੇਡੇ। ਇਕ ਬਲੈਕ ਕੈਟ ਦਾ ਪੱਤਾ ਅਤੇ ਦੂਜਾ ਸਿੱਖ ਖਾੜਕੂਆਂ ਨੂੰ ਹਿੰਦੂਆਂ ਦੇ ਕਾਤਲ ਸਾਬਤ ਕਰਨ ਦਾ ਪੱਤਾ। ਇਸ ਲਈ ਪੰਜਾਬ ਵਿਚ ਕਈ ਥਾਵਾਂ 'ਤੇ ਹਿੰਦੂਆਂ ਦੇ ਕਤਲ ਹੋਏ। ਇਹ ਪੱਤਾ ਇਸ ਲਈ ਖਤਰਨਾਕ ਸੀ ਕਿਉਂਕਿ ਇਸ ਨਾਲ ਜਿੱਥੇ ਹਿੰਦੂ ਸਮਾਜ ਪੂਰੀ ਤਰ੍ਹਾਂ ਭਾਰਤੀ ਸਟੇਟ ਦੇ ਪੱਖ ਵਿਚ ਖੜ੍ਹ ਗਿਆ ਉੱਥੇ ਹੀ ਸਿੱਖ ਸਮਾਜ ਵਿਚ ਵੀ ਖਾੜਕੂਆਂ ਪ੍ਰਤੀ ਨਕਾਰਾਤਮਿਕਤਾ ਫੈਲੀ। ਭਾਰਤ ਸਰਕਾਰ ਦੀ ਇਸ ਚਾਲ ਦਾ ਸਭ ਤੋਂ ਕਾਰਗਰ ਜਵਾਬ ਭਾਈ ਜੁਗਰਾਜ ਸਿੰਘ ਤੂਫਾਨ ਨੇ ਦਿੱਤਾ। ਭਾਈ ਜੁਗਰਾਜ ਸਿੰਘ ਤੂਫਾਨ ਨੇ ਉਹਨਾਂ ਦੇ ਇਲਾਕੇ ਵਿਚੋਂ ਭੱਜ ਰਹੇ ਹਿੰਦੂਆਂ ਨੂੰ ਮੁੜ ਪਿੰਡਾਂ ਵਿਚ ਵਸਾਇਆ ਅਤੇ ਉਹਨਾਂ ਨੂੰ ਸੁਰੱਖਿਆ ਦਾ ਪੂਰਨ ਭਰੋਸਾ ਦਿੱਤਾ। ਇਸ ਰਾਖੀ ਨੀਤੀ ਨਾਲ ਜੁੜੀਆਂ ਅੱਜ ਵੀ ਬਹੁਤ ਕਹਾਣੀਆਂ ਲੋਕਾਂ ਦੀ ਜੁਬਾਨ 'ਤੇ ਹਨ।

ਸ਼ਹੀਦ ਭਾਈ ਜੁਗਰਾਜ ਸਿੰਘ ਤੂਫਾਨ ਨੇ ਬਾਗੀ ਤੋਂ ਲੋਕ ਆਗੂ ਤਕ ਦਾ ਸਫਰ ਪੂਰਾ ਕੀਤਾ। ਇਸ ਦਾ ਪ੍ਰਮਾਣ ਭਾਈ ਜੁਗਰਾਜ ਸਿੰਘ ਤੂਫਾਨ ਦੀ ਸ਼ਹਾਦਤ ਦਾ ਮੌਕਾ ਬਣਿਆ। ਜਦੋਂ ਭਾਰਤ ਸਰਕਾਰ ਦੀਆਂ ਸੁਰੱਖਿਆ ਫੋਰਸਾਂ ਨੇ 8 ਅਪ੍ਰੈਲ 1990 ਨੂੰ ਭਾਈ ਜੁਗਰਾਜ ਸਿੰਘ ਤੂਫਾਨ ਨੂੰ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ ਤਾਂ ਭਾਈ ਤੂਫਾਨ ਅਤੇ ਉਹਨਾਂ ਦੇ ਨਾਲ ਸ਼ਹੀਦ ਹੋਏ ਭਾਈ ਬਖਸ਼ੀਸ਼ ਸਿੰਘ ਦੀਆਂ ਮ੍ਰਿਤਕ ਦੇਹਾਂ ਲੈਣ ਲਈ ਲੋਕਾਂ ਦਾ ਹਜੂਮ ਹਰਗੋਬਿੰਦਪੁਰ ਥਾਣੇ ਅੱਗੇ ਇਕੱਠਾ ਹੋਣਾ ਸ਼ੁਰੂ ਹੋ ਗਿਆ। ਲੋਕ ਦੂਰੋਂ ਪਿੰਡਾਂ ਕਸਬਿਆਂ ਤੋਂ ਵੀ ਟਰੈਕਟਰ ਟਰਾਲੀਆਂ ਟਰੱਕਾਂ 'ਤੇ ਆ ਪਹੁੰਚੇ। ਪੁਲਿਸ ਨੂੰ ਸ੍ਰੀ ਹਰਿਗੋਬਿੰਦਪੁਰ ਵਿਚ ਕਰਫ਼ਿਊ ਲਾਉਣਾ ਪਿਆ ਪਰ ਲੋਕ ਥਾਣੇ ਅੱਗੇ ਹੋਰ ਜੁੜ ਰਹੇ ਸਨ।

ਚੰਡੀਗੜ੍ਹ ਤੋਂ ਲੈ ਕੇ ਦਿੱਲੀ ਤੱਕ ਹਕੂਮਤ ਚਿੰਤਤ ਸੀ ਕਿ ਇਸ ਖ਼ਾਲਿਸਤਾਨੀ ਖਾੜਕੂ ਦੀ ਲਾਸ਼ ਦੀ ਮੰਗ ਕਰ ਰਹੇ ਸਿੱਖਾਂ ਵਿਚ ਹਿੰਦੂ ਮਰਦ ਤੇ ਔਰਤਾਂ ਵੀ ਬਰਾਬਰ ਸ਼ਾਮਲ ਸਨ। ਆਖਰ ਲੋਕਾਂ ਦੇ ਰੋਹ ਦੇ ਤੂਫ਼ਾਨ ਅੱਗੇ ਪੁਲਿਸ ਨੂੰ ਝੁਕਣਾ ਪਿਆ ਤੇ ਸ਼ਹੀਦ ਭਾਈ ਜੁਗਰਾਜ ਸਿੰਘ ਤੂਫ਼ਾਨ ਤੇ ਸ਼ਹੀਦ ਭਾਈ ਬਖ਼ਸ਼ੀਸ਼ ਸਿੰਘ ਦੀਆਂ ਮ੍ਰਿਤਕ ਦੇਹਾਂ ਲੋਕਾਂ ਨੂੰ ਦੇਣੀਆਂ ਪਈਆਂ। ਇਸ ਤੋਂ ਬਾਅਦ ਵੱਡੇ ਇਕੱਠ ਵਿਚ ਵਿਚ ਦੋਵੇ ਸਿੰਘਾਂ ਦੀਆਂ ਸ਼ਹੀਦੀ ਦੇਹਾਂ ਨੂੰ ਥਾਣਾ ਅੰਮ੍ਰਿਤਸਰ ਕੋਤਵਾਲੀ ਤੋਂ ਗੁਰਦੁਆਰਾ ਨਾਨਕਸਰ ਵੇਰਕਾ ਵਿਖੇ ਲਿਜਾਇਆ ਗਿਆ। ਸਿੱਖਾਂ ਦੇ ਨਾਲ-ਨਾਲ ਹਿੰਦੂਆਂ ਨੇ ਸ਼ਹੀਦ ਭਾਈ ਜੁਗਰਾਜ ਸਿੰਘ ਤੂਫ਼ਾਨ ਤੇ ਸ਼ਹੀਦ ਭਾਈ ਬਖ਼ਸ਼ੀਸ਼ ਸਿੰਘ ਜੀ ਦੇ ਸਰੀਰਾਂ ਉਪਰ ਸ਼ਰਧਾ ਨਾਲ ਬਸਤਰ ਅਤੇ ਫੁੱਲ ਭੇਟ ਕੀਤੇ। ਇਸੇ ਤਰ੍ਹਾਂ ਦਾ ਵੱਡਾ ਇਕੱਠ ਇਹਨਾਂ ਸ਼ਹੀਦਾਂ ਦੇ ਅਸਤ ਪਾਉਣ ਮੌਕੇ ਹੋਇਆ। ਭਾਈ ਜੁਗਰਾਜ ਸਿੰਘ ਤੂਫਾਨ ਦੇ ਪਿੰਡ ਚੀਮਾ ਖੁੱਡੀ ਵਿਖੇ ਜਦੋਂ ਅੰਤਿਮ ਅਰਦਾਸ ਹੋਈ ਤਾਂ ਉਸ ਮੌਕੇ ਹੋਏ ਹਜ਼ਾਰਾਂ ਦੇ ਇਕੱਠ ਵਿਚ ਇਲਾਕੇ ਦਾ ਹਿੰਦੂ ਆਗੂ ਦਰਸ਼ਨ ਲਾਲ ਚੋਪੜਾ ਵੀ ਸ਼ਾਮਲ ਹੋਇਆ।

ਭਾਈ ਜੁਗਰਾਜ ਸਿੰਘ ਤੂਫਾਨ ਖਾਲਿਸਤਾਨ ਸੰਘਰਸ਼ ਦਾ ਉਹ ਆਗੂ ਹੈ ਜੋ ਭਾਰਤ ਸਰਕਾਰ ਦੇ ਉਸ ਪ੍ਰਾਪੇਗੰਡੇ ਨੂੰ ਤੋੜਦਾ ਹੈ ਕਿ ਖਾਲਿਸਤਾਨ ਦੀ ਲੜਾਈ ਹਿੰਦੂ ਵਿਰੋਧੀ ਹੈ। ਖਾਲਿਸਤਾਨ ਦੀ ਲੜਾਈ ਤਾਂ ਗੁਰੂ ਨਾਨਕ ਪਾਤਸ਼ਾਹ ਦੇ ਪ੍ਰਕਾਸ਼ ਨਾਲ ਸ਼ੁਰੂ ਹੋ ਗਈ ਸੀ ਜਿਸ ਦਾ ਐਲਾਨ ਗੁਰੂ ਪਾਤਸ਼ਾਹ ਨੇ ਬਾਬਰ ਨਾਲ ਗੱਲ ਕਰਦਿਆਂ ਕਰ ਦਿੱਤਾ ਸੀ ਕਿ ਇਸ ਧਰਤੀ 'ਤੇ ਉਹ ਅਜਿਹਾ ਖਾਲਸਾ ਪ੍ਰਗਟ ਕਰਨਗੇ ਜੋ ਜ਼ਾਲਮਾਂ ਦੇ ਰਾਜ ਖਤਮ ਕਰਕੇ ਅਕਾਲ ਦੇ ਰਾਜ ਦਾ ਝੰਡਾ ਝੁਲਾਏਗਾ। ਇਸ ਰਾਜ ਦੀ ਭਾਵਨਾ ਉਹ ਹੀ ਹੈ ਜੋ ਗੁਰੂ ਨਾਨਕ ਪਾਤਸ਼ਾਹ ਨੇ ਬਖਸ਼ੀ, ਸਮੇਂ ਪਰ ਸਮੇਂ ਇਸ ਰਾਜ ਦੇ ਨਾਂ ਸਿੱਖ ਰਾਜ, ਖਾਲਸਾ ਰਾਜ, ਖਾਲਿਸਤਾਨ ਜ਼ਰੂਰ ਹੁੰਦੇ ਰਹੇ। ਭਾਰਤ ਸਰਕਾਰ ਖਿਲਾਫ ਖਾਲਿਸਤਾਨ ਦੇ ਨਾਂ ਹੇਠ ਲੜਿਆ ਜਾ ਰਿਹਾ ਸਿੱਖ ਰਾਜ ਦਾ ਸੰਘਰਸ਼ ਆਪਣੀ ਨਿਰੰਤਰਤਾ ਵਿਚ ਹੈ।


ਪੰਜਾਬੀਆਂ ਦੀ ਫਰੇਜ਼ਰ ਸਟਰੀਟ 'ਤੇ ਸਭ ਤੋਂ ਪੁਰਾਣੀ ਅਤੇ ਸਭ ਤੋਂ ਵੱਡੀ ਮੀਟ ਸ਼ਾਪ
ਫਰੇਜ਼ਰ ਵਿਊ ਮੀਟ ਸ਼ਾਪ
6657, Fraser St. Vancouver, 604-327-1724
ਬੀ-ਬੀ-ਕਿਊ ਚਟਪਟਾ
ਵਧੀਆ ਮੀਟ ਘੱਟ ਕੀਮਤ
ਵਿਆਹ, ਸ਼ਾਦੀਆਂ ਅਤੇ ਪਾਰਟੀਆਂ ਲਈ ਵੀ ਖਾਸ ਰਿਆਇਤਾਂ
ਮੁਰਗੇ ਅਤੇ ਬੱਕਰੇ ਦਾ ਸਵਾਦੀ ਆਚਾਰ
ਖਾਲਸਾ ਸਾਜਨਾ ਦਿਵਸ ਅਤੇ
ਵਿਸਾਖੀ
ਦੀਆਂ
ਜਨਾਬ ਅਸਲਮ ਮਲਿਕ, ਫੈਰੀਅਲ ਮੈਂਜੀ
ਅਤੇ ਸਮੂਹ ਸਟਾਫ਼ ਵਲੋਂ
ਆਪ ਸਭ ਨੂੰ ਲੱਖ ਲੱਖ ਵਧਾਈਆਂ
ਅਲ-ਮਨਸੂਰ ਵੀਡੀਓ ਇੰਕ.
604-321-2442
6657-Fraser St. Vancouver
(Inside Fraserview Meat Shop)


HAPPY VAISAKHI
ਖਾਲਸਾ ਸਾਜਨਾ ਦਿਵਸ ਅਤੇ
ਵਿਸਾਖੀ
ਦੀਆਂ ਲੱਖ ਲੱਖ ਵਧਾਈਆਂ
MR. LUBE + TIRES
Celebrate with savings!
ਬੱਚਤਾਂ ਨਾਲ ਜਸ਼ਨ ਮਨਾਓ!
WARRANTY-APPROVED OIL CHANGES.
NO APPOINTMENT NEEDED.
OPEN EVERY DAY
NOW HIRING APPLY ON SITE ANY TIME
Visit one of our locations:
Vancouver
520 SE Marine Dr, V5X 2T4
604 216 5823
North Vancouver
1790 Marine Dr, V7P 1V2
604 987 8006
Surrey
2299 King George Blvd V4A 5A4
604 560 6100
Langley
20112 Fraser Hwy BC, V3A 4E5
604-532-5990
Langley
9228 200 Street BC, V1M 3A3
778-705-9299
ਹੁਣ ਖੁੱਲ੍ਹਾ ਹੈ। ਅਸੀਂ ਤੁਹਾਡੀ ਬੋਲੀ ਵਿਚ ਗੱਲ ਕਰਦੇ ਹਾਂ।
ਹਫਤੇ ਵਿਚ 7 ਦਿਨ ਖੁਲ੍ਹਦਾ ਹੈ। ਕੋਈ ਅਪੌਇੰਟਮੈਂਟ ਬਣਾਉਣ ਦੀ ਲੋੜ ਨਹੀਂ। ਵਾਰੰਟੀ ਵਲੋਂ ਮਨਜ਼ੂਰਸ਼ੁਦਾ ਤੇਲ ਬਦਲੀਆਂ।

# HAPPY VAISAKHI

## ਖਾਲਸਾ ਸਾਜਨਾ ਦਿਵਸ ਅਤੇ ਵਿਸਾਖੀ ਦੀਆਂ ਲੱਖ ਲੱਖ ਵਧਾਈਆਂ

## Save-on-Pallet &

# Enviro Pallet Recovery

## Buy + Sell (2004) Ltd.




## ਡੈਲਟਾ ਵਿੱਚ ਸਾਡੀ ਨਵੀਂ ਲੋਕੇਸ਼ਨ ਖੁੱਲ੍ਹ ਚੁੱਕੀ ਹੈ

ਵੱਲੋਂ : ਹਰਪਾਲ ਸਿੰਘ ਗਰੇਵਾਲ, ਸੰਤੋਖ ਸਿੰਘ ਕੰਦੋਲਾ, ਕੁਲਦੀਪ ਸਿੰਘ ਕੰਦੋਲਾ

# ਸੇਵ-ਔਨ ਪੈਲੇਟ ਲਿਮਿਟਡ

## ਇਨਵਾਇਰੋ ਪੈਲੇਟ ਰਿਕਵਰੀ ਬਾਏ+ਸੈਲ (2004) ਲਿਮਟਿਡ

ਦੋਨੋਂ ਕਾਰੋਬਾਰੀ ਪੈਲੇਟ ਕੰਪਨੀਆਂ ਇੱਕੋ ਹੀ ਮੈਨੇਜਮੈਂਟ ਅਧੀਨ ਰਿਚਮੰਡ ਵਿਖੇ ਚਲਦੀਆਂ ਹਨ।

**Save-on-Pallet : 604-301-1084**
**Enviro Pallet Recovery : 604-301-1084**
**FAX : 604-301-1079**

**11571 Mitchell Road, Richmond, B.C. V6V 1T5**
**7801 Vantage Way, Delta, B.C. V4G 1A6**


HAPPY VAISAKHI
ਖਾਲਸਾ ਸਾਜਨਾ ਦਿਵਸ ਵਿਸਾਖੀ ਦੀਆਂ ਲੱਖ ਲੱਖ ਵਧਾਈਆਂ
SUPERSTAR
Plumbing , Heating & Sprinklers Supplies Ltd.
Sales and Service, Guaranteed Quality Work
Reasonable Rates
CONTACT
604-322-5732 or 604-322-5705
Superstarplumbing@hotmail.com
Gurdial Singh Gadey, Baljit Singh Gadey, Ranjit Singh Gadey
Cell (604) 657-8116
6640 Fraser Street at E. 50th Ave.Vancouver BC V5X3T5

# ਖਾਲਸੇ ਦਾ ਦਿਵਸ ਵਿਸਾਖੀ

ਲੇਖਕ : ਡਾ. ਪੂਰਨ ਸਿੰਘ ਗਿੱਲ



1699 ਦੀ ਵੈਸਾਖੀ, ਇਤਿਹਾਸ ਅੰਦਰ ਇੱਕ ਅਦੁੱਤੀ ਕਾਰਨਾਮਾ ਹੈ, ਜਿਸ ਦਿਨ ਗੁਰੂ ਗੋਬਿੰਦ ਸਿੰਘ ਜੀ ਨੇ ਸੰਗਤਿ ਕੀਨੀ ਖਾਲਸਾ, ਦਾ ਐਲਾਨ ਕੀਤਾ । ਖਾਲਸਾ ਪੰਥ ਨੂੰ ਸੰਪੂਰਨ ਮੰਨਕੇ ਗੁਰਿਆਈ ਬਖਸ਼ ਦਿੱਤੀ । ਖਾਲਸਾ ਪੰਥ ਦੀ ਸਥਾਪਨਾ ਕੋਈ ਝਟ-ਪਟ ਕੀਤਾ ਫੈਸਲਾ ਨਹੀਂ ਸੀ, ਇਹ ਬਹੁਤ ਹੀ ਯੋਜਨਾ ਬਧ ਤਰੀਕੇ ਨਾਲ ਸ਼ੁਰੂ ਕਰਕੇ 1699 ਦੀ ਵੈਸਾਖੀ ਨੂੰ ਸੰਪੂਰਨ ਹੋਇਆ । ਭਾਵੇਂ ਜਦੋਂ ਵੀ ਖਾਲਸੇ ਦੀ ਵੈਸਾਖੀ ਦੀ ਗੱਲ ਹੁੰਦੀ ਹੈ ਤਾਂ ਆਖਿਆ ਜਾਂਦਾ ਹੈ ਕਿ ਪੰਜਾਬ ਅੰਦਰ ਵੈਸਾਖੀ ਵੇਲੇ ਫਸਲਾਂ ਪੱਕਣ ਦੀ ਰੁੱਤ ਹੋਣ ਕਰਕੇ ਕਿਸਾਨਾਂ ਨੂੰ ਅਤਿ ਖੁਸ਼ੀ ਹੁੰਦੀ ਹੈ । ਇਸ ਖੁਸ਼ੀ ਦਾ ਪ੍ਰਗਟਾਵਾ ਕਰਨ ਲਈ ਉਹ ਭੰਗੜੇ ਪਾਉਂਦੇ ਹਨ। ਅਸੀਂ ਪੰਜਾਬ ਵਿਚ ਰਹੇ ਹਾਂ ਪਰ ਕਿਸਾਨਾਂ ਨੂੰ ਖੁਸ਼ੀਆਂ ਪ੍ਰਗਟਾਉਣ ਲਈ ਕਦੀ ਵੀ ਭੰਗੜੇ ਪਾਉਂਦੇ ਨਹੀਂ ਦੇਖਿਆ ।

ਇਹ ਕਿਹਾ ਜਾਂਦਾ ਹੈ ਕਿ ਮੌਸਮੀ ਤਿਉਹਾਰ ਨੂੰ ਇਸ ਲਈ ਚੁਣਿਆ ਗਿਆ ਕਿ ਇਸ ਸਮੇਂ ਫੱਸਲਾਂ ਪੱਕ ਜਾਂਦੀਆਂ ਹਨ ਅਤੇ ਦੋ ਸਦੀਆਂ ਤੋਂ ਉਪਰ ਸਮਾਂ ਲਗਾਕੇ ਸੰਗਤਿ ਨੂੰ ਖਾਲਸਾ ਕੌਮ ਬਣਾ ਦਿੱਤਾ। ਕੁੱਝ ਸਮਾਂ ਪਹਿਲਾਂ ਵੈਸਾਖੀ ਨੂੰ ਖਾਲਸੇ ਦਾ ਜਨਮ ਦਿਨ ਆਖਿਆ ਜਾਂਦਾ ਸੀ, ਅਤੇ ਇਸ ਦੀ ਥਾਂ ਹੁਣ ਖਾਲਸੇ ਦਾ ਸਿਰਜਣਾ ਜਾਂ ਸਾਜਣਾ ਦਿਵਸ ਆਖਣ ਦੀ ਪਿਰਤ ਸ਼ੁਰੂ ਹੋ ਗਈ ਹੈ। ਇਹ ਸ਼ਬਦ ਭਾਵੇਂ ਢੁਕਵੇਂ ਲਗਦੇ ਹਨ, ਪਰ ਅਸਲ ਵਿਚ ਜੇ ਇੰਜ ਵੀ ਆਖ ਲਈਏ ਕਿ ਇਸ ਦਿਨ ਖਾਲਸੇ ਦੀ ਸੰਪੂਰਨਤਾ ਹੋਈ ਸੀ, ਤਾਂ ਸਿਧਾਂਤਕ ਪੱਖੋਂ ਠੀਕ ਜਾਪਦਾ ਹੈ ।

ਹੁਣ ਇਹ ਸਵਾਲ ਵੀ ਉਠ ਸਕਦਾ ਹੈ ਕਿ ਜੇ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਦੀ ਸਾਜਨਾ ਕੀਤੀ , ਤਾਂ ਫਿਰ ਗੁਰੂ ਨਾਨਕ ਦੇਵ ਜੀ ਦਾ ਮਿਸ਼ਨ ਕੋਈ ਹੋਰ ਸੀ? ਦੂਸਰਾ ਵਿਰੋਧੀ ਧਿਰਾਂ ਵਲੋਂ ਮੁੱਢ ਤੋਂ ਹੀ ਜਤਨ ਹੁੰਦੇ ਰਹੇ ਕਿ ਗੁਰੂਆਂ ਵਲੋਂ ਗੁਰਮਤਿ ਸਿਧਾਂਤਾਂ ਨੂੰ ਵੱਖ ਵੱਖ ਦਸਿਆ ਜਾਵੇ । ਕੁੱਝ ਡੇਰੇਦਾਰਾਂ ਵਲੋਂ ਇਹ ਵੀ ਪ੍ਰਚਾਰਿਆ ਜਾਂਦਾ ਕਿ ਪਹਿਲੇ ਗੁਰੂ ਤੋਂ ਲੈ ਕੇ ਪੰਜਵੇਂ ਗੁਰੂ ਅਰਜਨ ਦੇਵ ਜੀ ਤੱਕ ਸਰਬ-ਪ੍ਰਵਾਨਤ ਸਿਧਾਂਤ ਸਨ, ਪਰ ਛੇਵੇਂ ਗੁਰੂ ਵਲੋਂ ਤਲਵਾਰ ਚੁਕਣਾ ਪਹਿਲੇ ਗੁਰੂਆਂ ਦੇ ਸਿਧਾਂਤਾਂ ਦੇ ਵਿਪਰੀਤ ਸੀ। ਇੰਜ ਅਗਿਆਨਤਾ ਵਸ ਲੋਕ ਸਮਝਦੇ ਸਨ ਕਿ ਪਹਿਲੇ ਪੰਜ ਗੁਰੂਆਂ ਨੇ ਬਾਣੀ ਰਚੀ ਤੇ ਛੇਵੇਂ ਗੁਰਾਂ ਨੇ ਬਾਣੀ ਰੱਚਣ ਦੀ ਥਾਂ ਤਲਵਾਰ ਉਠਾ ਲਈ ਤੇ ਰਾਜਿਆਂ ਮਹਾਰਾਜਿਆਂ ਵਾਂਗੂੰ ਸ਼ਿਕਾਰ ਖੇਡਦਾ ਸ਼ੁਰੂ ਕਰ ਦਿੱਤਾ। ਇਸ ਭੁਲੇਖੇ ਨੂੰ ਦੂਰ ਕਰਨ ਲਈ ਭਾਈ ਗੁਰਦਾਸ ਨੇ ਵਾਰ ਵੀ ਰੱਚੀ ਤੇ ਸੰਗਤਾਂ ਨੂੰ ਸਪਸ਼ਟ ਕੀਤਾ ।

ਆਮ ਤੌਰ ਤੇ ਇਹ ਮੰਨਿਆ ਜਾਂਦਾ ਹੈ ਕਿ ਮੀਰੀ-ਪੀਰੀ ਸਿਧਾਂਤ ਗੁਰੂ ਹਰਿਗੋਬਿੰਦ ਜੀ ਨੇ ਪ੍ਰਚਲਤ ਕੀਤਾ। ਇਸ ਤੱਥ ਵਿਚ ਸਚਾਈ ਨਹੀਂ ਹੈ । ਅਸਲ ਵਿਚ ਤਲਵਾਰ ਫੜਣ ਜਾਂ ਮੀਰੀ-ਪੀਰੀ ਦਾ ਸੰਕਲਪ ਗੁਰੂ ਨਾਨਕ ਦੇਵ ਜੀ ਨੇ ਸਥਾਪਤ ਕਰ ਦਿੱਤਾ ਸੀ। ਭਾਈ ਗੁਰਦਾਸ ਜੀ ਦੇ ਬਚਨ ਅਨੁਸਾਰ "ਮਾਰਿਆ ਸਿਕਾ ਜਗਤ ਵਿਚ ਨਾਨਕ ਨਿਰਮਲ ਪੰਥ ਚਲਾਇਆ ।" ਕੀ ਇਹ ਮੀਰੀ-ਪੀਰੀ ਨਹੀਂ ਸੀ, ਜਦੋਂ ਗੁਰੂ ਨਾਨਕ ਦੇਵ ਜੀ ਉਸ ਸਮੇਂ ਦੇ ਰਾਜਿਆਂ ਤੇ ਧਾਰਮਕ ਆਗੂਆਂ ਦੀਆਂ ਗਲਤ ਨੀਤੀਆਂ ਨੂੰ ਭੰਡਿਆਂ,

**ਕਾਦੀ ਕੂੜੁ ਬੋਲਿ ਮਲੁ ਖਾਇ।।**
**ਬ੍ਰਾਹਮਣ ਨਾਵੈ ਜੀਆ ਘਾਇ।।**
**ਜੋਗੀ ਜੁਗਤਿ ਨ ਜਾਣੈ ਅੰਧੁ।।**
**ਤੀਨੇ ਉਜਾੜੇ ਕਾ ਬੰਧੁ ।।**
**(ਰਾਗ਼ ਪੰਨਾ662)**

ਬਾਬਰ ਵਰਗੇ ਤਾਕਤਵਰ ਬਾਦਸ਼ਾਹ ਨੂੰ ਜ਼ਾਬਰ ਆਖਦਾ ਤੇ ਉਸਦੀ ਫੌਜ਼ ਨੂੰ ਪਾਪ ਕੀ ਜੰਞ ਕਹਿ ਦੇਣਾ ਬਹੁਤ ਵੱਡੀ ਜ਼ੁਰਅਤ ਸੀ ਤੇ ਇਹ ਉਨ੍ਹਾਂ ਦੀ ਮੀਰੀ-ਪੀਰੀ ਦਾ ਸੰਕੇਤ ਹੈ ।

**ਪਾਪ ਕੀ ਜੰਞ ਲੈ ਕਾਬਲਹੁ ਧਾਇਆ,**
**ਜੋਰੀ ਮੰਗੈ ਦਾਨ ਵੈ ਲਾਲੋ ।।**
(ਪੰਨਾ 722)

ਇਸਤੋਂ ਬਿਨ੍ਹਾਂ ਗੁਰੂ ਨਾਨਕ ਦੇਵ ਜੀ ਵਲੋਂ ਸਿੱਖ ਇਨਕਲਾਬ ਵਿੱਚ ਹਿੱਸਾ ਲੈਣ ਵਾਲਿਆਂ ਲਈ ਵਿਸ਼ੇਸ਼ ਸ਼ਰਤ ਰੱਖੀ ਸੀ,

**ਜੇਉ ਤਉ ਪ੍ਰੇਮ ਖੇਲਣ ਕਾ ਚਾਉ,**
**ਸਿਰੁ ਧਰਿ ਤਲੀ ਗਲੀ ਮੇਰੀ ਆਉ ।।**
(1412)

ਉਪਰੋਕਤ ਤੱਥ ਨੂੰ ਹੋਰ ਸਪਸ਼ਟ ਕਰਨ ਲਈ ਡਾਕਟਰ ਗੋਕਲ ਚੰਦ ਨਾਰੰਗ ਦੇ ਬਚਨ ਮਹੱਤਤਾ ਪੂਰਨ, ਉਸ ਅਨੁਸਾਰ 'ਜਿਸ ਖੰਡੇ ਨਾਲ ਖਾਲਸੇ ਦੀ ਸਾਜਣਾ ਕੀਤੀ, ਉਸ ਖੰਡੇ ਦਾ ਸਟੀਲ ਗੁਰੂ ਨਾਨਕ ਦੇਵ ਜੀ ਨੇ ਦਿੱਤਾ ਸੀ।" ਜੋ ਦਰੱਖਤ ਗੁਰੂ ਗੋਬਿੰਦ ਸਿੰਘ ਜੀ ਸਮੇਂ ਪ੍ਰਫੁਲਤ ਹੋਇਆ, ਉਸਦਾ ਬੀਜ ਗੁਰੂ ਨਾਨਕ ਦੇਵ ਜੀ ਬੀਜਿਆ ਅਤੇ ਉਸਦੀ ਪਾਲਣਾ-ਪੋਸ਼ਣ ਹੋਰ ਗੁਰੂਆਂ ਨੇ ਕੀਤੀ । ਗੁਰੂ ਹਰਿਗੋਬਿੰਦ ਸਾਹਿਬ ਤੋਂ ਪਿਛੋਂ ਗੁਰੂ ਹਰਿ ਰਾਇ ਸਾਹਿਬ 2200 ਘੋੜ ਸਵਾਰ ਤਿਆਰ ਬਰ ਤਿਆਰ ਰਹਿੰਦੇ ਸਨ, ਭਾਵੇਂ ਫੌਜ ਦਾ ਪ੍ਰਯੋਗ ਨਹੀਂ ਹੋਇਆ, ਪਰ ਫੌਜ ਰੱਖਣ ਦੀ ਪ੍ਰੰਪਰਾ ਸ਼ੁਰੂ ਕਰ ਦਿੱਤੀ ਸੀ । ਗੁਰੂ ਗੋਬਿੰਦ ਸਿੰਘ ਜੀ ਗੁਰੂ ਨਾਨਕ ਦੇਵ ਜੀ ਵਲੋਂ ਸਥਾਪਤ ਗੁਰਮਤਿ ਸਿਧਾਂਤਾਂ ਲਾਂਭੇ ਨਹੀਂ ਹੋਏ । ਉਨ੍ਹਾਂ ਨੇ ਪਹਿਲੇ ਗੁਰੂਆਂ ਦੀ ਰੱਚੀ ਗੁਰਬਾਣੀ ਤੇ ਸੰਪਾਦਤ ਆਦਿ ਗ੍ਰੰਥ ਜੀ ਨੂੰ ਗੁਰੂ ਪੱਦ ਦਿਤਾ ਅਤੇ ਇਹ ਸਿਧਾਂਤ ਵੀ ਪਹਿਲਾਂ ਹੀ ਸਥਾਪਤ ਸੀ । ਗੁਰੂ ਰਾਮ ਦਾਸ ਜੀ ਨੇ ਆਖ ਦਿੱਤਾ ਸੀ,

**ਬਾਣੀ ਗੁਰੂ ਗੁਰੂ ਹੈ ਬਾਣੀ,**
**ਵਿਚਿ ਬਾਣੀ ਅੰਮ੍ਰਿਤ ਸਾਰੇ ।।**

ਸੁਭਾਵਕ ਹੀ ਆਖਿਆ ਜਾਂਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਜਾਤ-ਪਾਤ ਪ੍ਰਥਾ ਖਤਮ ਕਰਕੇ ਪੰਜਾਂ ਪਿਆਰਿਆਂ ਦੀ ਚੋਣ ਛੋਟੀਆਂ ਜਾਤੀਆਂ ਵਿਚੋਂ ਕੀਤੀ । ਇਹ ਸਿਧਾਂਤ ਵੀ ਪੁਰਾਣਾ ਸੀ, ਜਦੋਂ ਪਹਿਲੇ ਗੁਰੂਆਂ ਨੇ ਸੰਗਤ ਤੇ ਪੰਗਤ ਦੁਆਰਾ ਊਚ-ਨੀਚ ਦੇ ਭੇਦ ਨੂੰ ਮਿਟਾ ਦਿੱਤਾ ਗਿਆ। ਸਰੋਵਰਾਂ ਦੇ ਸਾਂਝੇ ਪਾਣੀਆਂ ਵਿੱਚ ਸਭ ਜਾਤਾਂ ਦੇ ਲੋਕਾਂ ਨੂੰ ਇਸ਼ਨਾਨ ਕਰਨ ਦੀ ਖੁੱਲ੍ਹ ਦਿੱਤੀ ਤਾਂ ਜੋ ਆਪਸੀ ਭਿੱਟ ਖਤਮ ਹੋ ਜਾਵੇ । ਆਖ਼ਰ ਪੰਜਾਂ ਪਿਆਰਿਆਂ ਨੂੰ ਇਕੋ ਬਾਟੇ ਨੂੰ ਮੂੰਹ ਲਗਵਾ ਦਿੱਤਾ । ਖਾਲਸੇ ਨੂੰ ਗੁਰਿਆਈ ਦੇਕੇ, ਉਸਨੂੰ ਗੁਰੂ ਖਾਲਸਾ ਪਦ ਬਖਸ਼ ਦਿੱਤਾ । ਮੂਲ ਤੱਤ ਇਹ ਹੈ ਕਿ 1699 ਦੀ ਵੈਸਾਖੀ ਨੂੰ ਗੁਰੂ ਨਾਨਕ ਦੇਵ ਜੀ ਵਲੋਂ ਸ਼ੁਰੂ ਕੀਤੇ ਸਿੱਖ ਲਹਿਰ ਨੂੰ ਸੰਪੂਰਨਕਰ ਦਿੱਤਾ। ਸਮੂਹ ਕੋਮ ਦੀ ਅਗਵਾਈ ਕਰਨ ਲਈ ਪੰਜਾਂ ਪਿਆਰਿਆਂ ਦੀ ਚੋਣ ਕਰਕੇ ਸੰਸਾਰ ਅੰਦਰ ਨਵੀਂ ਤੇ ਵਿਲੱਖਣ ਲੋਕ-ਤੰਤਰੀ ਪ੍ਰਣਾਲੀ ਨੂੰ ਜਨਮ ਦਿੱਤਾ। ਪੰਜਾਬ ਅੰਦਰ ਵੈਸਾਖੀ ਦੀ ਮਹਾਨਤਾ ਖਾਲਸੇ ਦੀ ਸੰਪੂਰਨਤਾ ਕਰਕੇ ਹੋਈ ਹੈ । ਪਹਿਲੀ, ਵੈਸਾਖ, ਵਿਸ਼ੇਸ਼ ਕਰਕੇ ਬਿਕ੍ਰਮੀ ਸੰਮਤ ਦਾ ਨਵਾਂ ਸਾਲ ਚੜ੍ਹਣ ਦਾ ਪ੍ਰਤੀਕ ਸੀ। ਹੁਣ ਵੀ ਭਾਰਤ ਦੇ ਕਈ ਸੂਬਿਆਂ ਵਿਚ ਵੈਸਾਖ ਨੂੰ ਬਤੌਰ ਨਵਾਂ ਸਾਲ ਮੰਨਿਆ ਜਾਂਦਾ ਹੈ । ਕਿਤੇ ਇਹ ਨਾ ਕਿ ਇਹ ਫਸਲਾਂ ਪੱਕਣ ਦਾ ਮੋਸਮ ਹੈ ਅਤੇ ਪੰਜਾਬੀ ਲੋਕਾਂ ਵਲੋਂ ਭੰਗੜੇ ਪਾਉਣਾ ਅਤੇ ਗੀਤਾਂ ਨਾਲ ਮਨ ਪ੍ਰਚਾਉਣ ਨੂੰ ਆਪਣਾ ਮੁੱਖ ਮਨੋਰਥ ਸਮਝੀਏ ।

ਖਾਲਸਈ ਵਿਰਸੇ ਦੀ ਮਹਾਨਤਾ ਨੂੰ ਪ੍ਰਚਾਰਨਾ ਅਖਵਾ ਖਾਲਸਈ ਪ੍ਰੰਪਰਾਵਾਂ ਅਨੁਸਾਰ ਜੋੜ-ਮੇਲੇ ਹੀ ਖਾਲਸੇ ਦੀ ਚੜ੍ਹਦੀ ਕਲਾ ਦਾ ਪ੍ਰਤੀਕ ਹੋ ਸਕਦੇ ਹਨ ।

# ਖ਼ਾਲਸਾ ਸਾਜਨਾ ਦਿਵਸ, ਕੌਮ ਦਾ ਕੌਮੀ ਤਿਉਹਾਰ ਕਦੋਂ ਬਣੇਗਾ...?

ਲੇਖਕ : ਜਸਪਾਲ ਸਿੰਘ ਹੇਰਾਂ

ਵਿਸਾਖੀ ਖਾਲਸੇ ਦਾ ਸਾਜਨਾ ਦਿਵਸ ਹੈ ਅਤੇ 10 ਦਿਨ ਬਾਅਦ ਆਉਣਾ ਹੈ ਪ੍ਰੰਤੂ ਅਸੀਂ ਅੱਜ ਇਸ ਕਰਕੇ ਹੋਕਾ ਦੇਣ ਲੱਗੇ ਹਾਂ ਕਿ ਖ਼ਾਲਸਾ ਪੰਥ ਇਸ ਦਿਵਸ ਦੀ ਮਹਾਨਤਾ ਨੂੰ ਵਿਚਾਰੇ ਅਤੇ ਉਸ ਅਨੁਸਾਰ ਇਸਨੂੰ ਮਨਾਉਣ ਦੀਆਂ ਤਿਆਰੀਆਂ ਕਰੇ। ਦੁਨੀਆ ਦੀ ਨਿਆਰੀ ਕੌਮ ਦਾ ਜਨਮ-ਦਿਹਾੜਾ ਇਸ ਲਈ ਇਸ ਦਿਹਾੜੇ ਦੀ ਮਹੱਤਤਾ ਵੀ ਨਿਆਰੀ ਹੈ ਅਤੇ ਇਸ ਨੂੰ ਮਨਾਇਆ ਵੀ ਨਿਰਾਲੇ ਰੂਪ ’ਚ ਜਾਣਾ ਚਾਹੀਦਾ ਹੈ, ਜਿਸ ਤੋਂ ਪੂਰੇ ਵਿਸ਼ਵ ਨੂੰ ਇਸ ਦਿਹਾੜੇ ਦੀ ਮਹਾਨਤਾ ਦਾ ਗਿਆਨ ਹੋਵੇ ਅਤੇ ਸਿੱਖ ਪੰਥ ’ਚ ਆਪਣੇ ਕੌਮੀ ਦਿਹਾੜੇ ਪ੍ਰਤੀ ਇੱਕ ਵਿਸ਼ੇਸ਼ ਚਾਅ, ਉਤਸ਼ਾਹ, ਉਮੰਗ, ਜੋਸ਼ ਅਤੇ ਪ੍ਰਾਪਤੀ ਦਾ ਸੰਕਲਪ ਜਾਗੇ। ਖ਼ਾਲਸਾ ਪੰਥ ਵਾਰ-ਵਾਰ ਇਹ ਹੋਕਾ ਦਿੰਦਾ ਹੈ ਕਿ ਸਿੱਖ ਕੌਮ ਵੱਖਰੀ, ਨਿਰਾਲੀ ਕੌਮ ਹੈ, ਪ੍ਰੰਤੂ ਆਪਣੇ ਆਪ ਨੂੰ ਪੂਰੇ ਵਿਸ਼ਵ ‘ਚ ਨਿਆਰੀ-ਨਿਰਾਲੀ ਕੌਮ ਦਾ ਪ੍ਰਗਟਾਵਾ ਕਰਨ ਲਈ ਬੱਝਵੇਂ ਯਤਨ, ਜਿੰਨ੍ਹਾਂ ਨੂੰ ਕੋਈ ਰੋਕ ਵੀ ਨਹੀਂ ਸਕਦਾ ਕੀਤੇ ਨਹੀਂ ਜਾਂਦੇ। ਵਿਸਾਖੀ, ਖ਼ਾਲਸੇ ਦੀ ਸਿਰਜਣਾ ਦਾ ਦਿਹਾੜਾ ਹੈ, ਇਹ ਉਸ ਇਨਕਲਾਬ ਦੀ ਆਰੰਭਤਾ ਹੈ, ਜਿਸ ਇਨਕਲਾਬ ਨੇ ਧਰਤੀ ਦੀ ‘ਸਿਰਦਾਰੀ’ ਧਰਤੀ ਦੇ ਮਨੁੱਖ ਨੂੰ ਸੌਂਪੀ ਅਤੇ ਬਰਾਬਰੀ ਵਾਲੇ ਸਮਾਜ ਦੀ ਨੀਂਹ ਰੱਖੀ ਗਈ। ਪ੍ਰਮਾਤਮਾ ਕੀ ਮੌਜ, ਉਪਜਿਆ ਖ਼ਾਲਸਾ ਸੂਰਮਿਆਂ ਦਾ ਪੰਥ ਹੈ, ਜਿਹੜੇ ਨਾਮ ਅਤੇ ਸਿਮਰਨ ਵਾਲਾ ਅੰਤਰਮੁਖੀ ਜੀਵਨ ਜਿਊਂਦੇ ਹਨ। ਇਹ ਪੰਥ ਦੀ ਰੰਗ ਰੱਤੜੀ ਹਸਤੀ, ਬਾਣੀ ਨਾਲ ਜੁੜੀ, ਪਿਆਰ ਵਿਗੁਤੀ, ਸ਼ਕਤੀ ਸ਼ਾਲੀ ਅਤੇ ਨਿਮਰ, ਨਿਰਭੈ, ਮੌਤ ਨੂੰ ਮਖੌਲਾਂ ਕਰਦੀ, ਮੌਤ ਨੂੰ ਜੱਫੀਆਂ ਪਾਉਂਦੀ, ਨਾਇਕਾਂ ਵਾਂਗ ਜਿਊਦੀ, ਜੀਵਨ ਦੇ ਗਮਾਂ ਤੋਂ ਉੱਪਰ ਉੱਠੀ, ਸਰਬੱਤ ਦਾ ਭਲਾ ਮੰਗਣ ਵਾਲੀ ਆਦਰਸ਼ਕ ਮਨੁੱਖ ਦੀ ਜੀਵਨ-ਸ਼ੈਲੀ ਵਾਲੀ ਜਮਾਤ ਹੈ। ਦਸਮੇਸ਼ ਪਿਤਾ ਨੇ ਖ਼ਾਲਸਾ ਪੰਥ ਦੀ ਸਾਜਨਾ ਦੁਨੀਆ ਨੂੰ ‘ਨਿਆਰਾਪਣ’ ਦੇਣ ਲਈ ਕੀਤੀ ਅਤੇ ਨਿਆਰੀ ਕੌਮ ਦੀ ਸਾਜਨਾ ਕੀਤੀ। ਖ਼ਾਲਸਾ ਪੰਥ ਦੀ ਸਾਜਨਾ ਦਾ ਦਿਵਸ, ਸਿੱਖ ਕੌਮ ਲਈ ਸਭ ਤੋਂ ਵੱਧ ਕੀਮਤੀ ਅਤੇ ਮਹੱਤਵਪੂਰਨ ਦਿਨ ਹੈ, ਜਿਸ ਨੂੰ ਕੌਮੀ ਤਿਉਹਾਰ ਵਾਂਗੂੰ ਮਨਾਉਣ ਦੇ ਨਾਲ-ਨਾਲ, ਇਸ ਦਿਨ ਇਹ ਅਹਿਸਾਸ ਕਰਨ ਦੀ ਵੀ ਲੋੜ ਹੈ ਕਿ ਜਿਸ ਮੰਤਵ ਨੂੰ ਲੈ ਕੇ ਦਸਮੇਸ਼ ਪਿਤਾ ਨੇ ਸਿੱਖ ਪੰਥ ਦੀ ਸਾਜਨਾ ਕੀਤੀ ਸੀ ਅਤੇ ਇਸਦੀਆਂ ਜੜ੍ਹਾਂ ਮਜ਼ਬੂਤ ਕਰਨ ਲਈ ਆਪਣੇ ਸਰਬੰਸ ਦੀ ਕੁਰਬਾਨੀ ਦਿੱਤੀ ਸੀ, ਕੀ ਉਹ ਮੰਤਵ ਪੂਰਾ ਹੋ ਰਿਹਾ ਹੈ? ਦੁਨੀਆਂ ’ਚ ਜਬਰ-ਜ਼ੁਲਮ ਨੂੰ ਰੋਕਣ, ਊਚ-ਨੀਚ ਨੂੰ ਖ਼ਤਮ ਕਰਨ ਅਤੇ ਸਮੁੱਚੀ ਮਨੁੱਖਤਾ ਨੂੰ ਬਰਾਬਰੀ ਦੇਣ ਲਈ ਇਸ ਨਿਆਰੇ ਪੰਥ ਨੂੰ ਸਾਜਿਆ ਸੀ ਅਤੇ ਖ਼ਾਲਸੇ ਨੂੰ ਨਿਰਧਨ ਨੂੰ ਪਾਲਣ, ਦੁਸ਼ਟ ਨੂੰ ਗਾਲਣ, ਦੀ ਸੇਧ ਦਿੱਤੀ ਸੀ। ਅੱਜ ਖਾਲਸੇ ਦੇ ਨਿਆਰੇਪਣ ਨੂੰ ਖੋਰਾ ਅਤੇ ਖਾਲਸਾਈ ਸਿਧਾਤਾਂ ਨੂੰ ਸਿਉਂਕ ਲੱਗ ਚੁੱਕੀ ਹੈ, ਜਿਸ ਨੀਵੇਂ ਥਾਂ ਤੋਂ ਚੁੱਕ ਕੇ ਕਲਗੀਆਂ ਵਾਲੇ ਨੇ ਸਾਨੂੰ ਉੱਚੇ ਸਿੰਘਾਸਨ ਤੇ ਬਿਠਾਇਆ ਸੀ, ਅਸੀਂ ਮੁੜ ਤੋਂ ਉਨ੍ਹਾਂ ਨਿਵਾਣਾਂ ਵੱਲ ਜਾ ਰਹੇ ਹਾਂ। ਬਾਣੀ ਤੇ ਬਾਣੇ ’ਚ ਪ੍ਰਪੱਕ ਹੋਣ ਦੀ ਥਾਂ ਸਿਰਫ਼ ਵਿਖਾਵੇ ਮਾਤਰ ਦਾ ਮਾਰਗ ਚੁਣ ਲਿਆ ਹੈ, ਜਿਸ ਕਾਰਣ ਗੁਰੂ ਸਾਹਿਬ ਵੱਲੋਂ ਬਖ਼ਸੇ ‘ਤੇਜ਼’ ਦੀ ਦਾਤ ਤੋਂ ਮਹਿਰੂਮ ਹੋ ਕੇ ਖੱਜਲ ਖੁਆਰੀ ਦੇ ਰਾਹ ਪੈ ਗਏ ਹਾਂ। ਸਿੱਖੀ ਦੀਆਂ ਉੱਚੀਆਂ-ਸੁੱਚੀਆਂ ਕਦਰਾਂ-ਕੀਮਤਾਂ ਦੀ ਰਾਖੀ ਦੀ ਥਾਂ ਅਸੀਂ ਆਪਣੇ ਹੱਥੀਂ ਹੀ ਉਨ੍ਹਾਂ ਨੂੰ ਮਿੱਟੀ ’ਚ ਰੋਲ੍ਹਣ ਲੱਗੇ ਹੋਏ ਹਾਂ, ਜਿਸ ਕਾਰਣ ਦੁਨੀਆਂ ਤੇ ਸਿਰਦਾਰੀ ਕਰਨ ਲਈ ਸਾਜੀ ਕੌਮ ਦੇ ਪੱਲੇ ਸਿਰਫ਼ ਤੇ ਸਿਰਫ਼ ‘ਗੁਲਾਮੀ ਤੇ ਜਲਾਲਤ’ ਰਹਿ ਗਈ ਹੈ। ਜਿਸ ਖ਼ਾਲਸੇ ਨੂੰ ਹਰ ਕੋਈ ਆਪਣੀ ਰਾਖੀ ਲਈ ਆਵਾਜ਼ ਮਾਰਦਾ ਸੀ, ਅੱਜ ਉਸਨੂੰ ਆਪਣੀ ਰੱਖਿਆ ਲਈ ਤੇ ਇਨਸਾਫ ਪ੍ਰਾਪਤੀ ਲਈ ਝੋਲੀ ਅੱਡਣੀ ਪੈ ਰਹੀ ਹੈ। ਗੁਰੂ ਸਾਹਿਬ ਨੇ ਹਰ ਸਿੰਘ ਨੂੰ ‘ਸਿਰਦਾਰ’ ਬਣਾਇਆ ਸੀ, ਪ੍ਰੰਤੂ ਅਸੀਂ ਇੱਕ - ਦੋ ਮਨੁੱਖਾਂ ਅੱਗੇ ਸਿਰ ਨੀਵੇਂ ਕਰੀ ਬੈਠੇ ਹਾਂ। ਜਿਸ ਤਸੱਵਰ ਨੂੰ ਲੈ ਕੇ ਸਾਹਿਬ- ਏ- ਕਮਾਲ ਪਿਤਾ ਨੇ ਖ਼ਾਲਸਾ ਪੰਥ ਦੀ ਸਾਜਨਾ ਕੀਤੀ ਸੀ, ਉਸ ਦੀ ਤਸਵੀਰ ਵੀ ਗੁਰੂ ਸਾਹਿਬ ਨੇ ਪੂਰੀ ਦੁਨੀਆ ਨੂੰ ਹਕੀਕੀ ਰੂਪ ’ਚ ਵਿਖਾਈ ਸੀ, ਪੁਰਤਾਨ ਸਿੱਖਾਂ ਦਾ ਇਤਿਹਾਸ ਜਿਸਨੂੰ ਅਸੀਂ ਵਿਸਾਰ ਰਹੇ ਹਾਂ, ਉਹ ਅੱਜ ਵੀ ਦੱਸਦਾ ਹੈ ਕਿ ‘ਅਸਲੀ ਸਿੰਘ’ ਕੀ ਹੁੰਦਾ ਹੈ। ਪ੍ਰੰਤੂ ਬਾਕੀ ਸਾਰੇ ਖੇਤਰਾਂ ’ਚ ਨਕਲ ਦੇ ਮਾਹਿਰ, ਅਸੀਂ ਇਸ ਖੇਤਰ ’ਚ ‘ਨਕਲ’ ਕਰਨ ਤੋਂ ਅਸਮਰੱਥ ਤੇ ਲਾਚਾਰ ਹਾਂ। ਖ਼ਾਲਸਾਈ ਸਿਧਾਂਤ ਤੋਂ ਥਿੜ੍ਹਕੀ ਕੌਮ ਦੀ ਨੌਜਵਾਨ ਪੀੜ੍ਹੀ ਅੱਜ ਸਿੱਖੀ ਤੇ ਸਿੱਖੀ ਸਰੂਪ ਤੋਂ ਕੋਹਾਂ ਦੂਰ ਚਲੀ ਗਈ ਹੈ। ਨਿਆਰੇਪਣ ਦੀ ਥਾਂ ਅਸੀਂ ਫ਼ਿਰ ਤੋਂ ਪਾਖੰਡਵਾਦ ਤੇ ਆਡੰਬਰਵਾਦ ਦਾ ਸ਼ਿਕਾਰ ਹੋ ਕੇ ਬਿਪਰਾਵਾਦੀ ਹੋ ਗਏ ਹਾਂ। ਨਸ਼ਿਆਂ ਦੇ ਰਾਹ ਪੈ ਕੇ ਸਰੀਰਕ ਸ਼ਕਤੀ ਤੋਂ ਹੀਣੇ ਹੋਣ ਦੇ ਨਾਲ ਨਾਲ ‘ਸ਼ਬਦ ਤੇ ਗਿਆਨ’ ਤੋਂ ਵੀ ਕੋਰੇ ਹੋ ਗਏ ਹਾਂ ਅਤੇ ਅੱਜ ਦੇ ਯੁੱਗ ’ਚ ਸ਼ਬਦ ਤੇ ਗਿਆਨ ਤੋਂ ਵਿਹੀਨ ਕੌਮ ਦੀ ਹੋਂਦ ਦਾ ਕੋਈ ਅਰਥ ਹੀ ਨਹੀਂ ਰਹਿ ਜਾਂਦਾ। ਖਾਲਸਾ ਪੰਥ ਦੀ ਸਾਜਨਾ ਨੂੰ ਅੱਜ 324 ਵਰ੍ਹੇ ਲੰਘ ਗਏ ਹਨ, ਕੌਮ ਕਿੱਥੋਂ ਚੱਲ ਕੇ ਕਿੱਥੇ ਪੁੱਜ ਗਈ ਹੈ? ਹਰ ਸਿੱਖ ਨੂੰ ਵਿਸਾਖੀ ਦੇ ਦਿਨ ਇੱਕ ਵਾਰ ਇਸ ਬਾਰੇ ਮੰਥਨ ਜ਼ਰੂਰ ਕਰਨਾ ਚਾਹੀਦਾ ਹੈ। ਲੋੜ ਹੈ ਵਿਸਾਖੀ ਦੇ ਪਵਿੱਤਰ ਦਿਹਾੜੇ ਨੂੰ ਕੌਮੀ ਚੇਤਨਾ ਜਗਾਉਣ ਵਾਲਾ ਦਿਹਾੜਾ ਬਣਾਉਣ ਦੀ, ਆਮ ਮਨੁੱਖ ਆਪਣੇ ਜਾਂ ਆਪਣੇ ਬੱਚੇ ਦੇ ਜਨਮ ਦਿਨ ਲਈ ਕਿੰਨੇ ਚਾਅ ਮਲਾਰ ਕਰਦਾ ਹੈ, ਪ੍ਰੰਤੂ ਅਸੀਂ ਕੌਮ ਦੇ ਜਨਮ ਦਿਹਾੜੇ ਤੇ ਅਜਿਹੇ ਚਾਅ ਕਿਉਂ ਨਹੀਂ ਵਿਖਾਉਂਦੇ? ਇਸ ਦਿਹਾੜੇ ਤੇ ਨਵੀਂ ਪੀੜ੍ਹੀ ’ਚ ਕੌਮੀ ਭਾਵਨਾ ਤੇ ਉਤੇਜਨਾ ਜਗਾਉਣ ਲਈ ਕੁਝ ਖ਼ਾਸ ਕੀਤਾ ਜਾਣਾ ਚਾਹੀਦਾ ਹੈ। ਨਗਰ ਕੀਰਤਨ ਤੇ ਲੰਗਰਾਂ ਤੋਂ ਇਲਾਵਾ ਵੀ ਕੁਝ ਕਰਨਾ ਬਣਦਾ ਹੈ। ਖ਼ਾਲਸੇ ’ਚ ਆਈ ਖੋਟ ਨੂੰ ਦਰਸਾਉਣ ਅਤੇ ਇਸ ਨੂੰ ਮੁੜ ਖਾਲਸ ਕਰਨ ਲਈ ਗੁਰੂ ਵੱਲੋਂ ਦਰਸਾਏ ਮਾਰਗ ਨੂੰ ਦ੍ਰਿੜਤਾ ਨਾਲ ਅਪਨਾਉਣ ਦੀ ਲੋੜ ਹੈ। ਜਦੋਂ ਤੱਕ ਅਸੀਂ ਸਮੁੱਚੀ ਕੌਮ ’ਚ ਕੌਮੀ ਭਾਵਨਾ ਨੂੰ ਜਗਾਉਂਦੇ ਨਹੀਂ, ਉਦੋਂ ਤੱਕ ‘ਖੋਟ’ ਦੂਰ ਨਹੀਂ ਹੋਵੇਗੀ। ‘ਵਿਸਾਖੀ’ ਵਰਗੇ ਕੌਮੀ ਦਿਹਾੜੇ ਹੀ ਅਜਿਹੀ ਭਾਵਨਾ ਜਗਾਉਣ ਦੇ ਸਰੋਤ ਬਣ ਸਕਦੇ ਹਨ। ਪ੍ਰਤੀ ਅਸੀਂ ਇਨ੍ਹਾਂ ਨੂੰ ਕੁਝ ਧਾਰਮਿਕ ਰਸਮਾਂ ਨਾਲ ਬੰਨ੍ਹ ਕੇ ਇਨ੍ਹਾਂ ਦੀ ਅਸਲ ਮਹਾਨਤਾ ਨੂੰ ਖ਼ਤਮ ਕਰ ਦਿੱਤਾ ਹੈ। ਆਓ! ਵਿਸਾਖੀ ਨੂੰ ਕੌਮੀ ਤਿਉਹਾਰ ਵਜੋਂ ਮਨਾਈਏ ਅਤੇ ਦੁਨੀਆਂ ’ਚ ਸਿੱਖੀ ਦੇ ਨਿਆਰੇਪਣ ਅਤੇ ਦੁਨੀਆਂ ਦੇ ਇਸ ਇਨਕਲਾਬੀ ਪੰਥ ਦੀ ਜੈ-ਜੈ ਕਾਰ ਕਰੀਏ।

# ਰਾਣੀ ਸਦਾ ਕੌਰ

## ਰਾਣੀ ਤੋਂ ਮਿਸਲਦਾਰਨੀ ਬਣਨ ਦਾ ਸਫ਼ਰ

ਲੇਖਕ : ਬਾਬਾ ਪ੍ਰੇਮ ਸਿੰਘ ਹੋਤੀ ਮਰਦਾਨ

ਸਰਦਾਰਨੀ ਸਦਾ ਕੌਰ ਨੇ ਘਨੱਯਾ ਮਿਸਲ ਦੇ ਪ੍ਰਬੰਧ ਆਪਣੀ ਸੌਂਪਣੀ ਵਿਚ ਲੈਣ ਦੇ ਨਾਲ, ਹੀ ਲਗਦੇ ਹਥ ਸਭ ਤੋਂ ਪਹਿਲਾ ਕੰਮ ਇਹ ਕੀਤਾ ਕਿ ਆਪਣੀ ਇਕਲੌਤੀ ਬੱਚੀ ਬੀਬੀ ਮਹਿਤਾਬ ਕੌਰ ਜੀ ਦੀ ਮੰਗਣੀ ਸਰਦਾਰ ਮਹਾਂ ਸਿੰਘ ਸੁਕ੍ਰਚਕੀਆ ਦੇ ਸਪੁੱਤਰ ਕਾਕਾ ਰਣਜੀਤ ਸਿੰਘ ਨਾਲ ਕਰ ਦਿੱਤੀ। ਇਸ ਕਾਰਜ ਦੇ ਕਰਨ ਨਾਲ ਸਰਦਾਰਨੀ ਸਦਾ ਕੌਰ ਜੀ ਦੀ ਦੂਰਦ੍ਰਿਸ਼ਟੀ ਦੀ ਛਾਪ ਸੌਖੀ ਹੀ ਮਨਾਂ ਪੁਰ ਛਪ ਜਾਂਦੀ ਹੈ ਕਿ ਇਹ ਸਬੰਧ ਅੱਗੇ ਜਾਕੇ ਕਿੰਨਾ ਸਫਲ ਸਾਬਤ ਹੋਇਆ। ਸਰਦਾਰ ਮਹਾਂ ਸਿੰਘ ਦਾ ਪ੍ਰਤਾਪ ਇਸ ਸਮੇਂ ਵਧ ਰਿਹਾ ਸੀ। ਘਨੱਯਾ ਤੇ ਸੁਕ੍ਰਚਕੀਆਂ ਮਿਸਲਾਂ ਦਾ ਵੈਰ ਵਿਰੋਧ, ਜਿਹੜਾ ਮੁੱਦਤਾਂ ਤੋਂ ਚਲਾ ਆਉਂਦਾ ਸੀ ਤੇ ਦੋਵੇਂ ਮਿਸਲਾਂ ਆਪਸ ਵਿਚ ਲੜ ਲੜ ਕੇ ਆਪਣੀ ਤਾਕਤ ਬਿਅਰਥ ਗਵਾ ਰਹੀਆਂ ਸਨ, ਸਰਦਾਰਨੀ ਸਦਾ ਕੌਰ ਜੀ ਦੀ ਸਿਆਣਪ ਨੇ ਇਸ ਬੁਰਿਆਈ ਨੂੰ ਝੱਟ ਸਮਝ ਲਿਆ ਕਿ ਇੰਨੀ ਵੱਡੀ ਮਿਸਲ ਨਾਲ ਐਵੇਂ ਅਜੋੜ ਰੱਖਣਾ ਦੋਹਾਂ ਧਿਰਾਂ ਲਈ ਕਿੰਨਾ ਹਾਨੀਕਾਰਕ ਹੋ ਰਿਹਾ ਹੈ। ਇਸ ਨੂੰ ਸਦਾ ਲਈ ਮੁਕਾ ਦੇਣ ਦਾ ਇਸ ਤੋਂ ਵੱਧ ਭਲਾ ਤਰੀਕਾ ਹੋਰ ਕੀ ਹੋ ਸਕਦਾ ਸੀ ਜਿਹੜਾ ਸਦਾ ਕੌਰ ਨੇ ਵਰਤੋਂ ਵਿਚ ਲੈ ਆਂਦਾ। ਇਸ ਉੱਤਮ ਸੰਜੋਗ ਨਾਲ ਉਹ ਸਾਰੇ ਪਿਆਰ ਨਾ ਕੇਵਲ ਮਧਰ ਪਿਆਰ ਵਿਚ ਹੀ ਪਲਟ ਗਏ, ਸਗੋਂ ਦੋਵੇਂ ਮਿਸਲਾਂ ਆਪਸ ਵਿਚ ਇਕਮਿਕ ਹੋ ਕੇ ਡਾਢੀਆਂ ਬਲਵਾਨ ਹੋ ਗਈਆਂ। ਇੱਥੇ ਹੀ ਬੱਸ ਨਹੀਂ, ਬਲਕਿ ਇਸੇ ਸੰਮੇਲਨ ਨੇ ਅੱਗੇ ਜਾ ਕੇ ਪੰਜਾਬ ਵਿਚ ਖਾਲਸਾ ਰਾਜ ਦੀ ਉਸਾਰੀ ਲਈ ਨੀਂਹ ਦੇ ਪੱਥਰ ਵਾਲਾ ਕੰਮ ਕੀਤਾ, ਜਿਸਦਾ ਸਣੇ ਵੇਰਵੇ ਹਾਲ ਅਗਲੇ ਪੰਨਿਆਂ ਪਰ ਆਏਗਾ। ਇਹ ਗਲ ਸੰਨ ੧੭੮੫ ਦੀ ਹੈ। ਇਸ ਮੰਗਣੀ ਨੂੰ ਮਸਾਂ ਅਜੇ ਇੱਕ ਸਾਲ ਹੀ ਬੀਤਿਆ ਸੀ ਕਿ ਨਿੱਕੀ ਜਿਹੀ ਬੀਬੀ ਮਹਿਤਾਬ ਕੌਰ ਦਾ ਵਿਆਹ ਨਿੱਕੇ ਜਿਹੇ ਲਾਲ ਰਣਜੀਤ ਸਿੰਘ ਨਾਲ ਬੜੀ ਸ਼ਾਨ ਨਾਲ ਕੀਤਾ ਗਿਆ।

### ਸਦਾ ਕੌਰ ਦੋਹਾਂ ਮਿਸਲਾਂ ਦੀ ਮਿਸਲਦਾਰਨੀ ਬਣੀ

ਬਿਧਾਤਾ ਦੇ ਚਿੱਤ੍ਰ ਵੀ ਬੜੇ ਹੀ ਵਚਿੱਤ੍ਰ ਹੁੰਦੇ ਹਨ। ਸਰਦਾਰਨੀ ਸਦਾ ਕੌਰ ਨੇ ਸਰਦਾਰ ਮਹਾਂ ਸਿੰਘ ਨਾਲ ਸਬੰਧ ਜੋੜ ਕੇ ਆਪਣੇ ਲਈ ਇਕ ਸਹਾਇਕ ਭਾਲਿਆ ਸੀ, ਪਰ ਸਿਰਜਣਹਾਰ ਨੇ ਇਸ ਦੇ ਠੀਕ ਪ੍ਰਤੀਕੂਲ ਖੇਲ ਰਚਾ ਦਿੱਤਾ, ਅਰਥਾਤ ਜਿੱਥੇ ਸੁਚਕੀਆ ਦਾਰਾਂ ਨੇ ਇਸ ਵਿਧਵਾ ਦੀ ਸਹਾਇਤਾ ਕਰਨੀ ਸੀ ਉੱਥੇ ਉਹ ਉਲਟੇ ਆਪ ਇਸਦੀ ਸਹਾਇਤਾ ਦੇ ਜਾਚਕ ਹੋ ਗਏ। ਉਹ ਘਟਨਾ ਇਸ ਤਰ੍ਹਾਂ ਹੋਈ ਕਿ ਇਕ ਦਿਨ ਇਕਾਇਕ ਇਕ ਸਵਾਰ, ਜੋ ਬੜਾ ਹੰਭਿਆ ਹੁਟਿਆ ਦਿੱਸਦਾ ਸੀ, ਘਬਰਾਹਟ ਵਿਚ ਬਟਾਲੇ ਪੁੱਜਾ ਤੇ ਸਰਦਾਰਨੀ ਸਦਾ ਕੌਰ ਨੂੰ ਸਰਦਾਰ ਮਹਾਂ ਸਿੰਘ ਦਾ ਸੁਨੇਹਾ ਆ ਦਿੱਤਾ ਕਿ ਆਪ ਗੁਜਰਾਤ ਦੇ ਇਲਾਕੇ ਤੋਂ ਮਾਲਕਾਨਾ ਉਗਰਾਹੁਣ ਲਈ ਦੌਰੇ ਚੜੇ ਸਨ, ਪਰ ਉੱਥੋਂ ਪੇਚਸ਼ ਦੀ ਬੀਮਾਰੀ ਨਾਲ ਸਖ਼ਤ ਬੀਮਾਰ ਹੋ ਕੇ ਗੁਜਰਾਂ ਵਾਲੇ ਪਰਤ ਆਏ ਹਨ, ਸੋ ਆਪ ਉਨ੍ਹਾਂ ਦੇ ਅੰਤਮ ਦਰਸ਼ਨ ਕਰਨ ਲਈ ਛੇਤੀ ਪਹੁੰਚੋ। ਇਹ ਚਿੰਤਾ-ਜਨਕ ਖ਼ਬਰ ਸੁਣ ਕੇ ਸਰਦਾਰਨੀ ਵਾਹੋਦਾਹੀ ਗੁਜਰਾਂ ਵਾਲੇ ਪੁੱਜੀ। ਇੱਥੇ ਆ ਕੇ ਡਿੱਠਾ ਤਾਂ ਸਰਦਾਰ ਮਹਾਂ ਸਿੰਘ ਜੀ ਦੀ ਹਾਲਤ ਬੜੀ ਨਿਢਾਲ ਹੋ ਚੁੱਕੀ ਹੋਈ ਸੀ। ਇੱਥੇ ਸਦਾ ਕੌਰ ਨੂੰ ਕੇਵਲ ਇਕ ਦਿਨ ਹੀ ਬੀਤਿਆ ਸੀ ਕਿ ਸਰਦਾਰ ਮਹਾਂ ਸਿੰਘ ਆਪਣੇ ਇਕਲੌਤੇ ਪੁੱਤ ਰਣਜੀਤ ਸਿੰਘ ਨੂੰ ਸਣੇ ਸੁਕ੍ਰੱਚਕੀਆ ਮਿਸਲ ਦੇ ਸਰਦਾਰਨੀ ਸਦਾ ਕੌਰ ਦੀ ਸੌਂਪਣੀ ਵਿਚ ਸੌਂਪ ਕੇ ਕੇਵਲ ੨੭ ਸਾਲ ਦੀ ਜਵਾਨ ਉਮਰ ਵਿਚ ਪ੍ਰਲੋਕ ਸਿਧਾਰ ਗਏ। ਰਣਜੀਤ ਸਿੰਘ ਜੀ ਨੂੰ ਇਹ ਦੁਖ ਭਰੀ ਖਬਰ ਕੋਟ ਮਹਾਰਾਜਾ ਵਿਚ ਪੁੱਜੀ। ਉਹ ਓਸੇ ਵਕਤ ਹੀ ਉੱਥੋਂ ਕੂਚ ਕਰ ਕੇ ਗੁਜਰਾਂ ਵਾਲੇ ਪਹੁੰਚ ਗਿਆ । ਇਹ ਘਟਨਾ ਮਾਰਚ ਸੰਨ ੧੭੯੨ ਈ: ਦੀ ਹੈ।

### ਰਣਜੀਤ ਸਿੰਘ ਸਦਾ ਕੌਰ ਦੇ ਪ੍ਰਬੰਧ ਵਿਚ

ਸ: ਰਣਜੀਤ ਸਿੰਘ ਜੀ ਦੇ ਸਿਰ ਤੋਂ ਜਦ ਆਪਣੇ ਪਿਆਰੇ ਪਿਤਾ ਜੀ ਦਾ ਛਤਰ ਉੱਠ ਗਿਆ ਤਾਂ ਉਸ ਦੀ ਉਮਰ ਬਹੁਤ ਵੱਡੀ ਨਹੀਂ ਸੀ। ਲਾਡਲਾ ਰਣਜੀਤ ਸਿੰਘ ਇੱਕੱਲਾ ਰਹਿ ਜਾਣ ਦੇ ਕਾਰਨ ਹੈਰਾਨ ਸੀ ਕਿ ਉਹ ਇਸ ਭਾਰੇ ਬੋਝ ਨੂੰ ਜੋ ਇਸ ਦਾ ਪਿਤਾ ਇਸ ਦੇ ਸਿਰ ਪਾ ਗਿਆ ਸੀ ਕਿਸ ਤਰ੍ਹਾਂ ਚੁੱਕ ਸਕੇਗਾ, ਪਰ ਇਸ ਚਿੰਤਾ ਵਿਚ ਅਜੇ ਬਹੁਤਾ ਸਮਾਂ ਨਹੀਂ ਸੀ ਬੀਤਿਆ ਕਿ ਇਸ ਨੂੰ ਮਾਲੂਮ ਹੋ ਗਿਆ ਕਿ ਇਸ ਪਰਤਾਵੇ ਦੇ ਸਮੇਂ ਇਕ ਬਲਵਾਨ ਹੱਥ ਉਸ ਦੇ ਸਿਰ ਉਪਰ ਮੌਜੂਦ ਹੈ, ਜਿਸ ਦੇ ਹੁੰਦਿਆਂ ਉਸ ਨੂੰ ਕਿਸੇ ਗੱਲ ਦੀ ਚਿੰਤਾ ਦੀ ਲੋੜ ਨਹੀਂ, ਉਹ ਹੱਥ ਉਸ ਦੀ ਬਹਾਦਰ ਅਤੇ ਸੁਘੜ ਸੱਸ ਸਰਦਾਨੀ ਸਦਾ ਕੌਰ ਦਾ ਸੀ । ਇਸ ਅਤਿ ਲੋੜੀਂਦੇ ਸਮੇਂ ਇਸ ਗੈਬੀ ਸਹਾਇਤਾ ਲਈ ਇਹ ਆਪਣੇ ਸਤਿਗੁਰੂ ਦਾ ਲੱਖ ਲੱਖ ਸ਼ੁਕਰ ਕਰਦਾ ਹੁੰਦਾ ਸੀ।

ਹੁਣ ਸਰਦਾਰਨੀ ਸਦਾ ਕੌਰ ਨਾ ਕੇਵਲ ਆਪਣੀ ਘਨੱਯਾ ਮਿਸਲ ਦੇ ੮੦੦੦ ਸਵਾਰਾਂ ਤੇ ਲੱਖਾਂ ਰੁਪਈਆਂ ਦੀ ਆਮਦਨੀ ਦੀ ਜਾਇਦਾਦ ਦਾ ਕੰਮ ਚਲਾਉਂਦੀ ਸੀ, ਸਗੋਂ ਸੁਕ੍ਰਚਕੀਆਂ ਦਾ ਪ੍ਰਬੰਧ ਵੀ ਇਸ ਨੇ ਆਪਣੇ ਹੱਥ ਲੈ ਲਿਆ। ਇਸ ਮਹਾਨ ਕੰਮ ਨੂੰ ਇਸ ਨੇ ਜਿਸ ਖੁਸ਼ੀ ਤੇ ਯੋਗਤਾ ਨਾਲ ਨਿਬਾਹਿਆ ਉਸਦਾ ਹਾਲ ਕੁਝ ਕੁ ਇਸ ਤਰ੍ਹਾਂ ਹੈ

ਇਸ ਮਿਸਲ ਦੇ ਖਜ਼ਾਨੇ ਦਾ ਕੰਮ ਸਰਦਾਰ ਮਹਾਂ ਸਿੰਘ ਦੇ ਸਮੇਂ ਤੋਂ ਦੀਵਾਨ ਲਖਪਤ ਰਾਏ ਦੇ ਹੱਥ ਵਿਚ ਚਲਾ ਆਂਵਦਾ ਸੀ। ਸਰਦਾਰਨੀ ਸਦਾ ਕੌਰ ਨੇ ਜਦ ਇਸ ਦੀ ਆਮਦਨ ਖਰਚ ਦੇ ਹਿਸਾਬ ਦੀ ਪੜਤਾਲ ਕੀਤੀ ਤਾਂ ਇਸ ਨੂੰ ਦੀਵਾਨ ਦੇ ਕੰਮ ਤੋਂ ਸੰਤੁਸ਼ਟਤਾ ਨਾ ਹੋਈ ਤੇ ਇਸ ਵਿਚ ਵੱਡਾ ਹੇਰਫੇਰ ਦਿੱਸਿਆ, ਇਸ ਲਈ ਇਸ ਨੇ ਰਣਜੀਤ ਸਿੰਘ ਦੀ ਇੱਛਾ ਅਨੁਸਾਰ ਇਸ ਕੰਮ ਨੂੰ ਲਖਪਤ ਰਾਏ ਤੋਂ ਲੈ ਕੇ ਸਰਦਾਰ ਦਲ ਸਿੰਘ ਦੇ ਹੱਥ ਸੌਂਪ ਦਿਤਾ। ਇਸੇ ਤਰ੍ਹਾਂ ਸਰਦਾਰਨੀ ਨੇ ਸੁਕ੍ਰਚਕੀਆ ਮਿਸਲ ਦੇ ਸਾਰੇ ਸਵਾਰਾਂ ਦੀ ਪੜਤਾਲ ਕੀਤੀ; ਇਨ੍ਹਾਂ ਵਿਚ ਜਿਹੜੇ ਫੌਜੀ ਸੇਵਾ ਦੇ ਯੋਗ ਨਹੀਂ ਸਨ ਉਨ੍ਹਾਂ ਨੂੰ ਯੋਗ ਗੁਜ਼ਾਰੇ ਦੇ ਕੇ ਵਿਦਾ ਕਰ ਦਿੱਤਾ ਤੇ ਉਨ੍ਹਾਂ ਦੀ ਥਾਂ ਨਵੇਂ ਜਵਾਨ ਭਰਤੀ ਕਰਕੇ ਕਮੀ ਪੂਰੀ ਕਰ ਲੀਤੀ। ਸਰਦਾਰ ਮਹਾਂ ਸਿੰਘ ਦੇ ਸਮੇਂ ਮਿਸਲ ਦੇ ਜਵਾਨਾਂ ਲਈ ਕਈ ਨੀਯਤ ਤਲਬ ਮੁੱਕਰਰ ਨਹੀਂ ਸੀ, ਪਰ ਹੁਣ ਸਰਦਾਰਨੀ ਸਦਾ ਕੌਰ ਨੇ ਇਨ੍ਹਾਂ ਲਈ ਇਕ ਨਿਯਮ ਅਨੁਸਾਰ ਸਭ ਦੇ ਗੁਜ਼ਾਰੇ ਨੀਯਤ ਕਰ ਦਿੱਤੇ। ਇਸ ਤਰ੍ਹਾਂ ਨਵੇਂ ਸਿਰਿਓਂ ਮੁੜ ਸਾਰੀ ਮਿਸਲ ਨੂੰ ਤਰਤੀਬ ਦਿੱਤੀ ਗਈ ।ਸ਼ੇਰਿ ਪੰਜਾਬ ਨੂੰ ਕੁਦਰਤ ਵੱਲੋਂ ਦਿਲ ਤੇ ਦਿਮਾਗ਼ ਤਾਂ ਜਮਾਂਦਰੂ ਹੀ ਮਿਲਿਆ ਹੋਇਆ ਸੀ, ਉੱਪਰੋਂ ਸੁਘੜ ਸਦਾ ਕੌਰ ਦੀ ਰਹਿਬਰੀ ਸੋਨੇ ਪਰ ਸੁਹਾਗੇ ਦਾ ਕੰਮ ਕਰ ਗਈ। ਕੋਈ ਸਤ ਕੁ ਸਾਲ ਲਗਾਤਾਰ ਸਦਾ ਕੌਰ ਦੀ ਨਿਗਰਾਨੀ ਤੇ ਅਗਵਾਈ ਦਾ ਅਸਰ ਨੌਜਵਾਨ ਰਣਜੀਤ ਸਿੰਘ ਦੇ ਜੀਵਨ ਪਰ ਇਹ ਹੋਇਆ ਕਿ ਉਹ



ਵਰਯਾਮਤਾ, ਸੁਘੜਤਾ, ਪ੍ਰਬੰਧਕ ਸ਼ਕਤੀ, ਮਨੁਖੀ ਪਛਾਣ, ਘੋੜਿਆਂ ਦੀ ਸੂਝ, ਆਪਣਿਆਂ ਤੇ ਬਿਗਾਨਿਆਂ ਨਾਲ ਵਰਤਾਓ ਦਾ ਢੰਗ ਆਦਿ ਉਹ ਸਾਰੇ ਸੱਚੇ ਗੁਣ ਜਿਹੜੇ ਕਿਸੇ ਸਫਲ ਹੁਕਮਰਾਨ ਲਈ ਲੋੜੀਂਦੇ ਹਨ ਸਭ ਸੰਪੂਰਨ ਪ੍ਰਾਪਤ ਕਰ ਲਏ । ਹੁਣ ਸਮੇਂ ਦੀ ਲੋੜ ਅਨੁਸਾਰ ਸਮੂਹ ਸਿਖਿਆ ਨਾਲ ਸੁਰਿਖਯਤ ਹੋ ਕੇ ਇਹ ਬੀਰ ਬਹਾਦਰ ਜੋਧਾ ਜਦ ਆਮ ਜਨਤਾ ਦੇ ਸਾਹਮਣੇ ਆਇਆ ਤਾਂ ਦੇਸ਼ ਵਿੱਚ ਧੁੰਮਾਂ ਪੈ ਗਈਆਂ।

### ਸਦਾ ਕੌਰ ਦਾ ਦੇਸ਼ ਪਿਆਰ

ਜਿਦਾਂ ਕਿ ਅਸੀਂ ਪਿੱਛੇ ਲਿਖ ਆਏ ਹਾਂ ਸੰਨ ੧੭੯੮ ਈ: ਵਿਚ ਜਦ ਸ਼ਾਹ ਜ਼ਮਾਨ ਨੇ ਪੰਜਾਬ ਪਰ ਛੇਕੜਲਾ ਹੱਲਾ ਕੀਤਾ ਤਾਂ ਇਸ ਸਮੇਂ ਪੰਜਾਬੀਆਂ ਪਰ ਹੋਏ ਜ਼ੁਲਮਾਂ ਨੂੰ ਦੇਖ ਕੇ ਸ਼ੇਰਿ ਪੰਜਾਬ ਦਾ ਲਹੂ ਉਬਲ ਪਿਆ ਸੀ ਤੇ ਇਸ ਨੇ ਪ੍ਰਤਿਗਿਆ ਕੀਤੀ ਸੀ ਕਿ ਅੱਗੇ ਨੂੰ ਆਪਣੇ ਦੇਸ਼ ਵਾਸੀਆਂ ਨੂੰ ਛੁਡਾ ਕੇ ਸੁਖ ਦਾ ਸਾਹ ਲਏਗਾ । ਇਸ ਗੱਲ ਬਾਰੇ ਜਦ ਆਪ ਨੇ ਸਰਦਾਰਨੀ ਸਦਾ ਕੌਰ ਨਾਲ ਵਿਚਾਰ ਕੀਤਾ ਤਾਂ ਅੱਗੋਂ ਬਹਾਦਰ ਸਰਦਾਰਨੀ ਨੇ ਇਸ ਕਾਰਜ ਦੀ ਸਫ਼ਲਤਾ ਲਈ ਸਭ ਤਰ੍ਹਾਂ ਦੀ ਸਹਾਇਤਾ ਦੇਣ ਦਾ ਭਰੋਸਾ ਦਿੱਤਾ।

### ਪੰਜਾਬ ਨੂੰ ਅਜ਼ਾਦ ਕਰਾਉਣ ਲਈ ਸਦਾ ਕੌਰ ਮੈਦਾਨ ਵਿਚ

ਉੱਪਰ ਲਿਖੀ ਵਿਚਾਰ ਨੂੰ ਅਜੇ ਬਹੁਤਾ ਸਮਾਂ ਨਾ ਸੀ ਬੀਤਿਆ, ਅਰਥਾਤ ਸੰਨ ੧੭੯੯ ਦੀਆਂ ਗਰਮੀਆਂ ਵਿੱਚ ਦੇਸ਼ ਦੀ ਹਾਲਤ ਨੂੰ ਵਿਚਾਰ ਕੇ , ਨੌਜਵਾਨ ਰਣਜੀਤ ਸਿੰਘ ਮੁੜ ਸਦਾ ਕੌਰ ਕੋਲ ਬਟਾਲੇ ਪਹੁੰਚਿਆ ਅਤੇ ਸਰਦਾਰਨੀ ਨੂੰ ਦੱਸਿਆ ਕਿ ਜੇ ਕਦੇ ਕਿਸ ਸਮੇਂ ਸਾਡੀਆਂ ਦੋਵੇਂ ਮਿਸਲਾਂ ਮਿਲ ਕੇ ਲਾਹੌਰ ਪਰ ਚੜਾਈ ਕਰ ਦੇਣ ਤਾਂ ਇਸ ਪਰ ਕਬਜ਼ਾ ਕਰਨਾ ਕੋਈ ਅਸੰਭਵ ਗੱਲ ਨਹੀਂ। ਇਸ ਤਰ੍ਹਾਂ ਜਦ ਲਾਹੌਰ ਪਰ ਕਬਜ਼ਾ ਹੋ ਜਾਏ ਤਾਂ ਪੰਜਾਬ ਵਿਚ ਇਕ ਸਾਂਝੇ ਰਾਜ ਦੀ ਨੀਂਹ ਰਖੀ ਜਾਏ । ਇਸਦੇ ਨਾਲ ਹੀ ਖਾਲਸੇ ਦੀ ਇਕ ਐਸੀ ਅਜਿੱਤ ਫੌਜ ਤਿਆਰ ਕੀਤੀ ਜਾਏ, ਜਿਸ ਦੇ ਬਲ ਨਾਲ ਇੱਥੋਂ ਦੀ ਪਰਜਾ ਨੂੰ ਗੈਰਾਂ ਦੀਆਂ ਲੁੱਟਾਂ ਤੇ ਧਾਵਿਆਂ ਤੋਂ ਸਦਾ ਲਈ ਬਚਾ ਲਿਆ ਜਾਏ। ਸ਼ੇਰਿ ਪੰਜਾਬ ਦੀ ਇਸ ਵਿਉਂਤ ਨੂੰ ਸਰਦਾਰਨੀ ਸਦਾ ਕੌਰ ਨੇ ਬਹੁਤ ਹੀ ਸਲਾਹਿਆ। ਆਪ ਦੀ ਇਹ ਸਲਾਹੁਤ ਕੇਵਲ ਕਥਨੀ ਮਾਤਰ ਹੀ ਨਹੀਂ ਸੀ, ਸਗੋਂ ਇਸ ਨੂੰ ਅਮਲੀ ਵਰਤੋਂ ਵਿਚ ਲਿਆਉਣ ਲਈ ਸਰਦਾਰਨੀ ਜੀ ਨੇ ਲਾਹੌਰ ਦੇ ਸਭ ਤੋਂ ਕਠਿਨ ਮੋਰਚੇ, ਅਰਥਾਤ ਦਿੱਲੀ ਦਰਵਾਜ਼ੇ ਨੂੰ ਸ਼ੇਰਿ ਪੰਜਾਬ ਲਈ ਫਤਹ ਕਰਨਾ, ਆਪਣੇ ਜਿਮੇ ਲੈ ਲਿਆ। ਹੁਣ ਲੰਮੀਂ ਦੇਰ ਦੀ ਕੋਈ ਲੋੜ ਨਹੀਂ ਸੀ, ੧੪ ਹਾੜ ਸੰਮਤ ੧੮੫੬ ਦੀ ਰਾਤ ਨੂੰ ਸ਼ੇਰਿ ਪੰਜਾਬ ਤੇ ਸਰਦਾਰਨੀ ਸਦਾ ਕੌਰ ਜੀ, ਸਣੇ ਆਪੋ ਆਪਣੀਆਂ ਫੌਜਾਂ ਦੇ, ਲਾਹੌਰ ਦੇ ਵਜ਼ੀਰ ਖਾਨ ਦੇ ਬਾਗ਼ ਵਿਚ ਪਹੁੰਚ ਗਏ ।

ਰਾਣੀ ਸਦਾ ਕੌਰ ਵਲੋਂ ਘਨੱਯਾ ਮਿਸਲ ਦੀ ਅਗਵਾਈ ਕੀਤੇ ਜਾਣ ਦਾ ਇਕ ਮੁਸੱਵਰ ਵਲੋਂ ਬਣਾਇਆ ਗਿਆ ਚਿੱਤਰ (ਸਰੋਤ: ਬਿਜ਼ਾਲ/ਇੰਟਰਨੈਟ; ਜਿਸ ਸਰੋਤ ਤੋਂ ਇਹ ਚਿੱਤਰ ਮਿਲਿਆ ਹੈ ਉਸ ਤੋਂ ਚਿਤਰਕਾਰ ਬਾਰੇ ਜਾਣਕਾਰੀ ਨਹੀਂ ਮਿਲ ਸਕੀ। ਜੇਕਰ ਕਿਸੇ ਪਾਠਕ ਕੋਲ ਇਸ ਬਾਰੇ ਸਟੀਕ ਜਾਣਕਾਰੀ ਹੋਵਾ ਤਾਂ ਸਿੱਖ ਸਿਆਸਤ ਨਾਲ ਜਰੂਰ ਸਾਂਝੀ ਕਰੇ)

ਇੱਥੇ ਪਹੁੰਚਦੇ ਹੀ ਫੌਜ ਨੂੰ ਦੋ ਹਿੱਸਿਆਂ ਵਿਚ ਵੰਡਿਆ ਗਿਆ ਇਕ ਦਸਤਾ ਘਨੱਯਾ ਮਿਸਲ ਦੇ ਸਵਾਰਾਂ ਦਾ ਸਰਦਾਰਨੀ ਸਦਾ ਕੌਰ ਨੇ ਆਪਣੀ ਸੌਂਪਣੀ ਵਿੱਚ ਲੈ ਕੇ ਦਿੱਲੀ ਦਰਵਾਜ਼ੇ ਵੱਲੋਂ ਸ਼ਹਿਰ ਪਰ ਧਾਵਾ ਬੋਲ ਦਿਤਾ ਤੇ ਦੂਜਾ ਭਾਗ, ਜਿਸ ਵਿਚ ੩੦੦ 'ਕੌਮੀ ਭੌਰੇ' ਅਕਾਲੀ (ਨਿਹੰਗ) ਸਿੰਘ ਵੀ ਸ਼ਾਮਲ ਸਨ । ਸ਼ੇਰਿ ਪੰਜਾਬ ਦੀ ਨਿਗਰਾਨੀ ਵਿਚ ਲੋਹਾਰੀ ਦਰਵਾਜ਼ੇ ਵੱਲੋਂ ਲਾਹੌਰ ਪਰ ਹੱਲਾ ਬੋਲਣ ਲਈ ਅੱਗੇ ਵਧਿਆ।

ਜਿਹਾ ਕਿ ਉੱਪਰ ਲਿਖਿਆ ਗਿਆ ਹੈ ਸਰਦਾਰਨੀ ਸਦਾ ਕੌਰ ਜਦ ਆਪਣੇ ਸਿਰਲੱਥ ਸੂਰਮਿਆਂ ਦੇ ਨਾਲ ਦਿੱਲੀ ਦਰਵਾਜ਼ੇ ਦੇ ਸਾਹਮਣੇ ਪਹੁੰਚੀ ਤਾਂ ਇੱਥੇ ਕਿਲ੍ਹਾ ਗੁੱਜਰ ਸਿੰਘ ਤੇ ਦਿੱਲੀ ਦਰਵਾਜ਼ੇ ਦੀ ਸੰਮਿਲਤ ਫੌਜ ਨੇ ਇਸ ਦਾ ਟਾਕਰਾ ਕੀਤਾ ਤੇ ਹੁਣ ਲੱਗੀ ਖਟਖਟ ਤਲਵਾਰ ਚੱਲਣ।

ਇਸ ਸਮੇਂ ਸਰਦਾਰਨੀ ਸਦਾ ਕੌਰ ਨੇ ਆਪਣੇ ਹੱਥ ਵਿਚ ਬਿਜਲੀ ਵਾਂਗ ਲਿਸ਼ਕਾਰੇ ਮਾਰਦੀ ਤਲਵਾਰ ਲੈ ਕੇ, ਆਪਣੀ ਸਾਰੀ ਫੌਜ ਦੇ ਅੱਗੇ ਹੋ ਕੇ, ਉਹ ਨਿਰਭੈਤਾ ਤੇ ਵਰਯਾਮਤਾ ਦੱਸੀ, ਜਿਸ ਨੇ ਸਾਰੀ ਫੌਜ ਵਿਚ ਗਜ਼ਬ ਦਾ ਜੋਸ਼ ਭਰ ਦਿੱਤਾ। ਹੁਣ ਅਜਿਹਾ ਕਿਹੜਾ ਕਾਇਰ ਸੀ ਜਿਹੜਾ ਅਪਣੀ ਸਤਿਕਾਰਯੋਗ ਮਿਸਲਦਾਰਨੀ ਨੂੰ ਤਾਂ ਮੈਦਾਨ ਜੰਗ ਵਿਚ ਸਭ ਤੋਂ ਅੱਗੇ ਤਲਵਾਰ ਚਲਾਂਦਾ ਵੇਖਦਾ ਤੇ ਆਪ ਆਪਣੇ ਹੱਡ ਚੰਮ ਨੂੰ ਬਚਾਉਣ ਲਈ ਪਿੱਛੇ ਹਟ ਰਹਿੰਦਾ ? ਇਹ ਗੱਲ ਖਾਲਸਈ ਆਚਰਨ ਤੋਂ ਦੂਰ ਸੀ। ਇਸ ਸਮੇਂ ਆਪਣੀ ਆਗੂ ਸਰਦਾਰਨੀ ਦੀ ਸੂਰਬੀਰਤਾ ਨੂੰ ਦੇਖ ਕੇ ਮਿਸਲ ਦਾ ਹਰ ਇਕ ਜਵਾਨ ਸਿਰ ਤਲੀ ਪਰ ਧਰ ਕਰ ਇਕ ਦੂਜੇ ਨਾਲੋਂ ਅੱਗੇ ਵਧਦਾ ਸੀ। ਉਧਰੋਂ ਟਾਕਰੇ ਦੀਆਂ ਫੌਜਾਂ ਨੇ ਵੀ ਬੜੀ ਬੀਰਤਾ ਨਾਲ ਧਾਵੇ ਨੂੰ ਰੋਕਣ ਦਾ ਕਰੜਾ ਯਤਨ ਕੀਤਾ, ਪਰ ਸ਼ੇਰਨੀ ਸਦਾ ਕੌਰ ਦੇ ਅਠੱਲ ਹੱਲੇ ਅੱਗੇ ਉਹ ਵਧੇਰਾ ਨਾ ਠਹਿਰ ਸਕੇ ਤੇ ਉਨ੍ਹਾਂ ਦੇ ਪੈਰ ਮੈਦਾਨ ਵਿਚੋਂ ਥਿੜਕ ਗਏ। ਮੈਦਾਨ ਸਰਦਾਰਨੀ ਸਦਾ ਕੌਰ ਦੇ ਹੱਥ ਰਿਹਾ। ਇਸ ਸਮੇਂ ਸਰਦਾਰਨੀ ਸਦਾ ਕੌਰ ਨੇ ਭਾਂਜ ਖਾ ਚੁਕੀ ਫੌਜ ਦਾ ਪਿੱਛਾ ਕਰਨ ਤੋਂ ਆਪਣੀ ਫੌਜ ਨੂੰ ਰੋਕ ਲਿਆ ਤੇ ਹੁਕਮ ਦਿੱਤਾ ਕਿ ਲੋੜ ਤੋਂ ਵਧ ਇਕ ਜਾਨ ਦਾ ਵੀ ਨੁਕਸਾਨ ਨਾ ਕੀਤਾ ਜਾਏ ।

ਬਾਹਰ ਦਾ ਮੈਦਾਨ ਤਾਂ ਹੁਣ ਪੂਰੇ ਤੌਰ ਪਰ ਫਤਹ ਹੋ ਚੁੱਕਾ ਸੀ, ਪਰ ਅਜੇ ਸ਼ਹਿਰ ਵਿਚ ਦਾਖ਼ਲ ਹੋਣਾ ਬਾਕੀ ਸੀ। ਸ਼ਹਿਰ ਦੇ ਹਾਕਮਾਂ ਨੂੰ ਜਦ ਮੈਦਾਨ ਵਿੱਚੋਂ ਭਾਂਜ ਹੋ ਗਈ ਤਾਂ ਇਨ੍ਹਾਂ ਸ਼ਹਿਰ ਦਾ ਦਿੱਲੀ ਦਰਵਾਜ਼ਾ ਅੰਦਰੋਂ ਬੰਦ ਕਰ ਲਿਆ, ਪਰ ਇੱਥੇ ਮੁੜ ਇਨ੍ਹਾਂ ਦਾ ਟਿਕਣਾ ਅਸੰਭਵ ਸੀ। ਸਰਦਾਰਨੀ ਸਦਾ ਕੌਰ ਨੇ ਦਰਵਾਜ਼ੇ ਨੂੰ ਤੋਪਾਂ ਨਾਲ ਉਡਾ ਦੇਣ ਦਾ ਹੁਕਮ ਦੇ ਦਿੱਤਾ ਤੇ ਅਜੇ ਬਹੁਤਾ ਸਮਾਂ ਵੀ ਨਹੀਂ ਸੀ ਬੀਤਿਆ ਕਿ ਦਰਵਾਜ਼ਾ ਟੁਕੜੇ ਟੁਕੜੇ ਹੋ ਗਿਆ। ਬੱਸ ਫੇਰ ਕੀ ਸੀ, ਅੱਖ ਦੇ ਫੁਰਕਾਰੇ ਵਿਚ ਇਹ ਸਾਰੀ ਵਿਜਈ ਫੌਜ ਸ਼ਹਿਰ ਵਿਚ ਧੈਂ ਵੜੀ ਅਤੇ ਕਸ਼ਮੀਰੀ ਬਜ਼ਾਰ ਤੋਂ ਚਨਾ ਮੰਡੀ ਤਕ ਲਾਹੌਰ ਦੇ ਇਸ ਰਮਣੀਕ ਭਾਗ ਪਰ ਸਦਾ ਕੌਰ ਨੇ ਪੂਰਾ ਕਬਜ਼ਾ ਕਰ ਲਿਆ। ਇਸ ਇਤਿਹਾਸਕ ਫ਼ਤਹ ਸਮੇਂ ਸਰਦਾਰਨੀ ਜੀ ਨੇ ਐਸੀ ਬਹਾਦਰੀ ਤੇ ਸੁਘੜਤਾ ਦੱਸੀ ਜਿਸ ਦੀ ਨਜ਼ੀਰ ਇਸਤ੍ਰੀ ਜਾਤੀ ਦੇ ਇਤਹਾਸ ਵਿਚ ਬਹੁਤ ਘਟ ਮਿਲਦੀ ਹੈ।

ਅਜੇ ਸ਼ੇਰਿ ਪੰਜਾਬ ਦੇ ਧਾਵੇ ਦਾ ਹਾਲ ਦੱਸਣਾ ਬਾਕੀ ਹੈ। ਵਜ਼ੀਰ ਖ਼ਾਨ ਦੇ ਬਾਗ਼ ਵਿੱਚੋਂ ਨਿਕਲ ਕੇ ਇਹ ਸ਼ੇਰ ਸਿੱਧਾ ਲੁਹਾਰੀ ਦਰਵਾਜ਼ੇ ਪਰ ਜਾ ਪਿਆ ਤੇ ਜਾਂਦੇ ਹੀ ਧੂੰਆਂਧਾਰ ਗੋਲੇ ਗੋਲੀਆਂ ਦਾ ਮੀਂਹ ਵਰਸਾਉਣਾ ਅਰੰਭ ਕਰ ਦਿੱਤਾ ਇਸ ਦੇ ਨਾਲ ਹੀ ਸ਼ੇਰਿ ਪੰਜਾਬ ਨੇ ਕੁਝ ਫ਼ੌਜ ਦੇ ਜਵਾਨ ਤੇ ਕੁਝ ਅਕਾਲੀ ਸੂਰਮਿਆਂ ਨੂੰ ਬਰੂਦ ਭਰੀਆਂ ਥੈਲੀਆਂ ਦੇ ਕੇ ਦਰਵਾਜ਼ੇ ਦੇ ਨਾਲ ਲਾਗਵੀਂ ਫ਼ਸੀਲ ਹੇਠ ਸੁਰੰਗਾਂ ਲਗਾਉਣ ਦਾ ਵੀ ਹੁਕਮ ਦੇ ਦਿੱਤਾ। ਉਸੇ ਘੜੀ ਹੁਕਮ ਦੀ ਪਾਲਣਾ ਕੀਤੀ ਗਈ ਅਤੇ ਜਦ ਤੋੜੇ ਦਾਗੇ ਗਏ ਤਾਂ ਫ਼ਸੀਲ ਵਿਚ ਦਾੜ ਪੈ ਗਈ। ਹੁਣ ਇਕ ਦੂਜੇ ਤੋਂ ਅੱਗੇ ਹੁੰਦੇ ਹੋਏ ਕਈ ਸੌ ਜਵਾਨ ਅੰਦਰ ਜਾ ਵੜੇ। ਇਸ ਸਮੇਂ ਖਾਲਸਾ ਫੌਜ ਨੂੰ ਸ਼ਹਿਰ ਅੰਦਰ ਦਾਖਲ ਹੁੰਦਾ ਦੇਖ ਕੇ ਕਿਸੇ ਨੇ ਦਰਵਾਜ਼ਾ ਵੀ ਅੰਦਰੋਂ ਖੋਲ੍ਹ ਦਿੱਤਾ। ਹੁਣ ਪਾੜ ਅਤੇ ਦਰਵਾਜ਼ੇ ਦੋਹਾਂ ਰਸਤਿਆਂ ਥੀਂ ਮਾਰੋਮਾਰ ਕਰਦੀ ਫੌਜ ਅੰਦਰ ਵੜਨੀ ਅਰੰਭ ਹੋ ਗਈ। ਇਹ ਫਤਹਯਾਬ ਦਲ ਆਪਣੇ ਨਿਡਰ ਆਗੂ ਦੀ ਅਗਵਾਈ ਵਿਚ ਸਰਦਾਰਨੀ ਸਦਾ ਕੌਰ ਦੀ ਵਿਜਈ ਫੌਜ ਨਾਲ ਹੀਰਾ ਮੰਡੀ ਵਿਚ, ਅਕਾਸ਼ ਤੋੜ ਜੈਕਾਰਿਆਂ ਦੀ ਗੂੰਜ ਤੇ ਬੜੇ ਜੋਸ਼ ਤੇ ਉਤਸ਼ਾਹ ਨਾਲ ਜਾ ਮਿਲਿਆ। ਸ਼ੇਰਨੀ ਸਦਾ ਕੌਰ ਨੇ ਆਪਣੇ ਸੂਰਮੇ ਜਵਾਈ ਦਾ ਮੱਥਾ ਚੁੰਮਿਆਂ ਤੇ ਲਾਹੌਰ ਤੇ ਕਬਜ਼ਾ ਹੋ ਜਾਣ ਦੀ ਆਪਨੂੰ ਵਧਾਈ ਦਿੱਤੀ। ਇਹ ਗੱਲ ੧੫ ਹਾੜ ਸੰਮਤ ੧੮੫੬ (੨੭ ਜੂਨ ੧੭੯੯) ਦੀ ਹੈ। ਇੱਥੋਂ ਦੋਵੇਂ ਕਾਮਯਾਬ ਫ਼ੌਜਾਂ ਨੇ ਮਿਲ ਕੇ ਫਤਹ ਦੇ ਧੌਂਸੇ ਵਜਾਉਂਦਿਆਂ ਤੇ ਜੈਕਾਰਿਆਂ ਦੀ ਗੂੰਜ ਗੁੰਜਾਂਦਿਆਂ ਲਾਹੌਰ ਦੇ ਸ਼ਾਹੀ ਕਿਲ੍ਹੇ ਨੂੰ ਜਾ ਘੇਰਿਆ।

### ਕਿਲ੍ਹਾ ਲਾਹੌਰ ਤੇ ਸਰਦਾਰਨੀ ਸਦਾ ਕੌਰ ਦੀ ਸਿਆਣਪ

ਹੁਣ ਕਿਲ੍ਹੇ ਦੇ ਘੇਰੇ ਦੇ ਪੂਰੇ ਹੋ ਜਾਣ ਦੇ ਬਾਅਦ ਮਹਾਰਾਜਾ ਨੇ ਆਪਣੇ ਤੋਪਚੀਆਂ ਨੂੰ ਹੁਕਮ ਦਿੱਤਾ ਕਿ ਕਿਲ੍ਹੇ ਪਰ ਜ਼ੋਰ ਦੀ ਗੋਲਾਬਾਰੀ ਕੀਤੀ ਜਾਏ। ਅਤੇ ਤੋਪਾਂ ਨੇ ਇਕ ਦੋ ਵਾਰੀ ਹੀ ਅੱਗ ਉਗਲੀ ਸੀ ਕਿ ਸਰਦਾਰਨੀ ਸਦਾ ਕੌਰ ਨੇ ਅੱਗੇ ਵਧ ਕੇ ਰਣਜੀਤ ਸਿੰਘ ਨੂੰ ਸਮਝਾਇਆ ਕਿ ਤੋਪਾਂ ਦੀ ਗੋਲਾਬਾਰੀ ਬੰਦ ਕਰਾ ਦਿੱਤੀ ਜਾਏ ਅਤੇ ਆਖਿਆ ਕਿ ਹੁਣ ਕੋਈ ਫਿਕਰ ਨਹੀਂ, ਜਿੰਨਾ ਚਿਰ ਕਿਲ੍ਹੇ ਦਾ ਮਾਲਕ ਚੇਤ ਸਿੰਘ ਕਿਲ੍ਹੇ ਦੇ ਅੰਦਰ ਹਕੂਮਤ ਕਰਨਾ ਚਾਹੇ ਨਿਸਚਿੰਤ ਹੋ ਕੇ ਆਪਣੇ ਮਨ ਦੀ ਰੀਝ ਪੂਰੀ ਕਰ ਲਏ ਅਤੇ ਜਦ ਉਹ ਇਸ ਤੋਂ ਤ੍ਰਿਪਤ ਹੋ ਜਾਏ ਤਾਂ ਬੜੀ ਖੁਸ਼ੀ ਨਾਲ ਬਾਹਰ ਆ ਜਾਏ। ਬਾਹਰ ਨਿਕਲਣ ਸਮੇਂ ਸਾਡੇ ਵੱਲੋਂ ਉਨ੍ਹਾਂ ਨੂੰ ਕੋਈ ਖੇਚਲ ਨਹੀਂ ਦਿੱਤੀ ਜਾਏਗੀ। ਉਨ੍ਹਾਂ ਦੀ ਜਾਤੀ ਰੱਖਿਆ ਲਈ ਲੋੜੀਂਦੇ ਸ਼ਸਤ੍ਰ ਤੇ ਉਨ੍ਹਾਂ ਦੀ ਸਵਾਰੀ ਦੇ ਘੋੜੇ ਉਨ੍ਹਾਂ ਪਾਸ ਹੀ ਰਹਿਣ ਦਿੱਤੇ ਜਾਣਗੇ। ਉਨ੍ਹਾਂ ਦੇ ਪਰਿਵਾਰ ਨੂੰ ਪੂਰਨ ਸੁਰੱਖਿਅਤ ਥਾਂ ਪੁਰ–ਜਿਹੜੀ ਥਾਂ ਉਹ ਯੋਗ ਸਮਝਣ ਪਹੁੰਚਾ ਦਿੱਤਾ ਜਾਏਗਾ; ਇਸ ਤੋਂ ਛੁੱਟ ਅੱਗੇ ਨੂੰ ਉਨ੍ਹਾਂ ਦੇ ਗੁਜ਼ਾਰੇ ਲਈ ਉਨ੍ਹਾਂ ਨੂੰ ਖਾਸੀ ਜਾਗੀਰ ਵੀ ਦਿੱਤੀ ਜਾਏਗੀ। ਉਹ ਸੁਨੇਹਾ ਸਰਦਾਰ ਚੇਤ ਸਿੰਘ ਨੂੰ ਇੱਕ ਇਤਬਾਰੀ ਆਦਮੀ ਦੇ ਹੱਥ ਕਿਲੇ ਵਿਚ ਭੇਜਿਆ ਗਿਆ। ਘੇਰੇ ਵਿਚ ਫਾਥੇ ਤੇ ਹਾਰੇ ਹੋਏ ਮਨੁੱਖ ਲਈ ਇਸ ਤੋਂ ਵਧ ਨਰਮ ਸ਼ਰਤਾਂ ਹੋਰ ਕੀ ਹੋ ਸਕਦੀਆਂ ਸਨ ? ਸੋ ਕਿਲ੍ਹੇਦਾਰ ਨੇ ਇਨ੍ਹਾਂ ਨੂੰ ਪਰਵਾਨ ਕਰ ਲਿਆ ਤੇ ਅਗਲੇ ਦਿਨ ਉਸ ਦੇ ਕਿਲ੍ਹੇ ਤੋਂ ਬਾਹਰ ਆਉਣ ਪਰ ਉਹ ਸਭ ਪੂਰੀਆਂ ਕੀਤੀਆਂ ਗਈਆਂ, ਖ਼ਾਸ ਕਰ ਜਾਗੀਰ ਤਾਂ ਉਸ ਦੀ ਮੰਗ ਤੋਂ ਵੀ ਵਧ ਦਿੱਤੀ ਗਈ, ਅਰਥਾਤ ਸੱਠ ਹਜ਼ਾਰ ਰੁਪਿਆ ਸਲਾਨਾ ਆਮਦਨੀ ਦੀ ਜਾਗੀਰ ਦਿਤੀ ਗਈ । ਇਧਰ ਕਿਲ੍ਹੇ ਦੇ ਖਾਲੀ ਹੁੰਦਿਆਂ ਹੀ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਡੇਹਰੇ ਸਾਹਿਬ ਵਿਚ ਅਰਦਾਸਾ ਕਰਵਾਇਆ ਗਿਆ। ਹੁਣ ਅੱਗੇ ਅੱਗੇ ਸਰਦਾਰਨੀ ਸਦਾ ਕੌਰ ਤੇ ਪਿੱਛੇ ਪਿੱਛੇ ਸ਼ੇਰਿ ਪੰਜਾਬ ਨੇ ਸਣੇ ਖਾਲਸਾ ਫੌਜ ਦੇ, ੧੬ ਹਾੜ ਮੁਤਾਬਿਕ ੨੦ ਜੂਨ ੧੭੯੯ ਨੂੰ ਲਾਹੌਰ ਦੇ ਇਤਿਹਾਸਕ ਕਿਲ੍ਹੇ ਵਿਚ ਪਰਵੇਸ਼ ਕੀਤਾ। ਇਸ ਸਮੇਂ ਲਾਹੌਰ ਦੇ ਵਸਨੀਕਾਂ ਨੂੰ ਇਕ ਨਵੀਂ ਗੱਲ ਦੇਖਣ ਵਿਚ ਆਈ, ਜਿਸ ਤੋਂ ਇਹ ਲੋਕ ਪਹਿਲਾ ਅਜਾਣੂ ਸਨ, ਅਰਥਾਤ ਲਾਹੌਰ ਪਰ ਕਬਜ਼ਾ ਕਰਨ ਸਮੇਂ ਸਰਦਾਰਨੀ ਸਦਾ ਕੌਰ ਦੀ ਵਿਚਾਰ ਅਨੁਸਾਰ ਸਰਦਾਰਨੀ ਜੀ ਤੇ ਸ਼ੇਰਿ ਪੰਜਾਬ ਨੇ ਆਪੋ ਆਪਣੀਆਂ ਫੌਜਾਂ ਨੂੰ ਹੁਕਮ ਦਿਤਾ ਸੀ ਕਿ ਸ਼ਹਿਰ ਵਾਸੀਆਂ ਦੇ ਧਨ ਪਦਾਰਥ ਦੀ ਕਿਸੇ ਤਰ੍ਹਾਂ ਦੀ ਕੋਈ ਮਾਰ ਨਾ ਕੀਤੀ ਜਾਏ, ਅਸੀਂ ਹਰ ਇੱਕ ਫੌਜੀ ਜਵਾਨ ਨੂੰ ਆਪਣੇ ਪਾਸੋਂ ਬਖਸ਼ਸ਼ ਦੇਵਾਂਗੇ। ਸੋ ਇਸ ਹੁਕਮ ਅਨੁਸਾਰ ਕਿਸੇ ਦਾ ਇਕ ਪੈਸੇ ਦਾ ਨੁਕਸਾਨ ਨਹੀਂ ਸੀ ਹੋਇਆ। ਇਸ ਤੋਂ ਪਹਿਲਾਂ ਇਹ ਆਮ ਤਰੀਕਾ ਸੀ ਕਿ ਜਦ ਕਦੇ ਇਸ ਤਰਾਂ ਦੇ ਪ੍ਰੀਵਰਤਨ ਦਾ ਸਮਾਂ ਆਂਵਦਾ ਤਾਂ ਫਤਹਮੰਦ ਫੌਜਾਂ ਵਸਨੀਕਾਂ ਨੂੰ ਲੁੱਟ ਪੁੱਟ ਕੇ ਤਬਾਹ ਕਰ ਦਿੰਦੀਆਂ, ਮਕਾਨਾਂ ਨੂੰ ਅਗਾਂ ਲਾਕੇ ਸਾੜ ਦਿੱਤਾ ਜਾਂਦਾ ਅਤੇ ਨੂੰਹਾਂ ਧੀਆਂ ਦੀਆਂ ਬੇਪਤੀਆਂ ਹੁੰਦੀਆਂ ਸਨ। ਇਹੀ ਕਾਰਨ ਸੀ ਕਿ ਲਾਹੌਰ ਦੇ ਵਸਨੀਕ ਇਸ ਸਮੇਂ ਇੰਨੇ ਖ਼ੁਸ਼ ਸਨ ਹਿੰਦੂ ਮੁਸਲਮਾਨਾਂ ਨੇ ਆਪੋ ਵਿਚ ਮਿਲਕੇ ਕਈ ਰਾਤਾਂ ਤਕ ਸਾਰੇ ਸ਼ਹਿਰ ਵਿਚ ਭਾਰੀ ਦੀਪਮਾਲਾ ਕੀਤੀ। ਇਸ ਤਰ੍ਹਾਂ ਇਨ੍ਹਾਂ ਹਰ ਮਤ ਤੇ ਹਰ ਜਾਤੀ ਦੇ ਲੋਕਾਂ ਨੇ ਖਾਲਸਾ ਫੌਜ ਤੋਂ ਇਸਦੇ ਆਗੂਆਂ ਨੂੰ ਸਾਰੇ ਸ਼ਹਿਰ ਵੱਲੋਂ 'ਜੀ ਆਇਆਂ ਨੂੰ' ਕਿਹਾ।

ਸ਼ੇਰਿ ਪੰਜਾਬ ਨੇ ਇਸ ਸਮੇਂ ਜਿੰਨਾ ਧਨ ਵਿਜਈ ਫੌਜਾਂ ਨੂੰ ਇਨਾਮ ਵਜੋਂ ਦਿੱਤਾ ਸੀ ਉਸ ਨਾਲੋਂ ਦਸ ਗੁਣਾਂ ਵਧ ਦੱਬਿਆ ਹੋਇਆ ਖਜ਼ਾਨਾ, ਸਣੇ ਅੱਠ ਤੋਪਾਂ ਦੇ, ਅਗਲੇ ਦਿਨ ਕਿਲ੍ਹਾ ਲਾਹੌਰ ਵਿੱਚੋਂ ਆਪ ਨੂੰ ਮਿਲ ਗਿਆ।

**TRUTH IS THE HIGHEST OF ALL THINGS: HIGHER STILL IS TRUTHFUL LIVING-GURU NANAK DEV JI**

ਦੇਗ ਤੇਗ ਫਤਹਿ

# AKALI SINGH SIKH SOCIETY

ਪੰਥ ਕੀ ਜੀਤ

1890 - SKEENA STREET, VANCOUVER, B.C., CANADA
Phone: (604) 254-2117 Fax: (604) 254-5309



# ਖਾਲਸਾ ਸਾਜਨਾ ਦਿਵਸ ਅਤੇ ਵਿਸਾਖੀ
# ਦੀਆਂ ਸਮੂਹ ਸੰਗਤਾਂ ਨੂੰ ਲੱਖ ਲੱਖ ਵਧਾਈਆਂ

ਗੁਰੂ ਪਿਆਰੀ ਸਾਧ ਸੰਗਤ ਜੀਓ,

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਿਹ॥

ਆਪ ਜੀ ਨੂੰ ਇਸ ਪੱਤਰ ਦੁਆਰਾ ਸੂਚਿਤ ਕੀਤਾ ਜਾਂਦਾ ਹੈ ਕਿ ਸਮੂਹ ਸਾਧ ਸੰਗਤ ਵਲੋਂ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਵਿਸਾਖੀ ਭਾਵ ਖਾਲਸੇ ਦਾ ਜਨਮ ਦਿਹਾੜਾ ਬੜੇ ਪਿਆਰ ਤੇ ਸਤਿਹਾਰ ਸਹਿਤ ਮਨਾਉਣ ਲਈ ਅਕਾਲੀ ਬਾਣੀ ਦੇ ਸ੍ਰੀ ਅਖੰਡਪਾਠ ਸਾਹਿਬ ਅਕਾਲੀ ਸਿੰਘ ਸਿੱਖ ਸੁਸਾਇਟੀ, ਵੈਨਕੂਵਰ ਦੇ ਗੁਰਦੁਆਰਾ ਸਾਹਿਬ ਵਿਖੇ ਹੇਠ ਲਿਖੇ ਪ੍ਰੋਗਰਾਮ ਅਨੁਸਾਰ ਕਰਵਾਏ ਜਾ ਰਹੇ ਹਨ। ਇਸ ਪੁਰਬ ਦੀ ਸਾਰੀ ਸੇਵਾ ਭਾਈ ਸੋਹਣ ਸਿੰਘ ਅਤੇ ਬੀਬੀ ਮਹਿੰਦਰ ਕੌਰ ਮੇਹੱਟ ਵਲੋਂ ਵਾਹਿਗੁਰੂ ਦਾ ਸ਼ੁਕਰਾਨਾ ਕਰਨ ਤੇ ਪਰਿਵਾਰ ਦੀ ਚੜ੍ਹਦੀ ਕਲਾ ਲਈ ਅਰਦਾਸ ਕਰਨ ਹਿੱਤ ਕਰਵਾਈ ਜਾ ਰਹੀ ਹੈ। ਆਪ ਜੀ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਤਿੰਨੇ ਦਿਨ ਗੁਰੂਘਰ ਪਹੁੰਚ ਕੇ ਗੁਰਵਾਣੀ ਦਾ ਆਨੰਦ ਮਾਣੋ ਅਤੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

ਨੋਟ : ਇਸ ਸ਼ੁੱਭ ਦਿਹਾੜੇ ਤੇ ਅੰਮ੍ਰਿਤ ਦਾ ਬਾਟਾ ਵੀ ਤਿਆਰ ਕੀਤਾ ਜਾਵੇਗਾ। ਅੰਮ੍ਰਿਤ ਅਭਿਲਾਸ਼ੀ ਪ੍ਰਬੰਧਕਾਂ ਨਾਲ ਸੰਪਰਕ ਕਰਨ ਜੀ।

ਨੋਟ : 14 ਅਪ੍ਰੈਲ ਐਤਵਾਰ ਬਾਅਦ ਦੁਪਹਿਰ 1:00 ਵਜੇ ਨਿਸ਼ਾਨ ਸਾਹਿਬ ਦਾ ਚੋਲਾ ਬਦਲੀ ਕੀਤਾ ਜਾਵੇਗਾ।

ਸੰਗਤਾਂ ਨੂੰ ਬੇਨਤੀ ਹੈ ਕਿ ਉਸ ਸਮੇਂ ਵੀ ਦਰਸ਼ਨ ਦੇਣ ਦੀ ਕ੍ਰਿਪਾਲਤਾ ਕਰਨੀ ਜੀ।

## ਸ੍ਰੀ ਅਖੰਡ ਪਾਠ ਸਾਹਿਬ ਦਾ ਪ੍ਰੋਗਰਾਮ

**ਅਰੰਭ ਸ੍ਰੀ ਅਖੰਡ ਪਾਠ ਸਾਹਿਬ 12 ਅਪ੍ਰੈਲ 2024, ਦਿਨ ਸ਼ੁੱਕਰਵਾਰ ਸਵੇਰੇ 9:00 ਵਜੇ**

**ਭੋਗ ਸ੍ਰੀ ਅਖੰਡ ਪਾਠ ਸਾਹਿਬ 14 ਅਪ੍ਰੈਲ, 2024, ਦਿਨ ਐਤਵਾਰ ਸਵੇਰੇ 9:00 ਵਜੇ**

ਭੋਗ ਉਪਰੰਤ ਕੀਰਤਨੀ ਜਥੇ ਅਤੇ ਗੁਣੀ ਗਿਆਨੀ ਗੁਰਬਾਣੀ ਕੀਰਤਨ ਤੇ ਗੁਰ ਇਤਿਹਾਸ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ। ਪਾਠ ਦੀ ਸੇਵਾ ਕਰਨ ਵਾਲੇ, ਚੌਬਦਾਰੀ ਦੀ ਸੇਵਾ ਕਰਨ ਵਾਲੇ ਅਤੇ ਲੰਗਰ ਦੀ ਸੇਵਾ ਕਰਨ ਵਾਲੇ ਸੇਵਾਦਾਰਾਂ ਪ੍ਰਤੀ ਬੇਨਤੀ ਹੈ ਕਿ ਸਮੇਂ ਸਿਰ ਗੁਰੂ ਘਰ ਪਹੁੰਚ ਕੇ ਸੇਵਾ ਵਿੱਚ ਹੱਥ ਵਟਾ ਕੇ ਧੰਨਵਾਦੀ ਬਣਾਓ ਜੀ। ਗੁਰੂ ਕਾ ਲੰਗਰ ਤਿੰਨੇ ਦਿਨ ਵਰਤੇਗਾ।

**ਹਰ ਬੁੱਧਵਾਰ ਬੀਬੀਆਂ ਵਲੋਂ ਸੁਖਮਨੀ ਸਾਹਿਬ ਦਾ ਪਾਠ ਸਵੇਰੇ 10:00 ਵਜੇ ਤੋਂ 12:30 ਵਜੇ ਤੱਕ ਕੀਤਾ ਜਾਂਦਾ ਹੈ।**

ਹਰ ਮੰਗਲਵਾਰ ਅਤੇ ਵੀਰਵਾਰ ਸ਼ਾਮ ਨੂੰ 7:00 ਵਜੇ ਤੋਂ 8:00 ਵਜੇ ਤੱਕ ਯੋਗਾ ਦੀਆਂ ਕਲਾਸਾ ਲੱਗਦੀਆਂ ਹਨ। ਪੰਜਾਬੀ ਦੀਆਂ ਕਲਾਸਾਂ ਵੀ ਸ਼ੁਰੂ ਹੋ ਚੁੱਕੀਆਂ ਹਨ।

ਗੁਰਦੁਆਰਾ ਸਾਹਿਬ ਸਵੇਰੇ 5:00 ਵਜੇ ਤੋਂ ਸ਼ਾਮ 7:30 ਵਜੇ ਤੱਕ ਖੁੱਲ੍ਹਾ ਰਹੇਗਾ। ਸਵੇਰੇ ਨਿੱਤ ਨੇਮ ਅਤੇ ਸ਼ਾਮ ਨੂੰ ਰਹਿਰਾਸ ਦਾ ਪ੍ਰੋਗਰਾਮ ਹੋਵੇਗਾ। ਸੋਮਵਾਰ ਤੋਂ ਸ਼ਨਿੱਚਰਵਾਰ ਤੱਕ ਸਵੇਰੇ 10:00 ਵਜੇ ਤੋਂ 11:00 ਵਜੇ ਤੱਕ ਕੀਰਤਨ ਹੁੰਦਾ ਹੈ ਅਤੇ ਐਤਵਾਰ ਨੂੰ ਸਵੇਰੇ 9:30 ਵਜੇ ਤੋਂ 11:30 ਵਜੇ ਤੱਕ ਦੀਵਾਨ ਸਜਾਏ ਜਾਂਦੇ ਹਨ।

ਹੋਰ ਜਾਣਕਾਰੀ ਲਈ ਤੁਸੀਂ ਹੇਠ ਲਿਖੇ ਫੋਨ ਨੰਬਰਾਂ 'ਤੇ ਕਾਲ ਕਰ ਸਕਦੇ ਹੋ।


**ਪਿਆਰਾ ਸਿੰਘ ਬੱਸਨ : 604-254-2117, 604-254-3572, 604-325-0891**

ਸੰਗਤਾਂ ਦੇ ਦਾਸ: ਪ੍ਰਬੰਧਕ ਕਮੇਟੀ, ਅਕਾਲੀ ਸਿੰਘ ਸਿੱਖ ਸੁਸਾਇਟੀ

ਗੁਰਦੁਆਰਾ ਸਾਹਿਬ ਦਾ ਫੋਨ ਨੰਬਰ : (604) 254-2117

# ਡਾ. ਭੀਮ ਰਾਓ ਅੰਬੇਦਕਰ

ਲੇਖਕ : ਮੋਹਨ ਰਾਮ ਪਾਲ



ਆਰੀਆਂ ਦੇ ਭਾਰਤ ਆਉਣ ਤੋਂ ਪਹਿਲਾਂ ਭਾਰਤੀ ਸਮਾਜ ਇਕ ਬਹੁਤ ਹੀ ਸਭਿਅਕ ਸਮਾਜ ਸੀ। ਉਸ ਵਕਤ ਸਿੰਧੂ ਘਾਟੀ ਦੀ ਸਭਿਅਤਾ ਸੀ। ਔਰਤ ਘਰ ਦੀ ਮੁਖੀ ਹੁੰਦੀ ਸੀ। ਇਹ ਦਰਾਵੜਾਂ ਦਾ ਕਲਚਰ ਸੀ, ਜਿਸਨੂੰ ਮੂਲ ਨਿਵਾਸੀਆਂ ਦਾ ਕਲਚਰ ਵੀ ਕਿਹਾ ਜਾ ਸਕਦਾ ਹੈ, ਜਿਸਨੂੰ ਆਰੀਆ ਲੋਕਾਂ ਨੇ ਤਹਿਸ ਨਹਿਸ਼ ਕਰ ਦਿੱਤਾ। ਉਸ ਵਕਤ ਭਾਰਤ ਵਿਚ ਪੰਜ ਯੂਨੀਵਰਸਿਟੀਆਂ ਸਨ ਜਿਨ੍ਹਾਂ ਵਿਚ ਬਾਹਰਲੇ ਦੇਸ਼ਾਂ ਤੋਂ ਲੋਕ ਪੜ੍ਹਨ ਲਈ ਆਉਂਦੇ ਸਨ ਅਤੇ ਇਥੋਂ ਦੀ ਸਭਿਅਤਾ ਨੂੰ ਉਹ ਬਾਹਰਲੇ ਦੇਸ਼ ਵਿਚ ਲੈ ਕੇ ਗਏ। ਬਾਹਰਲੇ ਨਾਮਾ ਨਿਗਾਰਾਂ ਨੇ ਵੀ ਉਸ ਵਕਤ ਭਾਰਤ ਦੇ ਦੌਰੇ ਕੀਤੇ ਅਤੇ ਇਥੋਂ ਦੀ ਸਭਿਅਤਾ ਬਾਰੇ ਕਿਤਾਬਾਂ ਲਿਖੀਆਂ। ਇਹ ਗੱਲਾਂ ਉਸ ਵਕਤ ਸਾਹਮਣੇ ਆਈਆਂ ਜਦੋਂ ਅੰਗ੍ਰੇਜ਼ਾਂ ਨੇ 1831 ਵਿਚ ਆਰਕਾਲੋਜੀ ਵਿਭਾਗ ਦੀ ਸਥਾਪਨਾ ਕੀਤੀ, ਜਿਸ ਦਾ ਪਹਿਲਾ ਮੁਖੀਆਂ ਅੰਗਰੇਜ਼ ਸੀ। ਉਸਨੇ ਇਥੋਂ ਦੇ ਥੇਹਾਂ ਅਤੇ ਟਿੱਬਿਆਂ ਦੀ ਖੁਦਵਾਈ ਕਰਵਾਈ, ਜਿੱਥੋਂ ਸਿੰਧੂ ਘਾਟੀ ਦੀ ਸਭਿਅਤਾ ਦਾ ਪਤਾ ਲਗਾ। ਉਸ ਵਕਤ ਭਾਰਤ ਵਿਚ ਉਹ ਸਾਰੀਆਂ ਸੁਖ ਸਹੂਲਤਾਂ ਸਨ ਜੋ ਕਿ ਇਸ ਸਭਿਅਕ ਸਮਾਜ ਨੂੰ ਹੋਣੀਆਂ ਚਾਹੀਦੀਆਂ ਹਨ।

ਜਦੋਂ ਆਰੀਆ ਇਸ ਦੇਸ ਵਿਚ ਆਏ ਉਸ ਵਕਤ ਉਹ ਔਰਤ ਜਾਤ ਨੂੰ ਨਾਲ ਨਹੀਂ ਲਿਆਏ, ਏਥੋਂ ਦੀਆਂ ਮੂਲ ਨਿਵਾਸੀ ਔਰਤਾਂ ਨਾਲ ਸ਼ਾਦੀਆਂ ਕੀਤੀਆਂ ਅਤੇ ਏਥੇ ਰਹਿਣ ਲੱਗ ਪਏ। ਇਸ ਬਾਰੇ ਬਹੁਤ ਸਾਰੀਆਂ ਕਿਤਾਬਾਂ ਛਪੀਆਂ ਹਨ, ਜਿਨ੍ਹਾਂ ਵਿਚ ਉਸ ਵਕਤ ਦੇ ਭਾਰਤੀ ਸਮਾਜ ਨੂੰ ਗੁਲਾਮ ਬਣਾਉਣ ਬਾਰੇ ਇਤਿਹਾਸ ਪੇਸ਼ ਹੈ। ਇਸ ਬਾਰੇ ਹੁਣੇ ਜਿਹੇ ਡਾ. ਨਰਪਾਲ ਪ੍ਰੋਫੈਸਰ ਮਾਨਵ ਵਿਗਿਆਨ ਵਿਸ਼ਾਖਾਪਟਨਮ ਯੂਨੀਵਰਸਿਟੀ ਨੇ ਅਮਰੀਕਾ ਦੇ ਪ੍ਰੋਫੈਸਰਾਂ ਦੀ ਮਦਦ ਨਾਲ ਬ੍ਰਾਮਹਣ, ਬਾਣੀਆਂ ਅਤੇ ਕਸ਼ਤਰੀਆਂ ਅਤੇ ਇਹਨਾਂ ਦੀਆਂ ਔਰਤਾਂ ਦਾ ਡੀ ਐਨ ਏ ਟੈਸਟ ਕਰਵਾਇਆ, ਜਿਸ ਤੋਂ ਇਹ ਸਾਬਤ ਹੋਇਆ ਕਿ ਉਕਤ ਜਾਤਾਂ ਦੇ ਜੀਨਜ਼ ਯੂਰੇਸ਼ੀਅਨ ਕੰਟੀਨੈਂਟਲ ਰੰਗ ਨਾਲ ਮਿਲਦੇ ਜੁਲਦੇ ਹਨ। ਔਰਤਾਂ ਦੇ ਜੀਨਸ, ਮੂਲ ਨਿਵਾਸੀ ਔਰਤਾਂ ਨਾਲ ਮਿਲਦੇ ਹਨ। ਇਹ ਆਰੀਆਂ ਬਾਰੇ ਇਕ ਪੁਖਤਾ ਸਬੂਤ ਹੈ। ਜਦੋਂ ਆਰੀਆ ਭਾਰਤ ਵਿਚ ਆਏ ਤਾਂ ਇਹ ਤਿੰਨ ਵਰਨ ਨਾਲ ਲੈ ਕੇ ਆਏ। ਡਾ. ਭੀਮ ਰਾਓ ਅੰਬੇਦਕਰ ਨੇ ਆਪਣੀ ਪ੍ਰਸਿੱਧ ਪੁਸਤਕ, ''ਸੂਦਰ ਕੌਣ ਤੇ ਕਿਵੇਂ .. 'ਚ ਬਹੁਤ ਹੀ ਅਹਿਮ ਸਵਾਲ ਉਠਾਇਆ ਕਿ ਫਿਰ ਚੌਥਾ ਵਰਨ (ਸੂਦਰ) ਕਿੱਥੋਂ ਆਇਆ। ਬਹੁਤ ਹੀ ਇਤਿਹਾਸਕ ਖੋਜ ਪੜਤਾਲ ਤੋਂ ਬਾਅਦ ਡਾ. ਅੰਬੇਦਕਰ ਇਸ ਨਤੀਜੇ ਤੇ ਪਹੁੰਚੇ ਕਿ ਬ੍ਰਾਹਮਣਾ ਅਤੇ ਕੱਸ਼ਤਰੀਆਂ ਵਿਚ ਆਪੋ ਆਪਣੀ ਸੁਪਰਮੇਸੀ ਕਾਇਮ ਕਰਨ ਲਈ ਲੜਾਈਆਂ ਹੋਈਆਂ ਅਤੇ ਬ੍ਰਾਹਮਣ ਆਪਣੀ ਕੁਟਲ ਚਾਲਾਂ ਨਾਲ ਸਫਲ ਹੋ ਗਿਆ। ਜੋ ਹਾਰੇ ਹੋਏ ਕਸ਼ਤਰੀ ਸਨ ਉਨ੍ਹਾਂ ਨੂੰ ਸੂਦਰ ਬਣਾਇਆ ਅਤੇ ਸਾਰੇ ਮਾਨਵੀ ਅਧਿਕਾਰਾਂ ਤੋਂ ਵਾਂਝਾ ਕਰ ਦਿੱਤਾ। ਉਹ ਪਿੰਡਾਂ ਤੋਂ ਬਾਹਰ ਰਹਿਣ ਲਗ ਪਏ। ਜਦੋ ਆਰੀਆ ਨੇ ਮੂਲ ਨਿਵਾਸੀਆਂ ਨੂੰ ਹਰਾਇਆ ਤਾਂ ਹਾਰੇ ਹੋਏ ਮੂਲਨਿਵਾਸੀ ਵੀ ਚੌਥੇ ਵਰਨ 'ਚ ਸੁਟ ਦਿਤੇ ਅਤੇ ਸਾਰੇ ਮਾਨਵੀ ਹੱਕਾਂ ਤੋਂ ਵਾਂਝੇ ਕਰ ਦਿਤੇ। ਜਿਨ੍ਹਾਂ ਨੇ ਬ੍ਰਾਹਮਣਾਂ ਨਾਲ ਸਮਝੌਤਾ ਕਰ ਲਿਆ ਉਹ ਅਜ ਦੇ ਬੈਕਵਰਡ ਕਲਾਸ ਲੋਕ ਹਨ। ਜੋ ਲੜੇ ਅਤੇ ਈਨ ਨਹੀਂ ਮੰਨੀ ਉਹਨਾਂ ਨੂੰ ਅਤੀ ਸੂਦਰ ਬਣਾਇਆ। ਜੋ ਅੱਜ ਦੇ ਟੱਪਰੀ ਵਾਸ (ਘੁਮੰਤੂ ਜਾਤੀਆਂ) ਸ਼ਡੂਲਡ ਕਾਸਟ ਹਨ । ਕੰਨਵਰਟਡ ਟਰਾਈਬਜ਼ ਹਿੰਦੂ ਧਰਮ ਤੋਂ ਸਤੇ ਹੋਏ ਮੁਸਲਮਾਨ, ਈਸਾਈ ਅਤੇ ਸਿਖ ਬਣ ਗਏ। ਇਸ ਤੋਂ ਬਾਅਦ ਇਸ ਸਮਾਜ ਤੇ ਸਬਾਈ ਮਾਨਸਿਕ ਗੁਲਾਮੀ ਲੱਦਣ ਲਈ ਔਰਤ ਜਾਤ ਦੀ ਮਾਨਸਿਕਤਾ 'ਤੇ ਤਿੱਖੇ ਵਾਰ ਕੀਤੇ। ਜਿਵੇਂ (1) ਔਰਤਾਂ ਦੇ ਪੜ੍ਹਨ ਲਿਖਣ ਤੇ ਪਾਬੰਦੀ (2) ਅਗਰ ਘਰ ਵਾਲਾ ਮਰ ਜਾਂਦਾ ਹੈ ਤਾਂ ਉਸ ਨਾਲ ਸਿਵੇ ਵਿਚ ਸੜ ਮਰਨਾ। (ਜਿਸ ਨੂੰ ਸਤੀ ਪ੍ਰਥਾ ਕਹਿੰਦੇ ਹਨ) (3) ਵਿਆਹ ਤੋਂ ਬਾਅਦ ਤਲਾਕ ਨਾਂ ਲੈ ਸਕਣਾ। (4) ਜ਼ਮੀਨ ਜਾਇਦਾਦ ਦੀ ਭਾਈਵਾਲੀ ਖਤਮ ਕਰਨਾ।(5) ਸੁਸਾਇਟੀ ਨੂੰ ਮਰਦ ਪ੍ਰਧਾਨ ਬਣਾ ਕੇ ਔਰਤ ਦੀਆਂ ਗੁਲਾਮੀ ਦੀਆਂ ਜੰਜੀਰਾਂ ਨੂੰ ਪੱਕਿਆਂ ਕਰਨਾ। ਘਰ ਦੀ ਚਾਰ ਦੀਵਾਰੀ 'ਚ ਕੈਦਣ ਬਣਾ ਕੇ ਰਖਣਾ। ਇਸ ਨਾਲ ਕੀ ਵਾਪਰਿਆ ਕਿ ਬੱਚੇ ਮਾਨਸਿਕ ਗੁਲਾਮੀ ਵਾਲੇ ਪੈਦਾ ਹੋਣੇ ਸ਼ੁਰੂ ਹੋ ਗਏ। ਇਸ ਤਰ੍ਹਾਂ ਸਾਰੇ ਹੱਕਾਂ ਤੋਂ ਵਾਂਝਾ ਕਰਨ ਨਾਲ ਮਾਨਸਿਕ ਗੁਲਾਮੀ ਵਾਲਾ ਸਮਾਜ ਪੈਦਾ ਹੋਣਾ ਸ਼ੁਰੂ ਹੋ ਗਿਆ, ਜਿਸਨੂੰ ਫਿਰ ਬ੍ਰਾਹਮਣਾ ਨੇ ਵਰਨ ਵਿਵਸਥਾ ਠੋਸਣ ਤੋਂ ਬਾਅਦ 6000 ਜਾਤਾਂ ਵਿਚ ਵੰਡਿਆ ਅਤੇ ਇਸ ਤਰ੍ਹਾਂ ਦੇ ਸ਼ਲੋਕਾਂ ਦਾ ਉਚਾਰਨ ਹੋਣਾ ਸ਼ੁਰੂ ਹੋ ਗਿਆ।

ਸੂਦਰ, ਢੋਲ, ਪਸ਼ੂ ਔਰ ਨਾਰੀ ਸਾਰੇ ਤਾੜਨ ਦੇ ਅਧਿਕਾਰੀ। ਔਰਤ ਜਾਤੀ ਦੇ ਉਥਾਨ ਵਾਸਤੇ ਪਹਿਲਾਂ ਮਹਾਤਮਾ ਜਿਓਤੀ ਰਾਓ ਫੂਲੇ ਮਹਾਂਰਾਸ਼ਟਰ ਦੇ ਪੂਨੇ ਸ਼ਹਿਰ ਵਿਚ ਪੈਦਾ ਹੋਏ। ਮਹਾਤਮਾ ਫੂਲੇ ਡਾ. ਭੀਮ ਰਾਓ ਅੰਬੇਦਕਰ ਜੀ ਦੇ ਵਿਚਾਰਧਾਰਕ ਗੁਰੂ ਸਨ। ਉਨ੍ਹਾਂ ਨੇ ਸਮਾਜ ਸੁਧਾਰ ਦੇ ਕੰਮ ਨੂੰ ਆਪਣੇ ਹੱਥਾਂ ਵਿਚ ਲੈਣ ਤੋਂ ਪਹਿਲਾਂ ਇਹ ਪੜਚੋਲ ਕੀਤੀ ਕਿ ਪੁਰਾਤਨ ਕਾਲ ਤੋਂ ਦੋ ਵਰਗ ਬ੍ਰਾਹਮਣੀਕਲ ਵਿਵਸਥਾ ਦੇ ਦਮਨ ਦਾ ਸ਼ਿਕਾਰ ਬਣੇ। ਇਕ ਨਾਰੀ ਅਤੇ ਦੂਜਾ ਸੂਦਰ ਅਤੇ ਅਤੀ ਸ਼ੂਦਰ। ਉਨ੍ਹਾਂ ਦੀ ਇਹ ਸਮਝ ਬਣੀ ਕਿ ਜਿਨਾਂ ਚਿਰ ਔਰਤ ਪੜ੍ਹ ਲਿਖ ਨਹੀਂ ਜਾਂਦੀ, ਉਨਾ ਚਿਰ ਤਕ ਸਮਾਜ ਮਾਨਸਿਕ ਗੁਲਾਮੀ ਦੀ ਜਿੱਲਤ ਤੋਂ ਬਾਹਰ ਨਹੀਂ ਆ ਸਕਦਾ। ਇਸ ਲਈ ਉਨ੍ਹਾਂ ਨੇ ਪੂਨਾ ਜੋ ਬ੍ਰਾਹਮਣਵਾਦ ਦਾ ਗੜ੍ਹ ਸੀ ਵਿਚ ਪਹਿਲੀ ਕੰਨਿਆ ਪਾਠਸ਼ਾਲਾ ਖੋਲ੍ਹੀ। ਆਪਣੀ ਘਰ ਵਾਲੀ ਸ੍ਰੀਮਤੀ ਸਵਿਤਰੀ ਬਾਈ ਫੂਲੇ ਨੂੰ ਪ੍ਰਾਈਵੇਟ ਦਸਵੀਂ ਪਾਸ ਕਰਾਉਣ ਤੋਂ ਬਾਅਦ ਉਸ ਸਕੂਲ ਦੀ ਅਧਿਆਪਕਾ ਬਣਾਇਆ। ਇਸ ਤਰ੍ਹਾਂ ਇਤਿਹਾਸ ਵਿਚ ਪਹਿਲੀ ਭਾਰਤੀ ਔਰਤ ਅਧਿਆਪਕਾ ਬਣੀ। ਮਹਾਤਮਾ ਫੂਲੇ ਦਾ ਬਹੁਤ ਵਿਰੋਧ ਹੋਇਆ। ਘਰਵਾਲਿਆਂ ਬੇਦਖਲ ਕਰ ਦਿੱਤਾ। ਇਕ ਟੁੱਟੀ ਹੋਈ ਹਵੇਲੀ ਵਿਚ ਰਹਿਣ ਲੱਗੇ। ਔਰਤ ਜਾਤੀ ਦੇ ਹਕਾਂ ਦਾ ਖੁਰਾ ਖੋਜ ਈਸਵੀ ਸਨ ਦੇ ਸ਼ੁਰੂ ਵਿਚ ਖਤਮ ਹੋ ਗਿਆ ਸੀ। ਇਹ ਅਧਿਆਪਕਾ 1900 ਸਾਲ ਬਾਅਦ ਬਣੀ। ਇਸ ਤੋਂ ਬਾਅਦ ਅੰਗ੍ਰੇਜ਼ ਸਰਕਾਰ ਦੀ ਮਦਦ ਨਾਲ ਸੈਂਕੜੇ ਸਕੂਲ ਨਾਰੀ ਜਾਤੀ ਲਈ ਖੁਲ੍ਹਵਾਏ ਗਏ। ਜਿਸ ਨਾਲ ਨਾਰੀ ਜਾਤੀ 'ਚ ਸਿੱਖਿਆ ਸ਼ੁਰੂ ਹੋਈ।

ਉਸ ਵਕਤ, ਮਹਾਤਮਾ ਜਯੋਤੀ ਰਾਓ ਫੂਲੇ ਨੇ ਨਾਰੀ ਜਾਤੀ ਲਈ ਸੰਘਰਸ਼ ਕਰਦਿਆਂ ਕਿਹਾ ਸੀ ਕਿ ਕੁਝ ਲੋਭੀ ਪੁਰਸ਼ ਆਪਣੇ ਸੁਖ ਅਰਾਮ ਦੀ ਖ਼ਾਤਰ ਦੋ ਦੋ, ਚਾਰ ਚਾਰ, ਬੀਵੀਆਂ ਰਖਦੇ ਹਨ। ਅਗਰ ਇਸ ਦੇ ਉਲਟ ਔਰਤ ਦੋ ਦੋ ਚਾਰ ਚਾਰ ਪਤੀ ਰਖੇ, ਔਰ ਮਰਦਾਂ ਨੂੰ ਘਰ ਵਿਚ ਰਖੇ, ਫਿਰ ਮਰਦ ਜਾਤ ਕਿਸ ਤਰ੍ਹਾਂ ਮਹਿਸੂਸ ਕਰੇਗੀ? ਮਰਦ ਕਦੇ ਵੀ ਇਹ ਸਹਿਣ ਨਹੀਂ ਕਰਨਗੇ। ਪਰ ਔਰਤ ਇਹ ਸਭ ਕੁਝ ਸਹਿਣ ਕਰ ਜਾਂਦੀ ਹੈ। ਜਯੋਤੀ ਰਾਓ ਫੂਲੇ ਨੇ ਸਤਿਆ ਸੋਧਕ ਸਮਾਜ ਨਾਮੀ ਇਕ ਜਥੇਬੰਦੀ ਬਣਾਈ। ਇਸ ਦੇ ਬਤੌਰ ਹੋਰ ਵੀ ਬਹੁਤ ਸੁਧਾਰ ਦਾ ਕੰਮ ਆਪਣੇ ਹੱਥਾਂ ਵਿਚ ਲਿਆ।

ਇਸ ਤੋਂ ਬਾਅਦ ਬਾਬਾ ਸਾਹਬ ਅੰਬੇਦਕਰ ਔਰਤ ਜਾਤੀ ਦੇ ਸੁਧਾਰ ਲਈ ਮੈਦਾਨ 'ਚ ਉਤਰੇ। ਉਨ੍ਹਾਂ ਨੇ ਹਿੰਦੂ ਕੋਡ ਬਿਲ ਨੂੰ ਕਾਨੂੰਨੀ ਸ਼ਕਲ ਦੇਣ ਲਈ ਹਿੰਦੂ ਕੋਡ ਬਿਲ ਆਪਣੇ ਹੱਥਾਂ ਵਿਚ ਲਿਆ। ਉਸ ਵਕਤ ਬਾਬਾ ਸਾਹਬ ਅੰਬੇਦਕਰ ਜਵਾਹਰ ਲਾਲ ਨਹਿਰੂ ਸਰਕਾਰ ਵਿਚ ਭਾਰਤ ਦੇ ਕਾਨੂੰਨ ਮੰਤਰੀ ਸਨ। ਜਦੋਂ ਹਿੰਦੂ ਕੋਡ ਬਿਲ ਨੂੰ ਉਨ੍ਹਾਂ ਆਪਣੇ ਹੱਥਾਂ ਵਿਚ ਲਿਆ ਤਾਂ ਉਸ ਵਕਤ ਹਿੰਦੂਆਂ ਨੇ ਬਹੁਤ ਵਿਰੋਧ ਕੀਤਾ ਤੇ ਬ੍ਰਾਹਮਣਵਾਦੀ ਲੋਕ ਬੁਖਲਾ ਉਠੇ। ਉਨ੍ਹਾਂ ਉਸ ਵਕਤ ਹਿੰਦੂ ਕੋਡ ਬਿੱਲ ਦਾ ਖੁਲ੍ਹ ਕੇ ਵਿਰੋਧ ਕੀਤਾ। ਉਨ੍ਹਾਂ ਦੀ ਦਲੀਲ ਸੀ ਕਿ ਹਿੰਦੂ ਕੋਡ ਬਿਲ ਹਿੰਦੂਆਂ ਦੀ ਪਰੰਪਰਾ ਅਤੇ ਰੀਤੀ ਰਿਵਾਜਾਂ ਦਾ ਸਰਬਨਾਸ ਦੇਵੇਗਾ।

ਹਿੰਦੂ ਕੋਡ ਬਿਲ ਨੂੰ ਹਿੰਦੂ ਸ਼ਾਸ਼ਤਰਾਂ ਦੇ ਮੁਤਾਬਕ ਦਰਸਾਉਂਦਿਆਂ ਬਾਬਾ ਸਾਹਬ ਅੰਬੇਦਕਰ ਨੇ ਕਿਹਾ ਕਿ ਜਿੱਥੋਂ ਤੱਕ ਹਿੰਦੂ ਕੋਡ ਬਿਲ ਦੇ ਅਧਾਰ ਦਾ ਸੰਬੰਧ ਹੈ ਇਹ ਹਿੰਦੂ ਸ਼ਾਸਤਰ ਬ੍ਰਹਸਪਤੀ ਸਿਮ੍ਰਤੀ ਦੇ ਅਨੁਸਾਰ ਔਰਤ ਨੂੰ ਜਾਇਦਾਦ ਦਾ ਹੱਕ ਦਿੰਦਾ ਹੈ ਅਤੇ ਤਲਾਕ ਦੀ ਪ੍ਰੋੜ੍ਹਤਾ ਕੋਟਲਯ ਅਤੇ ਪ੍ਰਾਸ਼ਰ ਸਿਮਰਤੀ ਅਨੁਸਾਰ ਹੈ, ਜੋ ਰੂੜੀਵਾਦੀ ਪੁਰਾਣੀਆਂ ਲੀਹਾਂ ਤੇ ਚੱਲਣਾ ਚਾਹੁੰਦੇ ਹਨ, ਉਹ ਬਿਲ ਨੂੰ ਨਹੀਂ ਰੋਕ ਸਕਦੇ। ਹਿੰਦੂ ਕੋਡ ਬਿਲ ਤੇ ਬਾਬਾ ਸਾਹਬ ਨੇ ਬਹੁਤ ਸਖਤ ਮਿਹਨਤ ਕੀਤੀ ਮਣਾਂ ਮੂੰਹੀ ਪੁਸਤਕਾਂ ਫਰੋਲ ਮਾਰੀਆਂ ਤੇ ਸੈਂਕੜੇ ਹਿੰਦੂ ਆਗੂਆਂ, ਵਕੀਲਾਂ, ਕਾਨੂੰਨਦਾਨਾਂ ਨਾਲ ਵਿਚਾਰ ਵਟਾਂਦਰੇ ਕੀਤੇ ਅਤੇ 1950 ਵਿਚ 39 ਸਫਿਆਂ ਦੀ ਇਕ ਪੁਸਤਕ ਜੋ ਬਾਬਾ ਸਾਹਬ ਅੰਬੇਦਕਰ ਨੇ ਲਿਖੀ , ਉਸਨੂੰ ਸਾਰੇ ਲੋਕ ਸਭਾ ਮੈਂਬਰਾਂ 'ਚ ਵੰਡਿਆ। ਏਨੀਆਂ ਕੋਸ਼ਿਸ਼ਾਂ ਦੇ ਬਾਵਜੂਦ ਹਿੰਦੂ ਕੋਡ ਬਿਲ ਲੋਕ ਸਭਾ ਵਿਚ ਪੇਸ਼ ਨਾਂ ਹੋ ਸਕਿਆ। ਪੰਡਤ ਨਹਿਰੂ ਜੋ ਉਸ ਵਕਤ ਪ੍ਰਧਾਨ ਮੰਤਰੀ ਸਨ ਨੇ ਕਿਹਾ ਕਿ ਜੇ ਸਾਡੀ ਸਰਕਾਰ ਹਿੰਦੂ ਕੋਡ ਬਿਲ ਪਾਸ ਨਾ ਕਰਵਾ ਸਕੀ ਤਾਂ ਮੈਂ ਪ੍ਰਧਾਨ ਮੰਤਰੀ ਪੱਦ ਤੋਂ ਅਸਤੀਫਾ ਦੇ ਦੇਵਾਂਗਾ। ਇਸ ਤਰ੍ਹਾਂ ਇਹ ਬਿਲ 5 ਫਰਵਰੀ 1951 ਨੂੰ ਕੇਂਦਰੀ ਵਿਧਾਨ ਮੰਡਲ ਵਿਚ ਪੇਸ਼ ਹੋਇਆ । ਇਸ ਬਿਲ 'ਤੇ ਪੰਡਤ ਠਾਕਰਦਾਸ ਭਾਰਗਵ ਨੇ ਕਿਹਾ ਕਿ ਇਹ, ਪੰਜਾਬ ਵਿਚ ਲਾਗੂ ਨਾ ਕੀਤਾ ਜਾਵੇ। ਸਿੱਖ ਆਗੂ ਹੁਕਮ ਸਿੰਘ ਨੇ ਕਿਹਾ ਕਿ ਇਹ ਹਿੰਦੂਆਂ ਵਲੋਂ ਸਿੱਖਾਂ ਨੂੰ ਹੜਪ ਕਰਨ ਦੀ ਇਕ ਸਾਜ਼ਿਸ਼ ਹੈ। ਇਤਰਾਜਾਂ ਅਤੇ ਨੁਕਤਾਚੀਨੀਆਂ ਦਾ ਉੱਤਰ ਦਿੰਦਿਆਂ ਡਾ. ਭੀਮ ਅੰਬੇਦਕਰ ਨੇ ਕਿਹਾ ਕਿ ਹਿੰਦੂ ਜਾਬਤਾ ਸਾਰੇ ਦੇਸ਼ ਵਿਚ ਇਕੋ ਹੀ ਹੈ। ਇਜਲਾਸ ਤਿੰਨ ਦਿਨ ਤੱਕ ਜਾਰੀ ਰਿਹਾ, ਪਰ ਨਤੀਜਾ ਕੋਈ ਨਾ ਨਿਕਲਿਆ। ਈਵਜ਼ ਵੀਕਲੀ 'ਚ 21 ਜਨਵਰੀ 1950 ਦੇ ਅੰਕ ਵਿਚ ਇਕ ਲੇਖ ਛਪਿਆ ਜਿਸ ਵਿਚ ਭਾਰਤੀ ਨਾਰੀ ਦੇ ਪਤਨ ਦਾ ਦੋਸ਼ ਗੌਤਮ ਬੁੱਧ ਸਿਰ ਮੜ੍ਹਿਆ ਗਿਆ। ਇਸਦਾ ਜਵਾਬ ਦਿੰਦੇ ਹੋਏ ਡਾ. ਭੀਮ ਰਾਓ ਅੰਬੇਦਕਰ ਨੇ ਕਿਹਾ ਕਿ ਨਾਰੀ ਨੂੰ ਜੋ ਅਜਾਦੀ, ਇੱਜ਼ਤ, ਅਤੇ ਬਰਾਬਰੀ ਬੁੱਧ ਨੇ ਦਿੱਤੀ, ਉਹ ਕਿਸੇ ਹੋਰ ਨੇ ਨਹੀਂ ਦਿੱਤੀ। ਨਾਰੀ ਦੀ ਗੁਲਾਮੀ ਦਾ ਕਾਰਨ ਬੁੱਧ ਨਹੀਂ ਸੀ, ਸਗੋਂ ਮਨੂੰ ਹੈ ਜੋ ਕਿ ਹਿੰਦੂਇਜ਼ਮ ਨੂੰ ਬੁੱਧਇਜ਼ਮ ਤੋਂ ਬਚਾ ਕੇ ਰੱਖਣਾ ਚਾਹੁੰਦਾ ਸੀ। 10 ਅਗਸਤ 1951 ਨੂੰ ਡਾ. ਅੰਬੇਦਕਰ ਨੇ ਪ੍ਰਧਾਨ ਮੰਤਰੀ ਪੰਡਤ ਜਵਾਹਰ ਲਾਲ ਨਹਿਰੂ ਨੂੰ ਪੱਤਰ ਲਿਖ ਕੇ ਕਿਹਾ ਕਿ ਮੇਰੀ ਸਿਹਤ ਖਰਾਬ ਹੋ ਰਹੀ ਹੈ ਇਸ ਤਰ੍ਹਾਂ ਡਾਕਟਰ ਦੇ ਹੱਥਾਂ ਵਿਚ ਜਾਣ ਤੋਂ ਪਹਿਲਾਂ ਮੈਂ ਇਹ ਬਿਲ ਪਾਸ ਕਰਵਾਉਣਾ ਚਾਹੁੰਦਾ ਹਾਂ।

17 ਸਤੰਬਰ 1951 ਨੂੰ ਹਿੰਦੂ ਕੋਡ ਬਿਲ 'ਤੇ ਸੰਸਦ ਵਿਚ ਬਹਿਸ ਹੋਈ। ਡਾ. ਸ਼ਿਆਮਾ ਪ੍ਰਸਾਦ ਮੁਖਰਜੀ ਜਿਨ੍ਹਾਂ ਨੇ ਜਨਸੰਘ ਦੀ ਸਥਾਪਨਾ ਕੀਤੀ ਸੀ, ਨੇ ਸੰਸਦ ਵਿਚ ਹਿੰਦੂ ਕੋਡ ਬਿਲ ਦਾ ਵਿਰੋਧ ਕੀਤਾ। ਉਹਨਾਂ ਦੀ ਮਾਤਾ ਸ੍ਰੀਮਤੀ ਅਸੰਤੋਸ਼ ਮੁਖਰਜੀ ਨੇ ਸੰਸਦ ਤੋਂ ਬਾਹਰ ਔਰਤਾਂ ਦੀ ਅਗਵਾਈ ਕਰਦਿਆਂ ਹਿੰਦੂ ਕੋਡ ਬਿਲ ਵਿਰੁਧ ਪ੍ਰਦਰਸ਼ਨ ਕੀਤਾ। ਡਾ. ਮੁਖਰਜੀ ਨੇ ਆਪਣੇ ਵਿਰੋਧ ਵਿਚ ਕਿਹਾ ਕਿ ਹਿੰਦੂ ਵਿਆਹ ਅਟੁੱਟ ਅਤੇ ਪਵਿੱਤਰ ਬੰਧਨ ਹੈ। ਹਿੰਦੂ ਦਾ ਵਿਆਹ ਤੋਂ ਬਾਅਦ ਕਦੇ ਵੀ ਤਲਾਕ ਨਹੀਂ ਹੋ ਸਕਦਾ। ਸਲੈਕਟ ਕਮੇਟੀ ਜਿਸਨੂੰ ਹਿੰਦੂ ਕੋਡ ਬਿਲ ਤੇ ਵਿਚਾਰ ਕਰਨ ਲਈ ਨਿਯੁਕਤ ਕੀਤਾ ਸੀ ਤੇ 33 ਮੈਂਬਰ ਵਿਰੋਧ ਵਿਚ ਸਨ ਅਤੇ ਸਿਰਫ 2 ਮੈਂਬਰਾਂ ਨੇ ਹਮਾਇਤ ਕੀਤੀ। ਅਚਾਰੀਆਂ ਕ੍ਰਿਪਲਾਨੀ ਵੀ ਬਿਲ ਦਾ ਵਿਰੋਧ ਕਰ ਰਹੇ ਸਨ ਅਤੇ ਉਨ੍ਹਾਂ ਦੀ ਪਤਨੀ ਸ੍ਰੀਮਤੀ ਸੁਚੇਤਾ ਕ੍ਰਿਪਲਾਨੀ ਬਿਲ ਦੀ ਹਮਾਇਤ ਕਰ ਰਹੀ ਸੀ। ਇਸ ਤਰ੍ਹਾਂ ਹਿੰਦੂਕੋਡ ਬਿਲ 'ਤੇ ਮੀਆਂ ਬੀਵੀ ਸੰਸਦ ਵਿਚ ਭਿੜੇ। ਬਿਲ 'ਤੇ 30 ਘੰਟੇ 28 ਮਿੰਟ ਬਹਿਸ ਚਲੀ। ਪਰ ਨਤੀਜਾ ਕੋਈ ਨਾ ਨਿਕਲਿਆ।

ਬਿਲ ਦੇ ਮੁੱਖ ਉਦੇਸ਼ਾਂ ਦੀ ਵਿਆਖਿਆ ਕਰਦਿਆਂ ਡਾ. ਭੀਮ ਰਾਓ ਅੰਬੇਦਕਰ ਨੇ ਆਪਣੇ ਭਾਸ਼ਣ ਵਿਚ ਇਉਂ ਕਿਹਾ ਕਿ ਮੈਂ ਸਦਨ ਨੂੰ ਇਹ ਕਹਿਣਾ ਚਾਹੁੰਦਾ ਹਾਂ ਕਿ ਜੇਕਰ ਤੁਸੀਂ ਹਿੰਦੂ ਸੰਸਕ੍ਰਿਤੀ ਅਤੇ ਹਿੰਦੂ ਸਮਾਜ ਨੂੰ ਬਚਾਉਣਾ ਚਾਹੁੰਦੇ ਹੋ, ਜਿਥੋਂ ਤਕ ਵੀ ਸੁਧਾਰਾਂ ਦੀ ਲੋੜ ਹੈ ਸੁਧਾਰ ਕਰਨ ਤੋਂ ਕਦੇ ਵੀ ਝਿਜਕਣਾ ਨਹੀਂ ਚਾਹੀਦਾ। ਹਿੰਦੂ ਕੋਡ ਬਿਲ ਸਿਸਟਮ ਦੇ ਉਨ੍ਹਾਂ ਭਾਗਾਂ ਦੀ ਮੁਰੰਮਤ ਕਰਦਾ ਹੈ ਜੋ ਕਿ ਟੁਟੇ ਭਜੇ ਹੋਏ ਹਨ। ''ਮਹਾਨ ਰਾਜਨੀਤਕ ਐਡਮੰਡ ਬਰਕ ਨੇ ਫਰਾਸੀਂਸੀ ਕ੍ਰਾਂਤੀ ਦੇ ਵਿਰੁਧ ਉਸ ਦੇ ਮੂਲਵਾਦੀ ਅਤੇ ਇਨਕਲਾਬਵਾਦੀ ਹੋਣ ਕਰਕੇ ਇਕ ਵਡਾ ਗ੍ਰੰਥ ਲਿਖਿਆ ਸੀ। ਇਸ ਗ੍ਰੰਥ ਵਿਚ ਆਪਣੇ ਦੇਸ਼ਵਾਸੀਆਂ ਨੂੰ ਉਹ ਇਹ ਗੱਲ ਕਹਿਣੋ ਨਹੀਂ ਭੁੱਲਿਆ ਕਿ ਜੋ ਲੋਕ ਪੁਰਾਤਨ ਨੂੰ ਸੁਰਖਿਅਤ ਰਖਣਾ ਚਾਹੁੰਦੇ ਹਨ ਉਨ੍ਹਾਂ ਨੂੰ ਸਮਾਜੀ ਮੁਰੰਮਤ ਕਰਨੀ, ਯਾਨੀ ਸੋਧ ਸੁਧਾਰਾਂ ਵਾਸਤੇ ਹਮੇਸ਼ਾ ਤਿਆਰ ਰਹਿਣਾ ਚਾਹੀਦਾ ਹੈ। ਦੋ ਦਿਨਾਂ ਬਾਅਦ 19 ਸਤੰਬਰ ਨੂੰ ਪੰਡਤ ਜਵਾਹਰ ਲਾਲ ਨਹਿਰੂ ਨੇ ਰੂੜੀਵਾਦੀਆਂ ਮੂਹਰੇ ਗੋਡੇ ਟੇਕ ਦਿੱਤੇ ਜਿਸ ਤੋਂ ਇਹ ਸਾਬਤ ਹੁੰਦਾ ਹੈ ਕਿ ਉਸ ਵਕਤ ਬ੍ਰਾਹਮਣਵਾਦੀ ਲੋਕ ਕਾਂਗਰਸ ਵਿਚ ਕਿੰਨੇ ਔਰਤ ਵਿਰੋਧੀ ਸਨ। ਇਸ 'ਤੇ ਗੁੱਸੇ ਵਿਚ ਆ ਕੇ ਬਾਬਾ ਸਾਹਬ ਅੰਬੇਦਕਰ ਨੇ ਜਵਾਹਰ ਲਾਲ ਨਹਿਰੂ ਸਰਕਾਰ ਦੇ ਕਾਨੂੰਨ ਮੰਤਰੀ ਪਦ ਤੋਂ ਅਸਤੀਫਾ ਦੇ ਦਿੱਤਾ ਉਹਨਾਂ ਦੇ ਤਿਆਗ ਪੱਤਰ 'ਤੇ ਰੋਜ਼ਾਨਾ ਨੈਸ਼ਨਲ ਹੈਰਲਡ ਨੇ ਲਿਖਿਆ ਕਿ ਭਾਰਤ ਵਿਚ ਡਾ. ਭੀਮ ਰਾਓ ਅੰਬੇਡਕਰ ਜਿਹੇ ਰਾਜਨੇਤਾ ਬਹੁਤ ਘੱਟ ਹਨ ਜੋ ਪ੍ਰਸਾਰ, ਵਿੱਤ, ਉਦਯੋਗ ਦਾ ਕਾਰਜਭਾਰ ਦੇਖ ਸਕਦੇ ਹਨ। ਸਰਕਾਰ ਨੂੰ ਜੋ ਘਾਟ ਹੋਈ ਹੈ ਉਸ ਦਾ ਲਾਭ ਅੱਗੇ ਤੋਂ ਵਿਰੋਧੀ ਦਲ ਨੂੰ ਹੋਵੇਗਾ। ਇਸੇ ਤਰ੍ਹਾਂ 'ਟਾਈਮਜ਼ ਆਫ ਇੰਡੀਆ. ਨੇ ਆਪਣੇ ਸੰਪਾਦਕੀ ਲੇਖ ਵਿਚ ਲਿਖਿਆ ਕਿ ਭਾਰਤ ਡਾ. ਅੰਬੇਦਕਰ ਜਿਹੇ ਯੋਗ ਸਿਆਸਤਦਾਨ ਦੀਆਂ ਸੇਵਾਵਾਂ ਖੁੱਸਣੀਆਂ ਸਹਿਣ ਨਹੀਂ ਕਰ ਸਕਦਾ। ਇਹ ਨਿੱਜੀ ਅਤੇ ਕੌਮੀ ਨੁਕਸਾਨ ਹੋਵੇਗਾ ਜੇਕਰ ਅੰਬੇਦਕਰ ਕੌਮੀ ਟੀਚੇ ਤੋਂ ਪਿੱਛੇ ਹਟਣਗੇ। ਉਹ ਚਟਾਨ ਜਿਹੇ ਮਿੱਤਰ ਅਤੇ ਇਸਪਾਤ ਜਿਹੇ ਦੁਸ਼ਮਣ ਹੋਣਗੇ। ਕਿਉਂਕਿ ਪਿਛਲੇ ਕੁਝ ਵਰਿਆਂ ਵਿਚ ਉਨ੍ਹਾਂ ਨੇ ਬਹੁਤ ਹੀ ਉਸਾਰੂ ਕੰਮਾਂ ਵਿਚ ਆਪਣਾ ਯੋਗਦਾਨ ਪਾਇਆ ਹੈ। ਇਸ ਘਟਨਾ ਤੋਂ ਬਾਅਦ ਬਾਬਾ ਸਾਹਬ ਅੰਬੇਦਕਰ ਦਸਿਆ ਕਿ ਬ੍ਰਾਹਮਣ ਲੌਬੀ ਇਸ ਕਰਕੇ ਖਫਾ ਸੀ ਕਿ ਅਗਰ ਹਿੰਦੂ ਕੋਡ ਬਿਲ ਸੂਦਰ ਹਥੋਂ ਪਾਸ ਕਰਵਾਉਣਾ ਹੈ ਤਾਂ ਇਹ ਬ੍ਰਾਹਮਣਾ ਦੇ ਮੱਥੇ 'ਤੇ ਕਲੰਕ ਹੋਵੇਗਾ। ਅਗੇ ਜਾ ਕੇ ਆਪਣੇ ਮਿੱਤਰਾਂ ਨੂੰ ਬਾਬਾ ਸਾਹਬ, ਅੰਬੇਡਕਰ ਨੇ ਦਸਿਆ ਕਿ ਉਸ ਵਕਤ ਦੇ ਭਾਰਤ ਦੇ ਪ੍ਰਧਾਨ ਮੰਤਰੀ ਪੰਡਤ ਜਵਾਹਰ ਲਾਲ ਨਹਿਰੂ ਤੇ ਰਾਸ਼ਟਰਪਤੀ ਡਾ. ਰਜਿੰਦਰ ਪ੍ਰਸ਼ਾਦ ਨੇ ਏਨਾ ਕਲਪਾਇਆ ਕਿ ਆਪਣੇ ਰਾਸ਼ਟਰਪਤੀ ਪਦ ਤੋਂ ਅਸਤੀਫਾ ਦੇ ਦੇਣ ਦੀ ਧਮਕੀ ਤਕ ਦੇ ਦਿੱਤੀ। ਜਿਸ ਕਰਕੇ ਪੰਡਤ ਨਹਿਰੂ ਨੂੰ ਗੋਡੇ ਟੇਕਣੇ ਪਏ। ਫਿਰ ਬਾਬਾ ਸਾਹਬ ਅੰਬੇਦਕਰ ਨੇ ਦਸਿਆ ਕਿ ਅਗਲੀ ਲੋਕ ਸਭਾ ਦੇ ਵਿਚ ਮੇਰੇ ਹੀ ਬ੍ਰਾਹਮਣ ਕਲਾਸ ਫੈਲੋ ਨੂੰ ਭਾਰਤ ਦਾ ਕਾਨੂੰਨ ਮੰਤਰੀ ਬਣਾ ਕੇ ਹਿੰਦੂ ਕੋਡ ਬਿਲ ਪਾਸ ਕੀਤਾ ਗਿਆ। ਇਸ ਦੇ ਮਜ਼ਾਕੀਆਂ ਲਹਿਜੇ ਆਪਣੇ ਮਿੱਤਰਾਂ ਨੂੰ ਦਸਦੇ ਹੋਏ ਬਾਬਾ ਸਾਹਬ ਅੰਬੇਦਕਰ ਨੇ ਕਿਹਾ ਕਿ ਬ੍ਰਾਹਮਣਾ ਦਾ ਇਕ ਨੰਬੂਦਰੀਪਾਦ ਗੋਤਰ ਹੈ। ਉਸ ਗੋਤਰ ਦੇ ਲੜਕੇ ਨੇ ਇਕ ਸ਼ੂਦਰ ਲੜਕੀ ਨਾਲ ਸ਼ਾਦੀ ਕਰ ਲਈ। ਜਦੋਂ ਉਹ ਆਪਣੇ ਸਹੁਰੇ ਜਾਂਦਾ ਤਾਂ ਨਾਂ ਤਾਂ ਉਨ੍ਹਾਂ ਦੇ ਘਰ ਦਾ ਖਾਣਾ ਖਾਂਦਾ ਤੇ ਨਾ ਹੀ ਪਾਣੀ ਪੀਂਦਾ। ਜਦੋਂ ਕਦੇ ਪਿਆਸ ਲਗਦੀ ਉਹ ਆਪਣੀ ਘਰਵਾਲੀ ਨੂੰ ਕਹਿੰਦਾ ਕਿ ਪਹਿਲਾਂ ਪਾਣੀ ਦੀ ਚੂਲੀ ਤੁਸੀਂ ਆਪਦੇ ਮੂੰਹ ਵਿਚ ਭਰੋ ਫਿਰ ਮੇਰੇ ਮੂੰਹ ਵਿਚ ਪਾਵੋ। ਇਸ ਹਿੰਦੂ ਕੋਡ ਬਿਲ ਨਾਲ ਇਸੇ ਤਰ੍ਹਾਂ ਹੀ ਵਾਪਰਿਆ।

ਇਸ ਬਿਲ ਦੇ ਪਾਸ ਹੋਣ ਤੋਂ ਬਾਅਦ ਔਰਤ ਵਰਗ ਨੂੰ ਭਾਰਤ ਦੇ ਹਰ ਇਕ ਖੇਤਰ ਵਿਚ ਅਹਿਮ ਮੱਲਾਂ ਮਾਰਦੇ ਦੇਖ ਰਹੇ ਹੋ। ਪਰ ਇਸ ਹਿੰਦੂ ਕੋਡ ਬਿਲ ਦਾ ਸਭ ਤੋਂ ਜ਼ਿਆਦਾ ਫਾਇਦਾ ਸਵਰਨ ਜਾਤੀਆਂ ਨੇ ਉਠਾਇਆ ਹੈ। ਸੂਦਰ, ਅਤੀ ਸੂਦਰ ਔਰਤ ਵਰਗ ਬਹੁਤ ਪਿਛੇ ਹੈ। ਜਿਸਨੂੰ ਦੂਜਿਆਂ ਦੇ ਬਰਾਬਰ ਆਉਣ ਲਈ ਪੜ੍ਹਾਈ ਦੇ ਖੇਤਰ ਵਿਚ ਬਹੁਤ ਮਿਹਨਤ ਕਰਨ ਦੀ ਲੋੜ ਹੈ। ਔਰਤ ਵਰਗ ਨੂੰ ਮਹਾਤਮਾ ਜਯੋਤੀ ਰਾਓ ਫੂਲੇ ਅਤੇ ਡਾ. ਭੀਮ ਰਾਓ ਅੰਬੇਦਕਰ ਦੇ ਬਹੁਤ ਅਹਿਸਾਨ ਮੰਦ ਹੋਣਾ ਚਾਹੀਦਾ ਹੈ, ਜਿਨ੍ਹਾਂ ਨੇ ਔਰਤ ਮੁਕਤੀ ਲਈ ਏਨਾ ਵਡਾ ਯੋਗਦਾਨ ਪਾਇਆ।

ਲੇਖਕ : ਬਰਾੜ-ਭਗਤਾ ਭਾਈ ਕਾ
ਸੰਪਰਕ : 1-604-751-1113

# ਸਰਕਸ ਦੀਆਂ ਟਿੱਕਟਾਂ



ਪੱਗ ਦੇ ਉੱਪਰ ਦੀ ਡੱਬੀਦਾਰ ਸਾਫੇ ਨਾਲ ਮੰਡਾਸਾ ਮਾਰੀ ਮੂੰਹ ਵਲ੍ਹੇਟੀ ਬਾਬਾ ਘੀਚਰ ਸਿਉਂ ਜਿਉਂ ਹੀ ਸੱਥ ਵਾਲੇ ਥੜ੍ਹੇ 'ਤੇ ਆ ਕੇ ਬੈਠਾ ਤਾਂ ਨਾਥੇ ਅਮਲੀ ਨੇ ਬਾਬੇ ਨੂੰ ਹੈਰਾਨੀ ਨਾਲ ਪੁੱਛਿਆ, ''ਅੱਜ ਕਿਮੇਂ ਬਾਬਾ ਇਉਂ ਮੂੰਹ ਸਿਰ ਜਾ ਲਵੇਟ੍ਹੀ ਫਿਰਦੈਂ ਜਿਮੇਂ ਤੂੜੀ ਲਤੜਦਾ ਆਇਆ ਹੁੰਨੈ ਕੁ ਮਖਿਆਲ ਦੀਆਂ ਮੱਖੀਆਂ ਮੁੱਖੀਆਂ ਲੜਗੀਆਂ। ਤੂੰ ਤਾਂ ਪਤੰਦਰਾਂ ਸਾਰਾ ਈ ਮੂੰਹ ਸਿਰ ਜਾ ਢਕੀ ਫਿਰਦੈਂ ਜਿਮੇਂ ਪਾਣੀ ਆਲੇ ਨਲਕੇ 'ਚੋਂ ਮਸ਼ੀਨ ਕੱਢ ਕੇ ਨਾਲੀ 'ਤੇ ਖ਼ਲ ਆਲੀ ਖਾਲੀ ਬੋਰੀ ਬੰਨ੍ਹੀ ਹੁੰਦੀ ਐ।'' ਤਾਸ਼ ਖੇਡੀ ਜਾਂਦਾ ਸੀਤਾ ਮਰਾਸੀ ਟਿੱਚਰ 'ਚ ਕਹਿੰਦਾ, ''ਡੂੰਮਣਾ ਲੜ ਗਿਆ ਲੱਗਦਾ ਜਿਹੜਾ ਇਉਂ ਮੂੰਹ ਨਰੜੀ ਫਿਰਦਾ ਜਿਮੇਂ ਮੀਂਹ 'ਚ ਭਿੱਜਣ ਤੋਂ ਤੰਦੂਰ ਖਾਖੀ ਬੋਰੀਆਂ ਦੇ ਪੱਲੜ ਨਾਲ ਢਕਿਆ ਹੁੰਦੈ। ਬਾਕੀ ਫਿਰ ਹੁਣ ਸੱਥ 'ਚ ਤਾਂ ਮੂੰਹ ਨੰਗਾ ਕਰਕੇ ਵਖਾਉਣਾ ਈਂ ਪਊ। ਨਾਲੇ ਜੇ ਕਿਸੇ ਨੂੰ ਦੁੱਖ ਦੱਸਾਂਗੇ ਤਾਂ 'ਲਾਜ ਵੀ ਹੋ ਜੂ। ਨਹੀਂ ਤਾਂ ਫਿਰ ਸਭ ਨੂੰ ਪਤਾ ਈ ਐ ਬਈ ਪੂਛ ਨੂੰ ਪੀਪਾ ਬੰਨ੍ਹ ਕੇ ਗਪਾਲ ਮੋਚਨੇ ਦੇ ਮੇਲੇ 'ਚ ਛੱਡੇ ਗਧੇ ਨਾਲ ਕਿਮੇਂ ਹੋਈ ਸੀ, ਓਮੇਂ ਹੋਊ ਫਿਰ।''

ਗਧੇ ਵਾਲੀ ਗੱਲ ਸੁਣ ਕੇ ਮਾਹਲੇ ਨੰਬਰਦਾਰ ਨੇ ਸੀਤੇ ਮਰਾਸੀ ਨੂੰ ਪੁੱਛਿਆ, ''ਇਹ ਕਿਮੇਂ ਐਂ ਸੀਤਾ ਸਿਆਂ ਮੇਲੇ 'ਚ ਗਧੇ ਦੀ ਪੂਛ ਨੂੰ ਬੰਨ੍ਹੇ ਪੀਪੇ ਆਲੀ ਗੱਲ। ਪਤੰਦਰੋ ਨਿੱਤ ਈ ਕੋਈ ਨਾ ਕੋਈ ਨਮੀਂ ਗੱਲ ਕੱਢ ਕੇ ਲਿਆਉਣੇ ਐ। ਨਾਲੇ ਗਪਾਲ ਮੋਚਨੇ ਦੇ ਮੇਲੇ 'ਚ ਗਧੇ ਦਾ ਕੀ ਕੰਮ ਬਈ?''

ਨਾਥਾ ਅਮਲੀ ਮਾਹਲੇ ਨੰਬਰਦਾਰ ਨੂੰ ਕਹਿੰਦਾ, ''ਗਪਾਲ ਮੋਚਨੇ ਦੇ ਮੇਲੇ 'ਚ ਤਾਂ ਗਧਿਆਂ ਦਾ ਈ ਸਾਰਾ ਕੰਮ ਹੁੰਦੈ ਨੰਬਰਦਾਰਾ। ਮੋਟਰ ਗੱਡੀਆਂ ਤਾਂ ਪੁਲਸ ਆਲੇ ਮੇਲੇ 'ਚ ਵੜਣ ਨ੍ਹੀ ਦਿੰਦੇ। ਪੰਜ ਦਿਨ ਭਰਦਾ ਹੁੰਦਾ ਮੇਲਾ। ਮੋਟਰ ਗੱਡੀਆਂ ਤਾਂ ਪੰਜ ਛੀ ਮੀਲ ਮੇਲੇ ਵਾਲੀ ਥਾਂ ਤੋਂ ਪਿੱਛੇ ਈ ਰੋਕ ਦਿੰਦੇ ਐ ਪੁਲਸ ਆਲੇ। ਉੱਥੋਂ ਫੇਰ ਗਧੇ ਈ ਲਜਾਂਦੇ ਐ ਸਾਰਾ ਸਮਾਨ ਮੇਲੇ 'ਚ।'' ਅਮਲੀ ਦੀ ਗੱਲ ਸੁਣ ਕੇ ਬੁੱਘਰ ਦਖਾਣ ਕਹਿੰਦਾ, ''ਮੈਂ ਤਾਂ ਕਿਹਾ ਕਿਤੇ ਅਮਲੀ ਨੇ ਖਾਧੀ ਪੀਤੀ 'ਚ ਬੰਦਿਆਂ ਨੂੰ ਗਧੇ ਕਹਿ 'ਤਾ। ਅੱਛਿਆ! ਇਹ ਗੱਲ ਐ।'' ਏਨੇ ਚਿਰ ਨੂੰ ਸੂਬੇਦਾਰ ਰਤਨ ਸਿਉਂ ਵੀ ਸੱਥ 'ਚ ਆ ਦੜਕਿਆ। ਬਾਬੇ ਘੀਚਰ ਸਿਉਂ ਨੂੰ ਮੂੰਹ ਸਿਰ ਲਵੇਟ੍ਹੀ ਬੈਠੇ ਨੂੰ ਵੇਖ ਕੇ ਸੂਬੇਦਾਰ ਨੇ ਤਾਸ਼ ਖੇਡੀ ਜਾਂਦੇ ਰੇਸ਼ਮ ਕੇ ਗੀਸੇ ਨੂੰ ਘੁੱਟਵੀਂ ਆਵਾਜ਼ 'ਚ ਪੁੱਛਿਆ, ''ਆਹ ਮੂੰਹ ਸਿਰ ਲਵ੍ਹੇਟੀ ਬੈਠਾ ਕਿਹੜਾ ਬੰਦੈ ਬਈ?''

ਸੂਬੇਦਾਰ ਦਾ ਸਵਾਲ ਸੁਣ ਕੇ ਗੀਸਾ ਉੱਚੀ ਆਵਾਜ਼ ਮਾਰ ਕੇ ਨਾਥੇ ਅਮਲੀ ਨੂੰ ਕਹਿੰਦਾ, ''ਓ ਤਾਇਆ ਨਾਥਾ ਸਿਆਂ! ਆਹ ਫੌਜੀ ਸਾਹਬ ਨੂੰ ਦੱਸੀਂ ਬਈ ਸੋਡੇ ਕੋਲੇ ਮੂੰਹ ਸਿਰ ਲਵ੍ਹੇਟੀ ਆਲਾ ਕਿਹੜਾ ਬੰਦਾ ਬੈਠੈ?''

ਸੀਤਾ ਮਰਾਸੀ ਕਹਿੰਦਾ, ''ਮਸਾ ਟਾ਼ਲੀ ਸੀ ਇਹੇ ਗੱਲ। ਆਹ ਫੌਜੀ ਨੇ ਫੇਰ ਛੇੜ 'ਤੀ ਸਿੰਗੜੀ। ਲੈ ਦੱਸੋ ਹੁਣ ਕੌਣ ਐਂ ਮੂੰਹ ਸਿਰ ਲਵ੍ਹਟੀ ਬੈਠਾ।''

ਨਾਥਾ ਅਮਲੀ ਸੂਬੇਦਾਰ ਰਤਨ ਸਿਉਂ ਨੂੰ ਕਹਿੰਦਾ, ''ਬਾਬਾ ਘੀਚਰ ਸਿਉਂ ਐਂ ਫੌਜੀਆ। ਮਖਿਆਲ ਦੀਆਂ ਮੱਖੀਆਂ ਲੜੀਆਂ ਵੀਐਂ ਇਹਦੇ।''

ਸੂਬੇਦਾਰ ਰਤਨ ਸਿਉਂ ਕਹਿੰਦਾ, ''ਇਹ ਹੁਣੇ ਤਾਂ ਸਰਕਸ ਆਲੇ ਸਕੀਮੀਆਂ ਦੇ ਘਰੇ ਬੈਠਾ ਸੀ। ਐਡੀ ਛੇਤੀ ਕਿਮੇਂ ਆ ਗਿਆ ਸੱਥ 'ਚ?''

ਜੰਗਾ ਰਾਹੀ ਸੂਬੇਦਾਰ ਨੂੰ ਕਹਿੰਦਾ, ''ਸਾਨੂੰ ਤਾਸ਼ ਖੇਡ ਲੈਣ ਦੇ ਫੌਜੀਆ। ਇਹ ਗੱਲ ਤੂੰ ਨੇੜੇ ਹੋ ਕੇ ਬਾਬੇ ਘੀਚਰ ਸਿਉਂ ਨੂੰ ਈਂ ਪੁੱਛ ਲਾ।''

ਸੂਬੇਦਾਰ ਰਤਨ ਸਿਉਂ ਬਾਬੇ ਦੇ ਨੇੜੇ ਹੋ ਕੇ ਬਾਬੇ ਨੂੰ ਕਹਿੰਦਾ, ''ਆਹ ਕੀ ਕਰੀ ਬੈਠੈਂ ਘੀਚਰ ਸਿਆਂ। ਬ਼ਲਾ ਬਾਹ਼ਲਾ ਮੂੰਹ ਸਿਰ ਬੰਨ੍ਹੀ ਬੈਠੈਂ ਜਿਮੇਂ ਦੁੱਧ ਰਿੜਕ ਕੇ ਮਧਾਣੀ ਦੇ ਫੁੱਲ ਖੱਦਰ ਦੇ ਪੋਣੇ ਨਾਲ ਲਵ੍ਹੇਟੇ ਵੇ ਹੁੰਦੇ ਐ।'' ਸੂਬੇਦਾਰ ਤੋਂ ਟਿੱਚਰ ਸੁਣ ਕੇ ਨਾਥਾ ਅਮਲੀ ਹੱਸ ਕੇ ਕਹਿੰਦਾ, ''ਚੱਲ ਗੀ ਬਈ ਫੌਜੀ ਦੀ ਵੀ ਅੱਜ। ਅੱਜ ਤਾਂ ਪੂਰੇ ਪੈਂਤੜੇ 'ਤੇ ਹੋ ਕੇ ਆਇਆ ਸੱਥ 'ਚ। ਹੋਰ ਸਣਾ ਫਿਰ ਫੌਜੀਆ।''

ਟਿੱਚਰ ਸੁਣ ਕੇ ਸੀਤਾ ਮਰਾਸੀ ਬਾਬੇ ਘੀਚਰ ਸਿਉਂ ਨੂੰ ਕਹਿੰਦਾ, ''ਤੂੰ ਵੀ ਬਾਬਾ ਕੁਸ ਬੋਲ ਪਾ ਹੁਣ। ਅੱਜ ਤਾਂ ਮਿੱਟੀ ਦਾ ਮਾਧੋ ਬਣਿਆਂ ਬੈਠੈਂ। ਇਹ ਤਾਂ ਸਾਰੇ ਤੈਨੂੰ ਭਾਬੀ ਬਣਾਈ ਬੈਠੇ ਐ, ਤੂੰ ਕੂੰਹਦਾ ਈ ਨ੍ਹੀ। ਤੂੰ ਵੀ ਛੱਡਦੇ ਭੱਥੇ 'ਚੋਂ ਇੱਕ ਅੱਧਾ ਤੀਰ। ਫੌਜੀ ਤਾਂ ਕਹਿੰਦਾ ਤੂੰ ਸਰਕਸ ਆਲੇ ਸਕੀਮੀਆਂ ਦੇ ਘਰੇ ਬੈਠਾ ਸੀ। ਨਮੇਂ ਘਰ ਬਣਦੇ ਦੀ ਵਧਾਈ ਦੇਣ ਗਿਆ ਸੀ ਕੁ ਕੋਈ ਹੋਰ ਕੰਮ ਧੰਦਾ ਸੀ?''

ਮਦਨ ਪੰਡਤ ਸਕੀਮੀਆਂ ਦੇ ਘਰ ਦੀ ਗੱਲ ਸੁਣ ਕੇ ਕਹਿੰਦਾ, ''ਘਰ ਆਲੀ ਤਾਂ ਬਈ ਸਰਕਸ ਆਲੇ ਸਕੀਮੀਆਂ ਨੇ ਡੈਹਸ਼ ਕੱਢ 'ਤੀ। ਇਹੇ ਜਾ ਘਰ ਆਪਣੇ ਤਾਂ ਨੇੜੇ ਤੇੜੇ ਹੋਣਾ ਨ੍ਹੀ ਕਿਸੇ ਦਾ। ਪੈਂਸਾ ਵੀ ਅੱਘਰੀ ਦਾ ਲੱਗ ਗਿਆ ਹੋਣੈ।''




ਮੱਖਣ ਮਾਸਟਰ ਨੇ ਹੈਰਾਨੀ ਨਾਲ ਪੁੱਛਿਆ, ''ਐਨਾ ਪੈਸਾ ਆਇਆ ਕਿੱਥੋਂ। ਫੀਮ ਫੂਮ ਦੀ ਬਲੈਕ ਬਲੂਕ ਕਰਦੇ ਹੋਣਗੇ। ਨਾ ਹੀ ਇਹੀ ਕਦੇ ਕੋਈ ਗੱਲ ਸੁਣੀ ਐ। ਬਾਕੀ ਫੇਰ ਭਾਈ ਰੱਬ ਈ ਜਾਣਦਾ।''

ਨਾਥੇ ਅਮਲੀ ਨੇ ਬਾਬੇ ਨੂੰ ਪੁੱਛਿਆ, ''ਇਨ੍ਹਾਂ ਨੂੰ ਸਰਕਸ ਆਲੇ ਸਕੀਮੀ ਕਿਉਂ ਕਹਿੰਦੇ ਐ ਬਾਬਾ। ਕੁ ਇਹੇ ਸਰਕਸ ਸੁਰਕਸ 'ਚ ਕੰਮ ਕਰਦੇ ਰਹੇ ਐ?''

ਸੁਖਣਾ ਪੱਤੀ ਆਲੇ ਬਚਿੱਤਰ ਸਿਉਂ ਕੇ ਪਿੰਡ 'ਚ ਸਰਕਸ ਵਾਲੇ ਸਕੀਮੀਆਂ ਦੇ ਲਾਣੇ ਵਾਲੇ ਵੱਜਦੇ ਸੀ। ਬਚਿੱਤਰ ਸਿਉਂ ਕਿਆਂ ਦੀ ਗੱਲ ਸੁਣ ਕੇ ਬਾਬੇ ਘੀਚਰ ਸਿਉਂ ਨੇ ਗੱਲ ਦੱਸਣ ਦੇ ਮਾਰੇ ਨੇ ਮੂੰਹ ਖੋਲ੍ਹਿਆ ਫਿਰ। ਜਿਉਂ ਹੀ ਬਾਬੇ ਘੀਚਰ ਨੇ ਮੂੰਹ ਖੋਲ੍ਹਿਆ ਤਾਂ ਸਾਰੀ ਸੱਥ ਨੇ ਖੁਸ਼ੀ 'ਚ ਰੌਲਾ ਅਸਮਾਨ ਨੂੰ ਚੁੱਕ ਦਿੱਤਾ ਜਿਮੇਂ ਕੋਈ ਵੱਡੀ ਸ਼ਰਤ ਲੱਗੀ 'ਚ ਸ਼ਰਤ ਜਿੱਤਣ ਵਾਲੇ ਤਾਸ਼ ਖੇਡਦੇ ਰੌਲਾ ਚੁੱਕ ਦਿੰਦੇ ਹੋਣ।

ਨਾਥਾ ਅਮਲੀ ਸਾਰਿਆਂ ਨੂੰ ਚੱਪ ਕਰਾਉਂਦਾ ਬਾਬੇ ਦੇ ਮੂੰਹ ਵੱਲ ਵੇਖ ਕੇ ਬਾਬੇ ਨੂੰ ਕਹਿੰਦਾ, ''ਮੂੰਹ 'ਤੇ ਤਾਂ ਤੇਰੇ ਬਾਬਾ ਕੁਸ ਮਨ੍ਹੀ ਹੋਇਆ। ਤੂੰ ਐਮੇਂ ਈ ਸੱਤ ਮੀਟਰ ਦੀ ਟਸਰੀ ਲਵ੍ਹੇਟੀ ਫਿਰਦੈਂ ਮੂੰਹ 'ਤੇ। ਚੱਲ ਦੱਸ ਹੁਣ ਸਰਕਸ ਆਲੇ ਸਕੀਮੀਆਂ ਕੋਲੇ ਐਡਾ ਵੱਡਾ ਘਰ ਪਾਉਣ ਨੂੰ ਪੈਂਸਾ ਕਿੱਥੋਂ ਆਇਆ?''

ਬਾਬਾ ਘੀਚਰ ਸਿਉਂ ਕਹਿੰਦਾ, ''ਨਾ ਤਾਂ ਸਾਰੀ ਉਮਰ ਬਚਿੱਤਰ ਸਿਉਂ ਨੇ ਕੰਮ ਕੀਤਾ। ਨਾ ਬਚਿੱਤਰ ਦੇ ਮੁੰਡੇ ਨੇ। ਨਾ ਈ ਨਜਾਇਜ ਪੈਂਸਾ ਖਰਚਿਆ ਕਦੇ। ਦੋ ਕੁ ਝੁੱਗੇ ਸੁੱਥੂਆਂ ਨਾਲ ਈ ਸਾਲ ਭਰ ਨੰਘਾਅ ਲੈਂਦੇ ਸੀ। ਹੁਣ ਗਾਹਾਂ ਬਚਿੱਤਰ ਸਿਉਂ ਦੇ ਦੋਵੇਂ ਪੋਤੇ ਵੇਖ ਲਾ ਪੜ੍ਹ ਲਿਖ ਗੇ। ਪੋਤਿਆਂ ਨੂੰ ਘਰੇ ਪੈਂਸਿਆਂ ਦਾ ਵੀ ਪਤਾ ਲੱਗ ਗਿਆ ਬਈ ਸਾਡੇ ਬੁੜ੍ਹਿਆਂ ਕੋਲੇ ਐਨਾ ਪੈਂਸਾ। ਉਨ੍ਹਾਂ ਨੇ ਪਿਉ ਦਾਦੇ ਤੋਂ ਪੈਂਸੇ ਕਢਵਾ ਕੇ ਘਰ ਬਣਾਉਣਾ ਸ਼ੁਰੂ ਕਰ 'ਤਾ। ਲੋਕਾਂ ਨੂੰ ਇਹਦੇ 'ਚ ਅਚੰਭਾ ਲੱਗ ਗਿਆ ਬਈ ਇੱਕ ਦਮ ਐਨਾ ਪੈਂਸਾ ਕਿੱਥੋਂ ਆਇਆ। ਜਮੀਂਨ ਵੀ ਕੋਲੇ ਪੰਜ ਸੱਤ ਕਿੱਲੇ ਈ ਐ। ਪੰਜਾਂ ਸੱਤਾਂ ਕਿੱਲਿਆਂ 'ਚੋਂ ਤਾਂ ਡੰਗ ਟਪਾਉਣ ਜੋਗੀਉ ਈ ਫਸਲ ਮਸਾਂ ਹੁੰਦੀ ਐ।''

ਨਾਥਾ ਅਮਲੀ ਕਹਿੰਦਾ, ''ਗੱਲ ਤਾਂ ਓਹੀ ਪੁੱਛਦੇ ਆਂ ਬਈ ਐਹੋ ਜੀ ਕਿਹੋ ਜੀ ਮੁਰਗੀ ਐ ਇਨ੍ਹਾਂ ਦੇ ਘਰੇ ਜਿਹੜੀ ਆਂਡਿਆਂ ਦੀ ਥਾਂ ਰਪੀਏ ਦਿੰਦੀ ਐ?''

ਬਾਬਾ ਘੀਚਰ ਸਿਉਂ ਕਹਿੰਦਾ, ''ਦੱਸਦਾਂ ਮੈਂ। ਇਨ੍ਹਾਂ ਨੂੰ ਬਚਿੱਤਰ ਦੇ ਦਾਦੇ ਪੜਦਾਦਿਆਂ ਤੋਂ ਈਂ ਸਰਕਸ ਆਲੇ ਸਕੀਮੀ ਕਹਿੰਦੇ ਐ। ਇਹਦੇ ਬਚਿੱਤਰ ਦੇ ਪਿਉ ਦਾਦੇ ਨੇ ਕਹਿੰਦੇ ਕੇਰਾਂ ਸਰਕਸ ਵਖਾਉਣ ਦਾ ਠੇਕਾ ਲੈ ਲਿਆ। ਉਨ੍ਹਾਂ ਵੇਲਿਆਂ 'ਚ ਸਰਕਸ ਆਲਿਆਂ ਨੂੰ ਕਹਿੰਦੇ, 'ਤੁਸੀਂ ਸਾਥੋਂ ਹਜਾਰ ਰਪੀਆ ਲੈ ਲੋ, ਸਰਕਸ ਵਖਾਉਣ ਦਾ ਠੇਕਾ ਸਾਨੂੰ ਦੇ ਦਿਉ। ਲੋਕਾਂ ਨੂੰ ਸਰਕਸ ਵਖਾਉਣ ਦੇ ਪੈਸੇ ਅਸੀਂ ਲਮਾਂਗੇ। ਉਨ੍ਹਾਂ ਨੇ ਦੋ ਹਜਾਰ ਰਪੀਆ ਮੰਗ ਲਿਆ। ਚੱਲੋ ਜੀ ਸਾਢੇ ਪੰਦਰਾਂ ਸੌ 'ਚ ਗੱਲ ਟੁੱਕੀ ਗਈ। ਬੁੜ੍ਹਿਆਂ ਨੇ ਸਰਕਸ ਆਲੇ ਤੰਬੂ ਆਪਣੇ ਪਿੰਡ ਗਾਹੂ ਕੇ ਗੁਆੜ ਆਲੀ ਸ਼ਾਮਲਾਟ 'ਚ ਆ ਗੱਡੇ। ਨੇੜੇ ਦੇ ਸਾਰੇ ਪਿੰਡਾਂ 'ਚ ਹੋਕਾ ਦੁਆ 'ਤਾ ਬਈ ਫਲਾਨੇ ਪਿੰਡ ਸਰਕਸ ਆ ਗੀ। ਲੋਕਾਂ ਨੇ ਆਪਣੇ ਪਿੰਡ ਵੱਲ ਨੂੰ ਵਹੀਰਾਂ ਘੱਤ ਲੀਆਂ ਬਈ ਸਰਕਸ 'ਚ ਸ਼ੇਰ ਚੀਤੇ ਤੇ ਹੋਰ ਨਮੀਆਂ-ਨਮੀਆਂ ਖੇਡਾਂ ਵੇਖਾਂਗੇ। ਜਦੋਂ ਲੋਕ ਸਰਕਸ ਵੇਖਣ ਆਏ ਤਾਂ ਦਸ ਰਪੀਆਂ ਦੀ ਟਿਕਟ ਸੁਣ ਕੇ ਕਿਸੇ ਨੇ ਟਿਕਟ ਈ ਨਾ ਖਰੀਦੀ। ਉਨ੍ਹਾਂ ਨੇ ਦੋ ਕੁ ਦਿਨਾਂ ਪਿੱਛੋਂ ਟਿਕਟ ਅੱਠਾਂ ਰਪੀਆਂ ਦੀ ਕਰ 'ਤੀ। ਲੋਕਾਂ ਨੇ ਫਿਰ ਵੀ ਨਾ ਖਰੀਦੀ। ਫੇਰ ਹੋਰ ਦੋ ਕੁ ਦਿਨਾਂ ਪਿੱਛੋਂ ਪੰਜਾਂ ਰਪੀਆਂ ਦੀ ਕਰ 'ਤੀ। ਟਿਕਟ ਫਿਰ ਵੀ ਨਾ ਕਿਸੇ ਨੇ ਖਰੀਦੀ। ਉਨ੍ਹਾਂ ਨੇ ਇਉਂ ਕਰਦੇ ਕਰਦਿਆਂ ਨੇ ਦੋ ਰਪੀਆਂ ਦੀ ਫੇਰ ਇੱਕ ਰਪੀਏ ਦੀ ਕਰ 'ਤੀ। ਜਦੋਂ ਰਪੀਏ ਨੂੰ ਵੀ ਨਾ ਕਿਸੇ ਨੇ ਖਰੀਦੀ ਤਾਂ ਆਖਰ ਨੂੰ ਪਿੰਡਾਂ 'ਚ ਹੋਕਾ ਦੁਆ 'ਤਾ ਬਈ ਕੱਲ੍ਹ ਨੂੰ ਸਰਕਸ ਮੁਖਤ ਵਖਾਈ ਜਾਊਗੀ। ਮੁਖਤ ਦਾ ਨਾਂ ਸੁਣਕੇ ਨਾਥਾ ਸਿਆਂ ਲੋਕ ਆਪਣੇ ਪਿੰਡ 'ਚ ਫਿਰ ਇਉਂ ਆ ਢੇਰੀ ਹੋਏ ਜਿਮੇਂ ਪੰਜ ਛੀ ਸਾਲ ਪਹਿਲਾਂ ਆਪਣੇ ਖੇਤਾਂ 'ਚ ਮੱਕੀਆਂ 'ਤੇ ਆਹਣ ਦੇ ਟਿੱਡੇ ਆ ਢੇਰੀ ਹੋਏ ਸੀ।'' ਨਾਥੇ ਅਮਲੀ ਨੇ ਗੱਲ ਟੋਕ ਕੇ ਬਾਬੇ ਘੀਚਰ ਸਿਉਂ ਨੂੰ ਪੁੱਛਿਆ, ''ਫੇਰ ਮੁਖਤ ਵਖਾਈ ਬਾਬਾ ਸਰਕਸ ਕੁ ਅੰਦਰ ਵਾੜ ਕੇ ਲੋਕਾਂ ਦੀ ਮਰੰਮਤ ਕੀਤੀ?''

ਬਾਬਾ ਕਹਿੰਦਾ, ''ਗੱਲ ਤਾਂ ਅਮਲੀਆ ਤੂੰ ਸੁਣ। ਜਦੋਂ ਸਾਰੇ ਲੋਕ ਮੁਖਤ ਦੀ ਸਰਕਸ ਵੇਖਣ ਅੰਦਰ ਵੜ ਗੇ, ਉਨ੍ਹਾਂ ਨੇ ਚਾਰ ਚਫੇਰਿਉਂ ਸਰਕਸ ਦੇ ਸਾਰੇ ਦਰਵਾਜੇ ਬੰਦ ਕਰ ਕੇ ਜਿੰਦੇ ਲਾ 'ਤੇ ਬਈ ਕੋਈ ਬਾਹਰ ਨਾ ਨਿੱਕਲ ਸਕੇ। ਲੋਕ ਰੌਲਾ ਪਾਉਣ ਬਈ ਛੇਤੀ ਵਖਾਉ ਸਰਕਸ। ਜਦੋਂ ਸਾਰੇ ਜਣੇ ਚੁੱਪ ਕਰ ਗੇ ਤਾਂ ਉਨ੍ਹਾਂ ਨੇ ਇੱਕ ਸ਼ੇਰ ਖੋਹਲ 'ਤਾ। ਸ਼ੇਰ ਖੁੱਲ੍ਹ ਗਿਆ ਵੇਖ ਕੇ ਲੋਕਾਂ 'ਚ ਹਫੜਾ ਦਫੜੀ ਮੱਚ ਗੀ। ਸਰਕਸ ਦੇ ਦਰਵਾਜੇ ਸਾਰੇ ਬੰਦ ਸੀ। ਲੋਕਾਂ ਨੂੰ ਬਾਹਰ ਨਿਕਲਣ ਨੂੰ ਥਾਂ ਨਾ ਮਿਲੇ। ਅਖੀਰ ਸਕੀਮੀਆਂ ਦੇ ਬੁੜ੍ਹਿਆਂ ਨੇ ਬਾਹਰ ਨਿਕਲਣ ਦੀ ਸੌ ਰਪੀਆ ਟਿਕਟ ਰੱਖ 'ਤੀ। ਵੱਸ ਫੇਰ ਨਾਥਾ ਸਿਆਂ ਕੀ ਪੁੱਛਦੈਂ। ਸਕੀਮੀਆਂ ਦੇ ਬੁੜ੍ਹਿਆਂ ਨੇ ਰਪੀਆਂ ਦਾ ਗੱਡਾ ਭਰ ਲਿਆ। ਸੁਰਜਨ ਬਿੰਬਰ ਦਾ ਦਾਦਾ ਦੱਸਦਾ ਸੀ, ਅਕੇ ਸਕੀਮੀਆਂ ਦੇ ਟੱਬਰ ਨੇ ਤਿੰਨ ਚਾਰ ਦਿਨ ਲਾ 'ਤੇ ਰਪੀਏ ਗਿਣਨ ਨੂੰ, ਐਨੇ ਰਪੀਏ 'ਕੱਠੇ ਹੋ ਗੇ ਸੀ। ਲੋਕਾਂ ਨੇ ਸ਼ੇਰ ਤੋਂ ਡਰਦਿਆਂ ਨੇ ਬਾਹਰ ਨਿਕਲਣ ਦੀ ਸੌ-ਸੌ ਰਪੀਏ ਦੀ ਟਿਕਟ ਕਟਾ ਕੇ ਬਾਹਰ ਨਿਕਲ ਕੇ ਜਾਣ ਬਚਾਈ। ਕਈ ਹਰਫਲੇ ਵੇ ਤਾਂ ਕਾਹਲੀ 'ਚ ਬਟੂਏ ਈ ਫੜਾ ਗੇ। ਉਨ੍ਹਾਂ ਨੂੰ ਤਾਂ ਹੋ ਸਕਦਾ ਟਿਕਟ ਸੌ ਰਪੀਏ ਤੋਂ ਵੀ ਮਹਿੰਗੀ ਪਈ ਹੋਵੇ। ਜਿਹੜੇ ਬਟੂਏ 'ਚ ਚਾਰ ਛਿੱਲੜ ਹੋਣੇ ਐਂ, ਸਭ ਸ਼ੇਰ ਦੀ ਭੇਟ ਚੜ੍ਹਾ 'ਤੇ ਹੋਣਗੇ। ਉਦੋਂ ਦੇ ਰਪੀਏ 'ਕੱਠੇ ਹੋਏ ਵੇ ਐ। ਹੁਣ ਆ ਕੇ ਬੋਲੇ ਐ ਸਰਕਸ ਆਲੇ ਰਪੀਏ। ਉਹ ਵੀ ਬਚਿੱਤਰ ਸਿਉਂ ਦੇ ਪੋਤਿਆਂ ਨੇ ਰੌਲਾ ਰੂਲਾ ਪਾ ਕੇ ਰਪੀਏ ਕਢਾ ਲੇ, ਇਹ ਬੁੜ੍ਹੇ ਕਿੱਥੋਂ ਕੱਢਦੇ ਸੀ। ਏਸੇ ਗੱਲ ਕਰਕੇ ਲੋਕ ਇਨ੍ਹਾਂ ਨੂੰ ਸਰਕਸ ਆਲੇ ਸਕੀਮੀਆਂ ਦਾ ਲਾਣਾ ਕਹਿੰਦੇ ਐ। ਸਕੀਮ ਲਾ ਕੇ ਪੈਂਸੇ ਬਣਾ ਗੇ।''

ਪ੍ਰਤਾਪਾ ਭਾਊ ਕਹਿੰਦਾ, ''ਅੱਜ ਪਈ ਜਾਂਦਾ ਸਕੀਮੀਆਂ ਦੇ ਘਰ ਦਾ ਲੈਂਟਰ। ਕਹਿੰਦੇ ਦੋ ਢਾਈ ਸੌ ਬੰਦਾ ਲੱਗਿਆ ਵਿਆ ਲੈਂਟਰ ਪਾਉਣ। ਘਰ-ਘਰ ਦਾ ਬੰਦਾ ਗਿਆ ਵਿਆ ਪਿੰਡ 'ਚੋਂ।'' ਏਨੇ ਚਿਰ ਨੂੰ ਗੱਲਾਂ ਕਰਦਿਆਂ ਕਰਦਿਆਂ ਤੋਂ ਗੁਰਦੁਆਰੇ ਦੇ ਸਪੀਕਰ 'ਚੋਂ ਹੋਕਾ ਆ ਗਿਆ ਬਈ 'ਸਰਕਸ ਵਾਲੇ ਬਚਿੱਤਰ ਸਿਉਂ ਸਕੀਮੀਆਂ ਦੇ ਲਾਣੇ ਕੇ ਘਰ ਦਾ ਜਿਹੜਾ ਲੈਂਟਰ ਪੈਂਦਾ ਸੀ ਉਹਦਾ ਕਾਲਬ ਡਿੱਗ ਪਿਆ ਤੇ ਬਹੁਤ ਸਾਰੇ ਬੰਦੇ ਕਾਲਬ ਦੇ ਹੇਠਾਂ ਆ ਗਏ। ਛੇਤੀ ਤੋਂ ਛੇਤੀ ਉਨ੍ਹਾਂ ਦੇ ਨਮੇਂ ਬਣਦੇ ਘਰੇ ਪਹੁੰਚੋ'।

ਸਪੀਕਰ 'ਚੋਂ ਹੋਕਾ ਸੁਣਦੇ ਸਾਰ ਸੱਥ ਵਾਲੇ ਸਾਰੇ ਜਣੇ ਹੇਰਾ ਫੇਰੀ ਨਾਲ 'ਕੱਠੇ ਕੀਤੇ ਪੈਸਿਆਂ ਦੀਆਂ ਗੱਲਾਂ ਕਰਦੇ ਸਰਕਸ ਵਾਲੇ ਸਕੀਮੀਆਂ ਦੇ ਘਰ ਨੂੰ ਭੱਜ ਨਿਕਲੇ ਤੇ ਵੇਂਹਦਿਆਂ ਵੇਂਹਦਿਆਂ ਸੱਥ ਖਾਲੀ ਹੋ ਗਈ।








# CLASSIFIEDS & MATRIMONIALS



## GROOM WANTED

ਕੈਨੇਡਾ ਰਹਿ ਰਹੀ ਲੜਕੀ, ਕੱਦ 5 ਫੁੱਟ 3 ਇੰਚ, Bsc Nursing -PGI , Chandigarh (2013-2017) MA Public Administration-Panjab University, Chandigarh (2018-2020) Worked as Registered Nurse (govt. job) in PGI, Chandigarh 5 years 6 months (2018-2023) ਹੁਣ ਓਨਟਾਰੀਓ ਵਿੱਚ ਨਰਸਿੰਗ ਦੀ ਚੰਗੀ ਨੌਕਰੀ ਕਰ ਰਹੀ ਲੜਕੀ ਲਈ, ਕੈਨੇਡਾ ਵਿੱਚ ਸੈਟਲ ਲੜਕੇ ਦੀ ਭਾਲ, ਪੰਜਾਬ ਦੇ ਮਾਲਵਾ ਇਲਾਕੇ ਨੂੰ ਪਹਿਲ, ਪੀ. ਆਰ ਜਾਂ ਇਮੀਗਰਾਂਟ ਵਾਲੇ ਹੀ ਸੰਪਰਕ ਕਰਨ : 778-241-8239

## BRIDE WANTED

ਇੰਗਲੈਂਡ ਵਿੱਚ ਜੰਮਿਆ ਅਤੇ ਵੱਡਾ ਹੋਇਆ ਲੜਕਾ ਜੋ ਹੁਣ ਕੈਨੇਡਾ, ਬੀ.ਸੀ. ਵਿੱਚ ਰਹਿ ਰਿਹਾ ਪੀ.ਆਰ. ਲੜਕਾ, ਉਮਰ 28 ਸਾਲਾ, ਕੱਦ 6 ਫੁੱਟ, ਆਪਣਾ ਪਰਿਵਾਰਕ ਬਿਜ਼ਨਸ, ਮਾਸਟਰ ਇਨ ਫਾਰਮੇਸੀ ਦੀ ਡਿਗਰੀ, ਨਸ਼ਿਆਂ ਤੋਂ ਰਹਿਤ ਲੜਕੇ (Short Time Divorce) ਲਈ ਕੈਨੇਡਾ ਵਿੱਚ ਯੋਗ ਲੜਕੀ ਦੀ ਭਾਲ ਹੈ। ਲੜਕੇ ਦਾ ਵੱਡਾ ਭਰਾ ਬ੍ਰਿਟੇਨ ਵਿੱਚ ਰਹਿ ਰਿਹਾ ਹੈ। ਤਲਾਕਸ਼ੁਦਾ 'ਤੇ ਵੀ ਵਿਚਾਰ ਕੀਤਾ ਜਾ ਸਕਦਾ ਹੈ। ਸੰਪਰਕ : +1 (236) 332-6769 AP 12-03

..........................................

ਅਮਰੀਕਾ ਸਿਟੀਜਨ ਅੰਮ੍ਰਿਤਧਾਰੀ ਸਿੱਖ, ਕੰਬੋਜ ਲੜਕਾ ਉਮਰ 39 ਸਾਲ, ਕੱਦ 5 ਫੁੱਟ 11 ਇੰਚ, ਐਸੋਸੀਏਟ ਅਕਾਊਂਟਿੰਗ, ਬੁੱਕਕੀਪਰ ਦਾ ਕੰਮ ਕਰਦੇ ਮਿਹਨਤੀ ਲੜਕੇ ਲਈ ਯੋਗ ਕੰਨਿਆ ਦੀ ਲੋੜ ਹੈ। ਲੜਕੇ ਦੇ ਮਾਤਾ-ਪਿਤਾ ਮੈਨੇਜਰ ਅਤੇ ਦੋ ਭੈਣਾਂ ਚੰਗੀ ਨੌਕਰੀ ਕਰ ਰਹੀਆਂ ਹਨ। ਇੱਕ ਭੈਣ ਵਿਆਹੀ ਹੋਈ ਹੈ। ਸੰਪਰਕ ਕਰੋ : 604-720-5687 AP 29-12

## GROOM WANTED

Professionally Qualified, 29 years, Handsome, 5 ft 11" Rajput Canadian PR Boy settled in BC belonging to upper middle class family seeks suitable match preferably from British Columbia. Upper caste no bar. Contact +1 (236) 500-0059

## BRIDE WANTED

ਕੇਸਾਧਾਰੀ ਕੈਨੇਡੀਅਨ ਜੰਮਪਲ, ਉਮਰ 37 ਸਾਲ ਅਣ ਵਿਆਹਿਆ, ਕੱਦ 5 ਫੁੱਟ 10 ਇੰਚ, ਮਾਈਕਰੋਸਾਫ਼ਟ ਵਿੱਚ ਚੰਗੀ ਨੌਕਰੀ 'ਤੇ ਕੰਮ ਕਰ ਰਹੇ ਲੜਕੇ ਲਈ ਲੜਕੀ ਦੀ ਲੋੜ ਹੈ, ਸੰਪਰਕ ਕਰੋ : 604-368-3600 AP 29-12

..........................................

ਇੰਡੀਆ ਰਹਿੰਦੇ ਜੱਟ ਸਿੱਖ ਇਕਲੌਤਾ ਲੜਕਾ ਉਮਰ 27 ਸਾਲ ਕੱਦ 6 ਫੁੱਟ 2 ਇੰਚ ਲਈ ਕੈਨੇਡੀਅਨ ਇੰਮੀਗਰਾਂਟ/ਸਿਟੀਜਨ ਲੜਕੀ ਦੀ ਲੋੜ ਹੈ। ਪੜ੍ਹਾਈ ਤੌਰ ਆਈ ਲੜਕੀ ਬਾਰੇ ਵੀ ਵਿਚਾਰਿਆ ਜਾ ਸਕਦਾ ਹੈ।ਲੜਕਾ ITI ਡੀਜਲ ਕੋਰਸ ਹੋਲਡਰ ਹੈ। ਹੋਰ ਵਧੇਰੇ ਜਾਣਕਾਰੀ ਲਈ +1-604-938-4400 ਫੋਨ ਜ਼ਰੀਏ ਸੰਪਰਕ ਕੀਤਾ ਜਾ ਸਕਦਾ ਹੈ। BH 01-03


## NOW HIRING

### Painter, Construction Job

**Position:**
- » 2-year term employment
- » Wage: $28/hour
- » Surrey, BC Job Locations

**Job Responsibilities (But not limited to):**
- » Prep surfaces: clean, scrape, sand, and fill holes.
- » Apply paint with brushes, rollers, or sprayers for a quality finish.
- » Inspect work to meet quality standards.

**Requirements:**
- » 1-year painting experience,
- » No minimum education required
- » Must speak English

» Apply Now! « Email Resume to setforfuture@gmail.com

**Join Natt Star Homes Ltd.**
**9328 127 Street, Surrey, BC**


# ਆਲਮੀ ਤਪਸ਼ ਅਤੇ ਮਨੁੱਖ ਦਾ ਭਵਿੱਖ

**ਗੁਰਚਰਨ ਸਿੰਘ ਨੂਰਪੁਰ, ਸੰਪਰਕ: 98550-51099**




ਜਿਸ ਆਕਾਸ਼ ਗੰਗਾ ਦੇ ਅਸੀਂ ਵਾਸੀ ਹਾਂ ਇਸ ਦੇ ਕੁਲ ਨੌਂ ਗ੍ਰਹਿ ਹਨ। ਇਨ੍ਹਾਂ ਵਿੱਚੋਂ ਕੇਵਲ ਧਰਤੀ 'ਤੇ ਹੀ ਜੀਵਨ ਹੈ। ਅਜਿਹਾ ਕਿਉਂ? ਇਸ ਦੇ ਕੁਝ ਖਾਸ ਕਾਰਨ ਹਨ। ਸਭ ਤੋਂ ਅਹਿਮ ਕਾਰਨ ਹੈ ਧਰਤੀ ਸੂਰਜ ਤੋਂ ਖਾਸ ਦੂਰੀ 'ਤੇ ਸਥਿਤ ਹੈ। ਇਸ ਦੁਆਲੇ ਹਵਾਵਾਂ ਦਾ ਗਿਲਾਫ ਜਿਹਾ ਚੜ੍ਹਿਆ ਹੋਇਆ ਹੈ ਜਿਸ ਨੂੰ ਅਸੀਂ ਵਾਯੂ ਮੰਡਲ ਆਖਦੇ ਹਾਂ। ਇਸ ਵਾਯੂ ਮੰਡਲ ਕਰ ਕੇ ਧਰਤੀ 'ਤੇ ਨਿੱਘ ਬਣੀ ਰਹਿੰਦੀ ਹੈ ਜੋ ਜੀਵਨ ਲਈ ਸਾਜ਼ਗਾਰ ਹਾਲਾਤ ਪੈਦਾ ਕਰਦੀ ਹੈ। ਇਸ ਦੇ ਉਲਟ ਸੂਰਜ ਨੇੜਲੇ ਗ੍ਰਹਿ ਬੇਹੱਦ ਗਰਮ ਹਨ ਅਤੇ ਧਰਤੀ ਤੋਂ ਵੱਧ ਦੂਰੀ ਵਾਲੇ ਗ੍ਰਹਿ ਠੰਢੇ ਯਖ ਹਨ। ਖਾਸ ਤਾਪਮਾਨ ਸਦਕਾ ਹੀ ਧਰਤੀ 'ਤੇ ਜੀਵਨ ਸੰਭਵ ਹੋਇਆ। ਇੱਥੇ ਜੀਵ, ਜੰਤੂ, ਪਸ਼ੂ, ਪੰਛੀ ਚਹਿਕਦੇ ਹਨ; ਬਨਸਪਤੀ ਉਗਦੀ ਹੈ। ਵਾਯੂ ਮੰਡਲ ਤੋਂ ਭਾਵ ਹਵਾਵਾਂ ਦੇ ਅਜਿਹੇ ਮਿਸ਼ਰਨ ਤੋਂ ਹੈ ਜਿਸ ਵਿੱਚ ਵੱਖ-ਵੱਖ ਗੈਸਾਂ ਵੱਖ-ਵੱਖ ਮਿਕਦਾਰ ਵਿੱਚ ਮੌਜੂਦ ਹਨ। ਪੁਲਾੜ ਵਿੱਚ ਜਾ ਕੇ ਦੇਖਿਆਂ ਧਰਤੀ ਦੂਜੇ ਗ੍ਰਹਿਆਂ ਵਰਗੀ ਨਹੀਂ ਦਿਸਦੀ। ਇਹ ਦੁਧੀਆ ਬੱਦਲਾਂ ਵਿੱਚ ਲਿਪਟੀ ਦੂਜੇ ਗ੍ਰਹਿ ਤੋਂ ਵੱਧ ਖ਼ੂਬਸੂਰਤ ਨਜ਼ਰ ਆਉਂਦੀ ਹੈ। ਧਰਤੀ ਦੇ ਵਾਯੂ ਮੰਡਲ ਦੀ ਉਪਰਲੀ ਸਤਿਹ ਉੱਤੇ ਹਲਕੀਆਂ ਗੈਸਾਂ ਹਨ, ਇਨ੍ਹਾਂ ਵਿੱਚ ਹੀ ਓਜ਼ੋਨ ਦੀ ਪਰਤ ਹੈ ਜੋ ਸੂਰਜ ਦੀਆਂ ਅਲਟਰਾ-ਵਾਇਲਟ ਕਿਰਨਾਂ ਨੂੰ ਧਰਤੀ 'ਤੇ ਆਉਣ ਤੋਂ ਰੋਕਦੀ ਹੈ। ਜਦੋਂ ਸੂਰਜੀ ਗਰਮੀ ਧਰਤੀ 'ਤੇ ਪੈਂਦੀ ਹੈ ਤਾਂ ਇਸ ਗਰਮੀ ਦੀ ਕੁਝ ਮਾਤਰਾ ਧਰਤੀ ਆਪਣੇ ਅੰਦਰ ਸਮਾਉਂਦੀ ਹੈ, ਬਾਕੀ ਵਾਪਸ ਛੱਡ ਦਿੰਦੀ ਹੈ ਜਿਸ ਸਦਕਾ ਧਰਤੀ 'ਤੇ ਤਾਪਮਾਨ ਸਾਵਾਂ ਬਣਿਆ ਰਹਿੰਦਾ ਹੈ ਪਰ ਜਦੋਂ ਧਰਤੀ 'ਤੇ ਵੱਖ-ਵੱਖ ਤਰ੍ਹਾਂ ਦੇ ਸਰੋਤਾਂ ਨਾਲ ਪੈਦਾ ਹੋਏ ਪ੍ਰਦੂਸ਼ਣਾਂ ਨਾਲ ਕਾਰਬਨ ਡਾਇਆਕਸਾਈਡ, ਮੀਥੇਨ, ਕਲੋਰੋਫਲੋਰੋ ਕਾਰਬਨ ਅਤੇ ਕਾਰਬਨ ਮੋਨੋ ਆਕਸਾਈਡ ਵਰਗੀਆਂ ਗੈਸਾਂ ਦਾ ਵਾਧਾ ਧਰਤੀ ਦੀ ਗਰਮੀ ਨੂੰ ਵਾਪਸ ਨਹੀਂ ਜਾਣ ਦਿੰਦਾ। ਇਹ ਗੈਸਾਂ ਇਸ ਨੂੰ ਧਰਤੀ ਦੇ ਵਾਯੂ ਮੰਡਲ ਵਿੱਚ ਹੀ ਜਜ਼ਬ ਕਰ ਲੈਂਦੀਆਂ ਹਨ। ਇਸ ਨੂੰ ਗ੍ਰੀਨ ਹਾਊਸ ਪ੍ਰਭਾਵ ਕਿਹਾ ਜਾਂਦਾ; ਅਸੀਂ ਇਸ ਨੂੰ ਆਲਮੀ ਤਪਸ਼ ਵੀ ਆਖ ਲੈਂਦੇ ਹਾਂ।

ਗ੍ਰੀਨ ਹਾਊਸ ਗੈਸਾਂ ਦਾ ਵਧ ਰਿਹਾ ਪ੍ਰਭਾਵ ਜੀਵਨ ਲਈ ਖ਼ਤਰਾ ਬਣ ਰਿਹਾ ਹੈ। ਇਸ ਨਾਲ ਧਰਤੀ 'ਤੇ ਜੀਵਨ ਲਈ ਕਈ ਤਰ੍ਹਾਂ ਦੇ ਸੰਕਟ ਪੈਦਾ ਹੋ ਰਹੇ ਹਨ। ਹੁਣ ਤੱਕ ਵਿਗਿਆਨੀ ਇਸ ਨੂੰ ਆਉਣ ਵਾਲੇ ਸਮੇਂ ਦਾ ਸੰਕਟ ਆਖਦੇ ਆਏ ਹਨ ਪਰ ਹੁਣ ਅਜਿਹਾ ਨਹੀਂ ਹੈ। ਹੁਣ ਹਾਲ ਇਹ ਹੈ ਕਿ ਮਨੁੱਖ ਜਾਤੀ ਸਮੇਤ ਦੂਜੀਆਂ ਜੀਵ ਜਾਤੀਆਂ ਸੰਕਟ ਦੇ ਮੁਹਾਣ 'ਤੇ ਖੜ੍ਹੀਆਂ ਹਨ। ਹੁਣ ਤੱਕ 0.8 ਡਿਗਰੀ ਤਾਪਮਾਨ ਵਾਧਾ ਨੋਟ ਕੀਤਾ ਗਿਆ ਹੈ ਪਰ ਇਸ ਨਾਲ ਵੀ ਵੱਡੀਆਂ ਤਬਦੀਲੀਆਂ ਹੋ ਰਹੀਆਂ ਹਨ। ਮੌਸਮਾਂ ਵਿੱਚ ਅੱਥਰਾ ਵੇਗ ਆ ਗਿਆ ਹੈ। ਮੌਨਸੂਨੀ ਹਵਾਵਾਂ ਬੇਪ੍ਰਤੀਤੀਆਂ ਹੋ ਗਈਆਂ ਹਨ। ਕਿਤੇ ਹੱਦੋਂ ਵੱਧ ਵਰਖਾ ਹੋਣ ਲੱਗ ਪਈ ਹੈ, ਕਿਤੇ ਲੰਮਾ ਸੋਕਾ ਪੈਣ ਲੱਗਿਆ ਹੈ। ਜਿਹੜੇ ਇਲਾਕਿਆਂ ਵਿੱਚ ਝੜੀਆਂ ਲਗਦੀਆਂ ਸਨ, ਉੱਥੇ ਇੱਕੋ ਵਾਰੀ ਜ਼ਿਆਦਾ ਮੀਂਹ ਪੈਂਦਾ ਹੈ ਅਤੇ ਪਾਣੀ ਧਰਤੀ ਹੇਠ ਰਿਸਣ ਦੀ ਬਜਾਇ ਕੁਝ ਘੰਟਿਆਂ ਵਿੱਚ ਹੀ ਵਹਿ ਜਾਂਦਾ ਹੈ। ਗਰਮੀ ਦਾ ਮੌਸਮ ਲੰਮਾ ਹੋਣ ਲੱਗ ਪਿਆ ਹੈ। ਸਰਦੀ ਦਾ ਮੌਸਮ ਕੁਝ ਦਿਨਾਂ ਤੱਕ ਸੀਮਤ ਹੋ ਗਿਆ ਹੈ। ਅਗਾਂਹ ਇਸ ਦਾ ਬਹੁਤ ਮਾੜਾ ਅਸਰ ਦਿਸ ਰਿਹਾ ਹੈ, ਉਹ ਇਹ ਕਿ ਬਹੁਤ ਸਾਰੀਆਂ ਜੀਵ ਜਾਤੀਆਂ ਜੋ ਠੰਢੇ ਇਲਾਕਿਆਂ ਵਿੱਚ ਰਹਿੰਦੀਆਂ ਸੀ, ਨੂੰ ਆਪਣੇ ਟਿਕਾਣੇ ਬਦਲਣ ਦੀ ਲੋੜ ਪੈ ਰਹੀ ਹੈ। ਗਰਮ ਇਲਾਕਿਆਂ ਦੇ ਜੀਵ ਜੰਤੂ ਅਤੇ ਬਿਮਾਰੀ ਫੈਲਾਉਣ ਵਾਲੇ ਕੀਟ ਪਤੰਗੇ ਹੁਣ ਉਨ੍ਹਾਂ ਇਲਾਕਿਆਂ ਵਿੱਚ ਵੀ ਪ੍ਰਵੇਸ਼ ਕਰਨ ਲੱਗ ਪਏ ਹਨ ਜਿੱਥੇ ਪਹਿਲਾਂ ਇਨ੍ਹਾਂ ਦੀ ਅਣਹੋਂਦ ਸੀ। ਜੀਵਨ ਲਈ ਖਤਰਨਾਕ ਕੀਟਾਂ ਦੀਆਂ ਨਸਲਾਂ ਵਿੱਚ ਵੀ ਤੇਜ਼ੀ ਨਾਲ ਵਾਧਾ ਹੋ ਰਿਹਾ ਹੈ ਜਿਸ ਦੇ ਫਲਸਰੂਪ ਬਿਮਾਰੀਆਂ ਤੇਜ਼ੀ ਨਾਲ ਵਧ ਰਹੀਆਂ ਹਨ। ਮਨੁੱਖ ਦੀ ਤੰਦਰੁਸਤੀ 'ਤੇ ਪ੍ਰਸ਼ਨ ਚਿੰਨ੍ਹ ਲੱਗ ਗਿਆ ਹੈ। ਕੇਵਲ ਮਨੁੱਖਾਂ ਅਤੇ ਹੋਰ ਜੀਵਾਂ ਨੂੰ ਲੱਗਣ ਵਾਲੀਆਂ ਬਿਮਾਰੀਆਂ ਹੀ ਨਹੀਂ ਵਧੀਆਂ, ਫਸਲਾਂ ਨੂੰ ਲੱਗਣ ਵਾਲੀਆਂ ਬਿਮਾਰੀਆਂ ਵੀ ਤੇਜ਼ੀ ਨਾਲ ਵਧ ਰਹੀਆਂ ਹਨ। ਇਹ ਸਭ ਕੁਝ ਸੰਕੇਤ ਹੈ ਕਿ ਅਸੀਂ ਖ਼ਤਰਨਾਕ ਭਵਿੱਖ ਵੱਲ ਵਧ ਰਹੇ ਹਾਂ।

ਵਧ ਰਹੇ ਮਸ਼ੀਨੀਕਰਨ ਦੇ ਦੌਰ ਵਿੱਚ ਕੁਦਰਤੀ ਸੋਮਿਆਂ ਦੀ ਤਬਾਹੀ ਹੋ ਰਹੀ ਹੈ। ਪਹਾੜ ਪੱਧਰੇ ਕਰ ਕੇ ਮਕਾਨਾਂ ਦੀ ਉਸਾਰੀ ਹੋ ਰਹੀ ਹੈ। ਜੰਗਲੀ ਇਲਾਕਿਆਂ ਵੱਲ ਸਰਕਾਰਾਂ ਦਾ ਕੋਈ ਧਿਆਨ ਨਹੀਂ ਬਲਕਿ ਇਹ ਜੰਗਲ ਤੇਜ਼ੀ ਨਾਲ ਕੱਟੇ ਜਾ ਰਹੇ ਹਨ। ਦਰਿਆਵਾਂ ਨਦੀਆਂ ਵਿੱਚੋਂ ਰੇਤ ਕੱਢਣ ਦੀ ਪ੍ਰਕਿਰਿਆ ਤੇਜ਼ ਹੋ ਗਈ ਹੈ। ਧਰਤੀ ਹੇਠਲੇ ਖਣਿਜਾਂ ਦਾ ਵੀ ਇਹੀ ਹਾਲ ਹੈ। ਇਹ ਸਭ ਕੁਝ ਧਰਤੀ 'ਤੇ ਸਦੀਆਂ ਤੋਂ ਬਣੇ ਕੁਦਰਤੀ ਵਾਤਾਵਰਨ ਨੂੰ ਤਬਾਹ ਕਰ ਰਿਹਾ ਹੈ ਅਤੇ ਤਪਸ਼ ਨੂੰ ਹੋਰ ਵਧਾ ਰਿਹਾ ਹੈ। ਬਦਕਿਸਮਤੀ ਵਾਲੀ ਗੱਲ ਇਹ ਹੈ ਕਿ ਇਸ ਨੂੰ ਵਿਕਾਸ ਦੱਸ ਕੇ ਲੋਕਾਂ ਨੂੰ ਗੁਮਰਾਹ ਕੀਤਾ ਜਾਂਦਾ ਹੈ। ਕੁਦਰਤੀ ਸੋਮਿਆਂ ਦੀ ਤਬਾਹੀ ਵਿਕਾਸ ਨਹੀਂ ਹੁੰਦੀ, ਇਹ ਖ਼ਤਰਨਾਕ ਵਿਨਾਸ਼ ਵੱਲ ਵਧਣ ਦੀ ਸ਼ੁਰੂਆਤ ਹੈ। ਹੁਣ ਮਨੁੱਖ ਆਪਣੀਆਂ ਲੋੜਾਂ ਲਈ ਨਹੀਂ, ਮੁਨਾਫਿਆਂ ਅਤੇ ਲਾਲਚਾਂ ਲਈ ਜਿਊਣ ਲੱਗ ਪਿਆ ਹੈ। ਮਨੁੱਖ ਜਾਤੀ ਨੂੰ ਓਨੀਆਂ ਵਸਤਾਂ ਦੀ ਜ਼ਰੂਰਤ ਨਹੀਂ ਜਿੰਨੀਆਂ ਪੈਦਾ ਕੀਤੀਆਂ ਜਾ ਰਹੀਆਂ ਹਨ। ਦੂਜੀ ਗੱਲ, ਇਸ ਵਿੱਚ ਅਸਾਵਾਂਪਣ ਵੀ ਹੈ। ਧਨਾਢ ਕਾਰਪੋਰੇਸ਼ਨਾਂ ਹਰ ਪੱਖੋਂ ਮਨੁੱਖ ਤੋਂ ਮੁਨਾਫਿਆਂ ਦੀ ਆਸ ਲਾਈ ਬੈਠੀਆਂ ਹਨ। ਮਨੁੱਖ ਦੀ ਹਰ ਲੋੜ ਅਤੇ ਮਜਬੂਰੀ ਤੋਂ ਕਮਾਈਆਂ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

ਮਾਰੂਥਲ ਦਾ ਵਿਸਥਾਰ ਹੋ ਰਿਹਾ ਹੈ। ਪੰਜਾਬ ਵਿੱਚ ਲਗਭਗ 25 ਸੈਂਟੀਮੀਟਰ ਪਾਣੀ ਹਰ ਸਾਲ ਹੋਰ ਡੂੰਘਾ ਚਲਾ ਜਾਂਦਾ ਹੈ। ਵੱਧ ਤੋਂ ਵੱਧ ਰੁੱਖ ਲਗਾ ਕੇ, ਰੁੱਖਾਂ ਦੀ ਕਟਾਈ ਰੋਕ ਕੇ ਅਤੇ ਪਾਣੀ ਰੀਚਾਰਜ ਕਰ ਕੇ ਇਸ ਦਾ ਹੱਲ ਕੱਢਿਆ ਜਾ ਸਕਦਾ ਹੈ ਪਰ ਇਸ ਲਈ ਸਾਡੀਆਂ ਸਰਕਾਰਾਂ ਕੀ ਕਰ ਰਹੀਆਂ ਹਨ? ਕੁਝ ਵੀ ਨਹੀਂ! ਨਾ ਹੀ ਲੋਕ ਇਸ ਬਾਰੇ ਫ਼ਿਕਰਮੰਦ ਹਨ। ਅਸੀਂ ਜਿਹੜੀ ਜੀਵਨ ਸ਼ੈਲੀ ਅਪਣਾ ਲਈ ਹੈ, ਉਹ ਇੱਕ ਤਰ੍ਹਾਂ ਉਸੇ ਟਾਹਣ ਨੂੰ ਵੱਢਣ ਵਾਂਗ ਹੈ ਜਿਸ 'ਤੇ ਅਸੀਂ ਬੈਠੇ ਹਾਂ। ਅਸੀਂ ਰੋਗ ਦੀ ਜੜ੍ਹ ਲੱਭ ਕੇ ਉਸ ਦਾ ਇਲਾਜ ਕਰਨ ਦੀ ਬਜਾਇ ਰੋਗ ਦੇ ਲੱਛਣ ਖ਼ਤਮ ਕਰਨ ਦੀ ਕੋਸ਼ਿਸ਼ ਵਿੱਚ ਹਾਂ। ਅਜਿਹਾ ਕਰ ਕੇ ਅਸੀਂ ਭਰਮ ਪਾਲ ਰਹੇ ਹਾਂ ਕਿ ਅਸੀਂ ਤੰਦਰੁਸਤ ਹੋ ਜਾਵਾਂਗੇ। ਇਹ ਹਕੀਕਤ ਤੋਂ ਅੱਖਾਂ ਮੀਟਣ ਵਾਂਗ ਹੈ। ਮਿਸਾਲ ਵਜੋਂ ਪਾਣੀ ਦੀ ਗ਼ਲਤ ਵਰਤੋਂ ਅਤੇ ਪ੍ਰਦੂਸ਼ਣ ਦੇ ਵਾਧੇ ਕਾਰਨ ਪਾਣੀ ਹੁਣ ਸਾਫ਼ ਨਹੀਂ ਰਿਹਾ। ਅਸੀਂ ਜ਼ਹਿਰਾਂ ਵਾਲਾ ਪਾਣੀ ਫਿਲਟਰਾਂ ਨਾਲ ਸਾਫ਼ ਕਰ ਕੇ ਪੀ ਰਹੇ ਪਰ ਅਸੀਂ ਇਹ ਕਦੀ ਨਹੀਂ ਵਿਚਾਰਿਆ ਕਿ ਇਹ ਪਾਣੀ ਪਲੀਤ ਕਿਵੇਂ ਅਤੇ ਕਿਉਂ ਹੋ ਗਿਆ? ਇਸ ਦੀ ਪਵਿੱਤਰਤਾ ਬਰਕਰਾਰ ਰੱਖਣ ਲਈ ਸਾਨੂੰ ਕੁਝ ਕਰਨ ਦੀ ਲੋੜ ਸੀ ਪਰ ਇਸ ਦੇ ਉਲਟ ਜਦੋਂ ਅਸੀਂ ਪਾਣੀ ਨੂੰ ਸਾਫ਼ ਕਰ ਕੇ ਪੀਣ ਲਈ ਮਜਬੂਰ ਹੁੰਦੇ ਹਾਂ ਤਾਂ ਇਸ ਦਾ ਅਰਥ ਬੜਾ ਖ਼ਤਰਨਾਕ ਹੈ। ਪਾਣੀ ਸਾਫ਼ ਕਰਨ ਦਾ ਅਰਥ ਹੈ, ਹੋਰ ਵੱਧ ਮਾਤਰਾ ਵਿੱਚ ਪਾਣੀ ਅਤੇ ਊਰਜਾ ਦੀ ਬਰਬਾਦੀ। ਇਸੇ ਤਰ੍ਹਾਂ ਅਸੀਂ ਹਵਾ ਨਾਲ ਕਰਾਂਗੇ। ਹਵਾ ਨੂੰ ਗੰਦਾ ਕਰਨ ਵਾਲੇ ਸਰੋਤਾਂ ਨੂੰ ਰੋਕਣ ਦੀ ਬਜਾਇ ਕਮਰਿਆਂ ਵਿੱਚ ਹਵਾ ਸਾਫ ਕਰਨ ਵਾਲੇ ਯੰਤਰ ਸਾਨੂੰ ਵੇਚੇ ਜਾਣਗੇ ਜਿਨ੍ਹਾਂ ਨੂੰ ਚਲਾਉਣ ਲਈ ਹੋਰ ਊਰਜਾ ਖਪਤ ਹੋਵੇਗੀ ਅਤੇ ਪ੍ਰਦੂਸ਼ਣ ਵਧੇਗਾ। ਇਵੇਂ ਹੀ ਅਸੀਂ ਜ਼ਹਿਰੀਲੇ ਰਸਾਇਣਾਂ ਨਾਲ ਮਿੱਟੀ ਦੀ ਸਿਹਤ ਗੁਆ ਲਈ ਹੈ। ਬੇਲੋੜੀਆਂ ਵਸਤਾਂ ਦੀ ਹਵਸ ਵਿੱਚ ਬੇਲੋੜੇ ਕਾਰਖਾਨੇ ਫੈਕਟਰੀਆਂ ਵਾਧੂ ਵਸਤਾਂ ਪੈਦਾ ਕਰ ਕੇ ਵਾਤਾਵਾਰਨ ਦਾ ਘਾਣ ਕਰ ਰਹੇ ਹਨ। ਇਨ੍ਹਾਂ ਤੋਂ ਪੈਦਾ ਹੋਏ ਵਿਗਾੜਾਂ ਨੂੰ ਸਮਝਣ ਦੀ ਬਜਾਇ ਅਸੀਂ ਹੋਰ ਵਿਗਾੜ ਪੈਦਾ ਕਰਨ ਵਾਲੀਆਂ ਵਸਤਾਂ ਵਰਤੋਂ ਵਿੱਚ ਲਿਆ ਕੇ ਖ਼ੁਦ ਨੂੰ ਠੀਕ ਰੱਖਣ ਦੇ ਭੁਲੇਖੇ ਸਿਰਜ ਰਹੇ ਹਾਂ।

ਮਨੁੱਖ ਦੀ ਵੱਡੀ ਤਰਾਸਦੀ ਇਹ ਹੈ ਕਿ ਅਸੀਂ ਆਪਣੇ ਵਿਸ਼ਵਾਸਾਂ, ਧਰਮਾਂ ਆਦਿ ਖ਼ਾਤਰ ਮਰਨ ਲਈ ਤਾਂ ਇਕੱਠੇ ਹੋ ਸਕਦੇ ਹਾਂ ਪਰ ਜਿਊਣ (ਸਿਹਤ) ਲਈ ਇੱਕ ਮਤ ਨਹੀਂ ਹੋ ਰਹੇ; ਇੱਥੋਂ ਤੱਕ ਕਿ ਆਲਮੀ ਤਪਸ਼ ਬਾਰੇ ਕੁਝ ਦੇਸ਼ਾਂ ਦੀ ਸੁਰ ਵੱਖਰੀ ਹੁੰਦੀ ਹੈ। ਵਿਕਸਤ ਦੇਸ਼ ਸਭ ਤੋਂ ਵੱਧ ਪ੍ਰਦੂਸ਼ਣ ਪੈਦਾ ਕਰ ਰਹੇ ਹਨ; ਇਸ ਦਾ ਖਮਿਆਜ਼ਾ ਗਰੀਬ ਦੇਸ਼ਾਂ ਦੇ ਲੋਕਾਂ ਨੂੰ ਭੁਗਤਣਾ ਪੈਂਦਾ ਹੈ। ਅੱਜ ਲੋਕਾਂ ਨੂੰ ਇਹ ਸਮਝਣ ਦੀ ਲੋੜ ਹੈ ਕਿ ਨਿੱਕੀ ਜਿਹੀ ਚੀਜ਼ ਦੀ ਖਰੀਦ ਨਾਲ ਵੀ ਵਾਤਾਵਰਨ ਦਾ ਕੁਝ ਹਿੱਸਾ ਬਰਬਾਦ ਹੁੰਦਾ ਹੈ, ਇਸ ਲਈ ਸਾਨੂੰ ਵਸਤਾਂ ਦੀ ਰੀਸਾਈਕਲਿੰਗ ਵੱਲ ਧਿਆਨ ਦੇਣ ਦੀ ਲੋੜ ਹੈ। ਵਾਧੂ ਬੇਲੋੜੀਆਂ ਵਸਤਾਂ ਦੀ ਥਾਂ ਕੁਦਰਤੀ ਵਿਹਾਰ ਅਪਣਾਉਣ ਦੀ ਲੋੜ ਹੈ। ਦੁਨੀਆ ਭਰ ਦੀਆਂ ਸਰਕਾਰਾਂ ਸੂਰਜੀ ਊਰਜਾ ਲਈ ਵੱਡੇ ਪ੍ਰੋਗਰਾਮ ਬਣਾਉਣ। ਹਵਾ ਤੋਂ ਊਰਜਾ ਹਾਸਲ ਕੀਤੀ ਜਾਵੇ। ਮਾਰੂਥਲਾਂ ਵਿੱਚ ਸਿਲੀਕੋਨ ਸੀਟਾਂ ਤੋਂ ਬਿਜਲੀ ਬਣਾ ਕੇ ਊਰਜਾ ਲੋੜਾਂ ਪੂਰੀਆਂ ਕੀਤੀਆਂ ਜਾਣ। ਅਸੀਂ ਆਪਣੇ ਘਰ ਨੂੰ ਤਾਂ ਘਰ ਸਮਝ ਲਿਆ ਪਰ ਹੁਣ ਲੋੜ ਹੈ- ਦੁਨੀਆ ਦਾ ਹਰ ਮਨੁੱਖ ਇਸ ਧਰਤੀ ਨੂੰ ਆਪਣਾ ਘਰ ਸਮਝੇ। ਇਸ ਸੰਕਲਪ ਨੂੰ ਅੱਗੇ ਵਧਾਉਣਾ ਪਵੇਗਾ। ਮਨੁੱਖਤਾ ਬਚਾਉਣ ਲਈ ਨਹੀਂ ਬਲਕਿ ਕੁਦਰਤ ਦੇ ਪਸਾਰੇ ਵਿੱਚ ਸਾਡੇ ਆਲੇ-ਦੁਆਲੇ ਰਹਿੰਦੇ ਹੋਰ ਜੀਵਾਂ ਨੂੰ ਵੀ ਇਸ ਧਰਤੀ 'ਤੇ ਰਹਿਣ ਦਾ ਪੂਰਾ ਹੱਕ ਹੈ। ਦੁਨੀਆ ਭਰ ਦੇ ਮਹਾਨ ਪੁਰਸ਼, ਦਾਰਸ਼ਨਿਕ, ਵਿਦਵਾਨ, ਲੇਖਕ ਇਸੇ ਦੁਨੀਆ ਨੂੰ ਹੋਰ ਚੰਗਾ ਬਣਾਉਣ ਲਈ ਯਤਨਸ਼ੀਲ ਰਹੇ ਹਨ। ਹੁਣ ਵਕਤ ਆ ਗਿਆ ਹੈ ਕਿ ਅਸੀਂ ਆਪਣੇ ਆਪ ਨੂੰ ਇਸ ਧਰਤੀ ਨੂੰ ਚੰਗਾ ਬਣਾਉਣ ਲਈ ਯਤਨਸ਼ੀਲ ਹੋਈਏ।

# ਖਾਲਸਾ ਸਾਜਨਾ ਦਿਵਸ ਅਤੇ ਵਿਸਾਖੀ
## ਆਪ ਸਭ ਨੂੰ ਲੱਖ ਲੱਖ ਵਧਾਈਆਂ

**SUPER VISA INSURANCE**

IF YOU ARE NOT GETTING INSURANCE CALL ME ONCE FOR NON-MEDICAL INSURANCE
YOUR INSURANCE EXPERT



# JASVIR GREWAL
**778-317-6262**
jasvirgrewal0596@gmail.com

## ਸੁਪਰ ਵੀਜ਼ਾ ਵਿਜ਼ਟਰ ਇੰਸ਼ੋਰੈਂਸ

- ਲਇਫ਼ ਇੰਸ਼ੋਰੈਂਸ
- ਡੈਂਟਲ ਐਂਡ ਮੈਡੀਕਲ ਇੰਸ਼ੋਰੈਂਸ
- ਡਿਸੇਬਿਲਟੀ ਇੰਸ਼ੋਰੈਂਸ
- ਨੋਨ ਮੈਡੀਕਲ ਇੰਸ਼ੋਰੈਂਸ
- ਮੋਰਟਗੇਜ ਇੰਸ਼ੋਰੈਂਸ
- ਟ੍ਰੈਵਲ ਇੰਸ਼ੋਰੈਂਸ
- ਮਨੀ ਬੈਕ ਟਰਮ ਇੰਸ਼ੋਰੈਂਸ
- ਵਿਜ਼ਟਰ ਇੰਸ਼ੋਰੈਂਸ

ਅਸੀਂ ਘਰਾਂ ਅਤੇ ਕਾਰਾਂ ਦੀ ਇੰਸ਼ੋਰੈਂਸ ਵੀ ਕਰਦੇ ਹਾਂ।

**IF SURERVISA DENIED, 100% MONEY BACK GUARANTEE.**
*CONDITION APPLY

**LOWEST RATES & BETTER COVERAGE**
INTRODUCING GUARANTEED PLANS PAYABLE IN 10-15-20 YEARS

# ਓਸ਼ਨ ਵਿਊ ਫਿਸ਼ ਕੈਨਰੀ

# OCEAN VIEW FISH CANARY

## ਤੁਹਾਡੀ ਸਹੂਲਤ ਲਈ ਸਰੀ 'ਚ ਨਵਾਂ ਦਫ਼ਤਰ ਖੋਲ੍ਹ ਦਿੱਤਾ ਹੈ।

**408-8318-120 ਸਟਰੀਟ ਸਰੀ ਬੀ.ਸੀ.**

**ਫੋਨ : 604-594-0616, ਫੈਕਸ : 604 594 0611**

ਫਿਸ਼ ਕੈਨਰੀ ਵਿੱਚ ਕੰਮ ਕਰਨ ਲਈ
**ਲੜਕੇ ਅਤੇ ਲੜਕੀਆਂ ਦੀ ਸਖ਼ਤ ਜ਼ਰੂਰਤ ਹੈ।**

ਅੱਜ ਹੀ ਫੋਨ ਕਰੋ ਅਤੇ ਕੰਮ 'ਤੇ ਆ ਜਾਓ। ਕੰਮ ਲਗਾਤਾਰ ਦੋ ਸ਼ਿਫ਼ਟਾਂ ਵਿੱਚ ਚੱਲ ਰਿਹਾ ਹੈ।

ਰਾਈਡ ਦਾ ਪੂਰਾ ਪੂਰਾ ਪ੍ਰਬੰਧ ਹੈ।
ਯੋਗ ਸਟੂਡੈਂਟ ਵੀ ਸੰਪਰਕ ਸਕਦੇ ਹਨ।
ਚੰਗੀ ਤਨਖਾਹ ਤੇ ਘਰ ਵਰਗਾ ਮਾਹੌਲ
ਕੰਮ ਤੇ ਹੁਣੇ ਲੱਗਣ ਲਈ ਫੋਨ ਕਰੋ।



**ਸੰਪਰਕ ਕਰੋ : 604-594-0616**

# ਬਸੰਤ ਰੁੱਤ ਦੀ ਹੋਂਦ ਕਿਵੇਂ ਬਚਾਈ ਜਾਵੇ



ਡਾ. ਗੁਰਿੰਦਰ ਕੌਰ

ਅਮਰੀਕੀ ਸੰਸਥਾ 'ਕਲਾਈਮੇਟ ਸੈਂਟਰਲ' ਨੇ ਧਰਤੀ ਦੇ ਔਸਤ ਤਾਪਮਾਨ ਦੇ ਵਾਧੇ ਕਾਰਨ ਭਾਰਤ ਦੀਆਂ ਰੁੱਤਾਂ ਦੇ ਸਾਲਾਨਾ ਚੱਕਰ ਉੱਤੇ ਪੈ ਰਹੇ ਪ੍ਰਭਾਵਾਂ ਬਾਰੇ ਰਿਪੋਰਟ ਰਿਲੀਜ਼ ਕੀਤੀ ਹੈ। ਇਹ ਰਿਪੋਰਟ ਭਾਰਤ ਦੇ ਸਾਰੇ ਰਾਜਾਂ ਅਤੇ ਕੇਂਦਰੀ ਸ਼ਾਸਿਤ ਰਾਜਾਂ ਦੇ 1970 ਤੋਂ ਹੁਣ ਤੱਕ ਦੇ ਹਰ ਮਹੀਨੇ ਦੇ ਔਸਤ ਤਾਪਮਾਨ ਦੇ ਅੰਕੜਿਆਂ ਉੱਤੇ ਆਧਾਰਿਤ ਹੈ। ਇਸ ਰਿਪੋਰਟ ਵਿੱਚ 12 ਮਹੀਨਿਆਂ ਨੂੰ ਚਾਰ ਰੁੱਤਾਂ (ਸਰਦੀ, ਬਸੰਤ, ਗਰਮੀ, ਪੱਤਝੜ) ਵਿੱਚ ਵੰਡਿਆ ਗਿਆ ਹੈ। ਦਸੰਬਰ, ਜਨਵਰੀ, ਅਤੇ ਫਰਵਰੀ ਦੇ ਮਹੀਨਿਆਂ ਨੂੰ ਸਰਦੀ ਦੀ ਰੁੱਤ ਵਿੱਚ ਸ਼ਾਮਲ ਕੀਤਾ ਗਿਆ ਹੈ। ਕਲਾਈਮੇਟ ਸੈਂਟਰਲ ਦੀ ਇਸ ਰਿਪੋਰਟ ਨੇ ਧਰਤੀ ਦੇ ਔਸਤ ਤਾਪਮਾਨ ਦੇ ਵਾਧੇ ਦੇ ਕਾਰਨ ਭਾਰਤ ਉੱਤੇ ਪੈ ਰਹੇ ਪ੍ਰਭਾਵਾਂ ਬਾਰੇ ਚਿੰਤਾਜਨਕ ਤੱਥ ਪੇਸ਼ ਕੀਤੇ ਹਨ। ਇਸ ਰਿਪੋਰਟ ਅਨੁਸਾਰ ਭਾਰਤ ਦੇ ਸਾਰੇ ਰਾਜਾਂ ਅਤੇ ਕੇਂਦਰੀ ਸ਼ਾਸਿਤ ਰਾਜਾਂ ਵਿੱਚ ਬਸੰਤ ਰੁੱਤ ਦਾ ਸਮਾਂ ਧਰਤੀ ਦੇ ਔਸਤ ਤਾਪਮਾਨ ਵਿੱਚ ਵਾਧੇ ਕਾਰਨ ਹੌਲੀ-ਹੌਲੀ ਘਟ ਰਿਹਾ ਹੈ। ਰਾਜਾਂ ਅਤੇ ਕੇਂਦਰੀ ਸ਼ਾਸਿਤ ਰਾਜਾਂ ਵਿੱਚ ਭਾਵੇਂ ਸਰਦੀਆਂ ਦੀ ਰੁੱਤ ਵਿੱਚ ਠੰਢ ਘਟ ਰਹੀ ਹੈ ਅਤੇ ਤਾਪਮਾਨ ਵਿੱਚ ਵਾਧਾ ਹੋ ਰਿਹਾ ਹੈ ਪਰ ਵੱਖ-ਵੱਖ ਖੇਤਰਾਂ ਵਿੱਚ ਤਾਪਮਾਨ ਦੇ ਵਾਧੇ ਦੀ ਦਰ ਸਰਦੀਆਂ ਦੇ ਹਰ ਮਹੀਨੇ ਵਿੱਚ ਵੱਖੋ-ਵੱਖਰੀ ਹੈ। ਕਲਾਈਮੇਟ ਸੈਂਟਰਲ ਦੀ ਇਸ ਰਿਪੋਰਟ ਅਨੁਸਾਰ ਪਿਛਲੇ ਪੰਜ ਦਹਾਕਿਆਂ ਵਿੱਚ ਸਰਦੀ ਦੀ ਰੁੱਤ ਵਿੱਚ ਮਨੀਪੁਰ ਵਿੱਚ ਤਾਪਮਾਨ ਵਿੱਚ 2.3 ਡਿਗਰੀ ਸੈਲਸੀਅਸ ਦਾ ਵਾਧਾ ਰਿਕਾਰਡ ਕੀਤਾ ਜੋ ਮੁਲਕ ਦੇ ਸਭ ਰਾਜਾਂ ਦੇ ਤਾਪਮਾਨ ਤੋਂ ਵੱਧ ਹੈ; ਤਾਪਮਾਨ ਵਿੱਚ ਸਭ ਤੋਂ ਘੱਟ ਵਾਧਾ ਦਿੱਲੀ ਵਿੱਚ ਹੋਇਆ ਹੈ ਜੋ ਸਿਰਫ਼ 0.23 ਡਿਗਰੀ ਸੈਲਸੀਅਸ ਹੈ।

ਸਰਦੀਆਂ ਦੀ ਰੁੱਤ ਦੇ ਮਹੀਨਿਆਂ ਵਿੱਚ 2023 ਵਿੱਚ ਭਾਰਤ ਦੇ ਵੱਖ-ਵੱਖ ਰਾਜਾਂ ਦੇ ਤਾਪਮਾਨ ਵਿੱਚ ਮਹੱਤਵਪੂਰਨ ਅੰਤਰ ਦੇਖਣ ਨੂੰ ਮਿਲਿਆ ਹੈ। ਦੱਖਣੀ ਰਾਜਾਂ ਵਿੱਚ ਦਸੰਬਰ ਅਤੇ ਜਨਵਰੀ ਦੇ ਮਹੀਨਿਆਂ ਵਿੱਚ ਤਾਪਮਾਨ ਔਸਤ ਨਾਲੋਂ ਉੱਚਾ ਰਿਹਾ ਹੈ ਅਤੇ ਉੱਤਰੀ ਰਾਜਾਂ ਵਿੱਚ ਦਸੰਬਰ ਤੇ ਜਨਵਰੀ ਵਿੱਚ ਔਸਤ ਨਾਲੋਂ ਘੱਟ ਤਾਪਮਾਨ ਰਿਕਾਰਡ ਕੀਤਾ ਗਿਆ ਹੈ। ਦਿੱਲੀ ਵਿੱਚ (ਦਸੰਬਰ ਵਿੱਚ -0.2, ਜਨਵਰੀ -0.8 ਡਿਗਰੀ ਸੈਲਸੀਅਸ), ਲੱਦਾਖ ਵਿੱਚ (ਦਸੰਬਰ ਵਿੱਚ 0.1 ਡਿਗਰੀ ਸੈਲਸੀਅਸ) ਅਤੇ ਉੱਤਰ ਪ੍ਰਦੇਸ਼ ਵਿੱਚ (ਜਨਵਰੀ ਵਿੱਚ -0.8 ਡਿਗਰੀ ਸੈਲਸੀਅਸ) ਘੱਟ ਸੀ। ਜਨਵਰੀ ਤੋਂ ਬਾਅਦ ਫਰਵਰੀ ਵਿੱਚ ਤਾਪਮਾਨ ਇਕਦਮ ਵਧਣਾ ਸ਼ੁਰੂ ਹੋ ਗਿਆ।

ਫਰਵਰੀ ਵਿੱਚ ਤਾਪਮਾਨ ਵਿੱਚ ਸਭ ਤੋਂ ਵੱਧ ਵਾਧਾ (2.6 ਡਿਗਰੀ ਸੈਲਸੀਅਸ) ਰਾਜਸਥਾਨ ਵਿੱਚ ਰਿਕਾਰਡ ਕੀਤਾ ਗਿਆ। ਪੰਜਾਬ, ਹਰਿਆਣਾ, ਦਿੱਲੀ, ਉੱਤਰ ਪ੍ਰਦੇਸ਼, ਹਿਮਾਚਲ ਪ੍ਰਦੇਸ਼, ਉੱਤਰਾਖੰਡ, ਲੱਦਾਖ ਅਤੇ ਜੰਮੂ ਕਸ਼ਮੀਰ ਵਿੱਚ 2 ਡਿਗਰੀ ਸੈਲਸੀਅਸ ਦਾ ਵਾਧਾ ਰਿਕਾਰਡ ਕੀਤਾ ਗਿਆ। ਪਿਛਲੇ ਦੋ ਦਹਾਕਿਆਂ ਤੋਂ ਤਾਪਮਾਨ ਵਿੱਚ ਇਕਦਮ ਵਾਧਾ ਹੋਣ ਕਾਰਨ ਫਰਵਰੀ ਦੇ ਮਹੀਨੇ ਵਿੱਚ ਮਾਰਚ ਮਹੀਨੇ ਦੇ ਮੱਧ ਵਰਗੀ ਗਰਮੀ ਹੋਣ ਲੱਗ ਪਈ ਹੈ। ਇਸ ਵਰਤਾਰੇ ਦੇ ਨਤੀਜੇ ਵਜੋਂ ਬਸੰਤ ਦੀ ਰੁੱਤ ਦਾ ਸਮਾਂ ਘਟ ਰਿਹਾ ਹੈ। ਬਸੰਤ ਰੁੱਤ ਵਿੱਚ ਆਮ ਤੌਰ ਉੱਤੇ ਤਾਪਮਾਨ ਸਾਵਾਂ ਰਹਿੰਦਾ ਹੁੰਦਾ ਸੀ ਜਿਸ ਨਾਲ ਬਨਸਪਤੀ ਹੌਲੀ-ਹੌਲੀ ਮੌਲਦੀ ਸੀ ਅਤੇ ਚਾਰ-ਚੁਫੇਰੇ ਨੂੰ ਰੰਗ-ਬਿਰੰਗੇ ਫੁੱਲਾਂ ਅਤੇ ਹਰਿਆਵਲ ਨਾਲ ਭਰ ਦਿੰਦੀ ਸੀ। ਬਸੰਤ ਰੁੱਤ ਦਾ ਸਮਾਂ ਘਟਣ ਨਾਲ ਇੱਕ ਪਾਸੇ ਤਾਪਮਾਨ ਵਿੱਚ ਤੇਜ਼ੀ ਨਾਲ ਵਾਧਾ ਹੋਣ ਲੱਗ ਪਿਆ ਹੈ; ਦੂਜੇ ਪਾਸੇ ਬਨਸਪਤੀ ਤੇ ਫਸਲਾਂ ਨੂੰ ਵਧਣ-ਫੁੱਲਣ ਲਈ ਪੂਰਾ ਸਮਾਂ ਨਾ ਮਿਲਣ ਕਰ ਕੇ ਹਰ ਤਰ੍ਹਾਂ ਦੇ ਖਾਧ ਪਦਾਰਥਾਂ- ਫਲਾਂ ਤੋਂ ਲੈ ਕੇ ਅਨਾਜ ਪਦਾਰਥਾਂ ਵਿੱਚ ਭਾਰੀ ਕਮੀ ਆ ਸਕਦੀ ਹੈ। ਇੰਟਰਗਵਰਨਮੈਂਟਲ ਪੈਨਲ ਆਨ ਕਲਾਈਮੇਟ ਚੇਂਜ ਦੀ 6ਵੀਂ ਰਿਪੋਰਟ ਦੀ ਦੂਜੀ ਕਿਸ਼ਤ ਅਨੁਸਾਰ ਧਰਤੀ ਦੇ ਔਸਤ ਤਾਪਮਾਨ ਵਿੱਚ ਇੱਕ ਤੋਂ ਚਾਰ ਡਿਗਰੀ ਦੇ ਵਾਧੇ ਨਾਲ ਦੱਖਣੀ ਏਸ਼ੀਆ ਦੇ ਮੁਲਕਾਂ ਵਿੱਚ ਮੱਕੀ ਦੇ ਉਤਪਾਦਨ ਵਿੱਚ 25 ਤੋਂ 70 ਫ਼ੀਸਦ ਅਤੇ ਚੌਲਾਂ ਦੇ ਉਤਪਾਦਨ ਵਿੱਚ 10 ਤੋਂ 30 ਫ਼ੀਸਦ ਕਮੀ ਆ ਸਕਦੀ ਹੈ।

ਬਸੰਤ ਰੁੱਤ ਦਾ ਸਮਾਂ ਇਕੱਲੇ ਭਾਰਤ ਵਿੱਚ ਹੀ ਨਹੀਂ ਘਟ ਰਿਹਾ। ਬਸੰਤ ਰੁੱਤ ਦੇ ਆਉਣ ਦੇ ਸਮੇਂ ਅਤੇ ਮਿਆਦ ਉੱਤੇ ਅਸਰ ਦੁਨੀਆ ਦੇ ਬਾਕੀ ਮੁਲਕਾਂ ਉੱਤੇ ਵੀ ਪੈ ਰਿਹਾ। ਜਾਪਾਨ ਵਿੱਚ ਬਸੰਤ ਦੀ ਰੁੱਤ ਦਾ ਉੱਥੋਂ ਦੇ ਲੋਕ ਕਾਫ਼ੀ ਬੇਸਬਰੀ ਨਾਲ ਇੰਤਜ਼ਾਰ ਕਰਦੇ ਹਨ ਕਿਉਂਕਿ ਉਹ ਇਸ ਨੂੰ ਚੈਰੀ ਦੇ ਦਰਖ਼ਤਾਂ ਉੱਤੇ ਫੁੱਲ ਪੈਣ ਨਾਲ ਜੋੜ ਕੇ ਦੇਖਦੇ ਹਨ। ਚੈਰੀ ਦੇ ਦਰਖ਼ਤਾਂ ਨੂੰ ਗੁਲਾਬੀ ਰੰਗ ਦੇ ਫੁੱਲ ਲੱਗਦੇ ਹਨ ਜੋ ਦੇਖਣ ਵਿੱਚ ਬਹੁਤ ਸੋਹਣੇ ਹੁੰਦੇ ਹਨ। ਇਸ ਰੁੱਤ ਨੂੰ 'ਚੈਰੀ ਬਲੌਸਮ' ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ। ਇਨ੍ਹਾਂ ਫੁੱਲਾਂ ਨਾਲ ਭਰੇ ਦਰਖ਼ਤਾਂ ਨੂੰ ਦੇਖਣ ਲਈ ਲੋਕ ਦੂਜੇ ਮੁਲਕਾਂ ਤੋਂ ਵੀ ਜਾਪਾਨ ਆਉਂਦੇ ਹਨ। ਇਸ ਲਈ ਜਾਪਾਨ ਸਰਕਾਰ ਇਨ੍ਹਾਂ ਦਰਖ਼ਤਾਂ ਦੇ ਫੁੱਲ ਖਿੜਨ ਦੀਆਂ ਤਾਰੀਖਾਂ ਦਾ ਖ਼ਾਸ ਤੌਰ ਉੱਤੇ ਖ਼ਿਆਲ ਰੱਖਦੀ ਹੈ। ਜਾਪਾਨ ਮੌਸਮ ਵਿਗਿਆਨ ਦੇ ਇੱਕ ਅਧਿਕਾਰੀ ਅਨੁਸਾਰ 1953 ਤੋਂ ਲੈ ਕੇ ਹੁਣ ਤੱਕ ਚੈਰੀ ਦੇ ਫੁੱਲ ਖਿੜਨ ਦੀ ਔਸਤ ਮਿਤੀ ਪ੍ਰਤੀ ਦਹਾਕੇ 1.2 ਦਿਨ ਨਿਸ਼ਚਤ ਸਮੇਂ ਤੋਂ ਪਹਿਲਾਂ ਆ ਰਹੀ ਹੈ। ਇਸੇ ਤਰ੍ਹਾਂ ਦਾ ਵਰਤਾਰਾ ਜਾਪਾਨ ਤੋਂ ਹਜ਼ਾਰਾਂ ਮੀਲ ਦੂਰ ਅਮਰੀਕਾ ਦੇ ਵਾਸ਼ਿੰਗਟਨ ਡੀਸੀ ਵਿੱਚ ਵੀ ਦੇਖਣ ਨੂੰ ਮਿਲ ਰਿਹਾ ਹੈ। ਵਾਸ਼ਿੰਗਟਨ ਡੀਸੀ ਵਿੱਚ ਚੈਰੀ ਬਲੌਸਮ ਦੇ ਆਉਣ ਵਿੱਚ ਤੇਜ਼ੀ ਨਾਲ ਤਬਦੀਲੀ ਆ ਰਹੀ। ਪਾਰਕ ਸਰਵਿਸ ਏਜੰਸੀ ਅਨੁਸਾਰ ਪਿਛਲੀ ਇੱਕ ਸਦੀ ਵਿੱਚ (1921 ਤੋਂ ਲੈ ਕੇ ਹੁਣ ਤੱਕ ਦੇ ਅਰਸ਼ੇ ਵਿੱਚ) ਵਾਸ਼ਿੰਗਟਨ ਡੀਸੀ ਵਿੱਚ ਚੈਰੀ ਬਲੌਸਮ ਲਗਭਗ ਹਫ਼ਤਾ ਪਹਿਲਾਂ ਆਉਣ ਲੱਗ ਪਈ। ਇਸ ਤਰ੍ਹਾਂ ਜਾਪਾਨ ਅਤੇ ਅਮਰੀਕਾ ਵਿੱਚ ਸਰਦੀ ਦੀ ਰੁੱਤ ਦਾ ਸਮਾਂ ਘਟਣ ਅਤੇ ਤਾਪਮਾਨ ਵਿੱਚ ਵਾਧੇ ਕਾਰਨ ਚੈਰੀ ਦੇ ਫੁੱਲ ਸਮੇਂ ਤੋਂ ਪਹਿਲਾਂ ਖਿੜਨੇ ਸ਼ੁਰੂ ਹੋ ਜਾਂਦੇ ਹਨ। ਧਰਤੀ ਦੇ ਔਸਤ ਤਾਪਮਾਨ ਦੇ ਵਾਧੇ ਦੇ ਪ੍ਰਭਾਵ ਬਹੁਤ ਗੁੰਝਲਦਾਰ ਹਨ। ਇਸ ਦੇ ਪ੍ਰਭਾਵ ਲੜੀਵਾਰ ਪੈਂਦੇ ਹਨ। ਤਾਪਮਾਨ ਦੇ ਵਾਧੇ ਨਾਲ ਇਕੱਲੀ ਬਸੰਤ ਰੁੱਤ ਹੀ ਛੋਟੀ ਨਹੀਂ ਹੋ ਰਹੀ ਸਗੋਂ ਇਸ ਨਾਲ ਗਰਮੀ, ਸਰਦੀ ਅਤੇ ਪਤੱਝੜ ਦੀਆਂ ਰੁੱਤਾਂ ਉੱਤੇ ਵੀ ਅਸਰ ਪੈ ਰਿਹਾ ਹੈ। ਉਦਯੋਗਿਕ ਇਨਕਲਾਬ ਦੇ ਸਮੇਂ ਦੇ ਪਹਿਲਾਂ ਦੇ ਸਮੇਂ ਤੋਂ 2023 ਤੱਕ ਧਰਤੀ ਦਾ ਔਸਤ 1.3 ਡਿਗਰੀ ਸੈਲਸੀਅਸ ਤੱਕ ਵੱਧ ਚੁੱਕਿਆ ਹੈ। 2023 ਦਾ ਸਾਲ ਤਾਪਮਾਨ ਦੇ ਵਾਧੇ ਦੇ ਪਿਛਲੇ ਸਾਰੇ ਰਿਕਾਰਡ ਤੋੜਦੇ ਹੋਏ ਦੁਨੀਆ ਦਾ ਹੁਣ ਤੱਕ ਦਾ ਸਭ ਤੋਂ ਗਰਮ ਸਾਲ ਬਣ ਗਿਆ ਹੈ। ਯੂਰੋਪ ਦੀ 'ਕੋਪਰਨਿਕਸ ਕਲਾਈਮੇਟ ਚੇਂਜ' ਸੰਸਥਾ ਅਨੁਸਾਰ 2023 ਵਿੱਚ ਧਰਤੀ ਦਾ ਔਸਤ ਤਾਪਮਾਨ 1.48 ਡਿਗਰੀ ਸੈਲਸੀਅਸ ਵੱਧ ਰਿਕਾਰਡ ਕੀਤਾ ਗਿਆ ਸੀ। 2023 ਦੇ ਜੁਲਾਈ ਮਹੀਨੇ ਤੋਂ ਲੈ ਕੇ 2024 ਦੇ ਫਰਵਰੀ ਮਹੀਨੇ ਤੱਕ ਲਗਾਤਾਰ 9 ਮਹੀਨੇ ਧਰਤੀ ਦੇ ਔਸਤ ਤਾਪਮਾਨ ਵਿੱਚ ਹਰ ਮਹੀਨੇ ਵਾਧਾ ਰਿਕਾਰਡ ਕੀਤਾ ਗਿਆ ਹੈ। ਫਰਵਰੀ 2024 ਵਿੱਚ ਧਰਤੀ ਦਾ ਔਸਤ ਤਾਪਮਾਨ 13.54 ਡਿਗਰੀ ਸੈਲਸੀਅਸ ਰਿਕਾਰਡ ਕੀਤਾ ਗਿਆ ਜੋ ਉਦਯੋਗਿਕ ਇਨਕਲਾਬ ਦੇ ਸਮੇਂ ਤੋਂ ਪਹਿਲਾਂ ਦੇ ਫਰਵਰੀ ਦੇ ਔਸਤ ਤਾਪਮਾਨ ਤੋਂ 1.77 ਡਿਗਰੀ ਸੈਲਸੀਅਸ ਵੱਧ ਹੈ। ਇੱਥੇ ਇਹ ਜਾਣ ਲੈਣਾ ਜ਼ਰੂਰੀ ਹੈ ਕਿ 2023 ਵਿੱਚ ਹਰ ਇੱਕ ਦਿਨ ਤਾਪਮਾਨ ਉਦਯੋਗਿਕ ਇਨਕਲਾਬ ਦੇ ਸਮੇਂ ਤੋਂ ਪਹਿਲਾਂ ਦੇ ਸਮੇਂ ਨਾਲੋਂ 1 ਡਿਗਰੀ ਸੈਲਸੀਅਸ ਜਾਂ ਇਸ ਤੋਂ ਵੱਧ ਅਤੇ ਲਗਭਗ ਅੱਧਾ ਸਾਲ (50 ਫ਼ੀਸਦ ਦਿਨਾਂ ਵਿੱਚ) ਤਾਪਮਾਨ 1.5 ਡਿਗਰੀ ਸੈਲਸੀਅਸ ਤੋਂ ਉੱਤੇ ਰਿਕਾਰਡ ਕੀਤਾ ਗਿਆ।

ਧਰਤੀ ਦੇ ਔਸਤ ਤਾਪਮਾਨ ਦੇ ਵਾਧੇ ਦੇ ਨਾਲ ਨਾਲ 2023 ਵਿੱਚ ਦੁਨੀਆ ਦੇ ਸਾਰੇ ਸਮੁੰਦਰਾਂ ਦੇ ਔਸਤ ਤਾਪਮਾਨ ਵਿੱਚ ਵੀ ਵਾਧਾ ਦਰਜ ਕੀਤਾ ਗਿਆ ਹੈ। ਕੋਪਰਨਿਕਸ ਕਲਾਈਮੇਟ ਚੇਂਜ ਸਰਵਿਸ ਦੇ ਅੰਕੜਿਆਂ ਅਨੁਸਾਰ 25 ਮਾਰਚ 2023 ਤੋਂ ਲੈ ਕੇ 25 ਮਾਰਚ 2024 ਤੱਕ ਦੇ ਇੱਕ ਸਾਲ ਦੇ ਅਰਸੇ ਵਿੱਚ ਸਮੁੰਦਰੀ ਸਤਹ ਦੇ ਪਾਣੀ ਦਾ ਤਾਪਮਾਨ ਇੱਕ ਦਿਨ (3 ਮਈ 2023) ਨੂੰ ਛੱਡ ਕੇ ਸਾਲ ਦੇ ਸਾਰੇ ਦਿਨਾਂ ਵਿੱਚ ਹੋਰ ਸਾਲਾਂ ਦੇ ਉਸੇ ਦਿਨ ਦੇ ਤਾਪਮਾਨ ਤੋਂ ਜ਼ਿਆਦਾ ਰਿਹਾ ਹੈ ਜੋ ਬਹੁਤ ਚਿੰਤਾਜਨਕ ਭਵਿੱਖ ਵੱਲ ਇਸ਼ਾਰਾ ਕਰਦਾ ਹੈ। ਸਮੁੰਦਰਾਂ ਦਾ ਪਾਣੀ ਪਹਿਲਾਂ ਵਾਤਾਵਰਨ ਵਿਚਲੀ 90 ਫ਼ੀਸਦ ਗਰਮੀ ਨੂੰ ਸੋਖ ਲੈਂਦਾ ਸੀ ਜੋ ਧਰਤੀ ਦਾ ਔਸਤ ਤਾਪਮਾਨ ਕੁਝ ਹੱਦ ਤੱਕ ਘਟ ਕਰ ਦਿੰਦਾ ਸੀ। ਹੁਣ ਸਮੁੰਦਰ ਦੇ ਪਾਣੀ ਦੇ ਤਾਪਮਾਨ ਦੇ ਵਧਣ ਕਾਰਨ ਸਮੁੰਦਰ ਦੇ ਪਾਣੀ ਦੀ ਧਰਤੀ ਦੀ ਗਰਮਾਇਸ਼ ਨੂੰ ਸੋਖਣ ਦੀ ਸਮਰੱਥਾ ਵੀ ਨਹੀਂ ਰਹੀ ਹੈ।

ਇਸ ਤਰ੍ਹਾਂ ਦੇ ਵਰਤਾਰੇ ਤੋਂ ਲੱਗਦਾ ਹੈ ਕਿ ਆਉਣ ਵਾਲੇ ਸਮੇਂ ਵਿੱਚ ਧਰਤੀ ਦਾ ਔਸਤ ਤਾਪਮਾਨ ਹੋਰ ਵਧ ਸਕਦਾ ਹੈ। ਇੰਟਰਗਵਰਨਮੈਂਟਲ ਪੈਨਲ ਆਨ ਕਲਾਈਮੇਟ ਚੇਂਜ (ਆਈਪੀਸੀਸੀ) ਦੀ ਪੰਜਵੀਂ (2014) ਅਤੇ ਛੇਵੀਂ (2021-2022) ਰਿਪੋਰਟ ਰਾਹੀਂ ਵਿਗਿਆਨੀ ਚਿਤਾਵਨੀ ਦੇ ਚੁੱਕੇ ਹਨ ਕਿ ਜੇਕਰ ਦੁਨੀਆ ਦੇ ਸਾਰੇ ਮੁਲਕਾਂ ਨੇ ਧਰਤੀ ਦੇ ਔਸਤ ਤਾਪਮਾਨ ਨੂੰ ਕਾਬੂ ਵਿੱਚ ਲਿਆਉਣ ਲਈ ਗਰੀਨ ਹਾਊਸ ਗੈਸਾਂ ਦੀ ਨਿਕਾਸੀ ਤੇਜ਼ੀ ਨਾਲ ਘੱਟ ਨਹੀਂ ਕੀਤੀ ਤਾਂ ਦੁਨੀਆ ਦਾ ਕੋਈ ਵੀ ਮੁਲਕ ਤਾਪਮਾਨ ਦੇ ਵਾਧੇ ਕਾਰਨ ਆ ਰਹੀਆਂ ਮੌਸਮੀ ਤਬਦੀਲੀਆਂ ਦੇ ਪ੍ਰਭਾਵ ਤੋਂ ਬਚ ਨਹੀਂ ਸਕੇਗਾ। ਗਰੀਨ ਹਾਊਸ ਗੈਸਾਂ ਦੀ ਨਿਕਾਸੀ ਵਿੱਚ ਕਟੌਤੀ ਕਰਨ ਲਈ ਭਾਵੇਂ ਦੁਨੀਆ ਦੇ ਸਾਰੇ ਮੁਲਕ ਗੱਲਬਾਤ 1992 ਤੋਂ ਬ੍ਰਾਜ਼ੀਲ ਵਿੱਚ ਹੋਈ 'ਅਰਥ ਸਮਿਟ' ਨਾਮ ਦੀ ਕਾਨਫਰੰਸ ਤੋਂ ਸ਼ੁਰੂ ਕਰ ਚੁੱਕੇ ਹਨ ਪਰ ਹਾਲੇ ਤੱਕ ਵਿਕਸਤ ਮੁਲਕ ਜਿਨ੍ਹਾਂ ਨੇ ਆਰਥਿਕ ਵਿਕਾਸ ਦੇ ਨਾਮ ਉੱਤੇ ਇਤਿਹਾਸਕ ਪਿਛੋਕੜ ਵਿੱਚ ਅਤੇ ਆਰਥਿਕ ਵਿਕਾਸ ਦੀ ਤੇਜ਼ੀ ਨਾਲ ਪੌੜੀ ਚੜ੍ਹ ਰਹੇ ਕੁਝ ਮੁਲਕ ਵਾਤਾਵਰਨ ਵਿੱਚ ਵੱਡੀ ਮਾਤਰਾ ਵਿੱਚ ਗਰੀਨ ਹਾਊਸ ਗੈਸਾਂ ਛੱਡ ਰਹੇ ਹਨ। ਵਾਤਾਵਰਨ ਵਿੱਚ ਜ਼ਿਆਦਾ ਗਰੀਨ ਹਾਊਸ ਗੈਸਾਂ ਛੱਡਣ ਵਾਲੇ ਮੁਲਕ ਇਨ੍ਹਾਂ ਗੈਸਾਂ ਦੀ ਨਿਕਾਸੀ ਵਿੱਚ ਕਟੌਤੀ ਦੇ ਮੁੱਦੇ ਨੂੰ ਹਰ ਕਾਨਫਰੰਸ ਵਿੱਚ ਟਾਲ ਰਹੇ ਹਨ।

ਇਸ ਤਰ੍ਹਾਂ ਦੇ ਵਰਤਾਰੇ ਕਾਰਨ ਧਰਤੀ ਦਾ ਔਸਤ ਤਾਪਮਾਨ ਦਿਨੋ-ਦਿਨ ਵਧ ਰਿਹਾ ਹੈ। ਜਿਸ ਤਰ੍ਹਾਂ ਕਲਾਈਮੇਟ ਸੈਂਟਰਲ ਨੇ 'ਸਪਰਿੰਗ ਇਜ਼ ਡਿਸਅਪੀਰਿੰਗ ਇਨ ਇੰਡੀਆ' ਦੇ ਸਿਰਲੇਖ ਵਾਲਾ ਅਧਿਐਨ ਮਾਰਚ 2024 ਵਿੱਚ ਰਿਲੀਜ਼ ਕੀਤਾ ਹੈ, ਉਸ ਤਰ੍ਹਾਂ ਦਾ 'ਸਾਈਲੈਂਟ ਸਪਰਿੰਗ' ਨਾਮ ਦੇ ਸਿਰਲੇਖ ਵਾਲਾ ਅਧਿਐਨ ਰਾਚੇਲ ਕਾਰਸਨ ਨੇ 1962 ਵਿੱਚ ਪ੍ਰਕਾਸ਼ਿਤ ਕਰਵਾਇਆ ਸੀ। ਇਸ ਅਧਿਐਨ ਵਿੱਚ ਡੀਡੀਟੀ ਦੇ ਵਾਤਾਵਰਨ ਅਤੇ ਜੀਵ-ਜੰਤੂਆਂ ਉੱਤੇ ਪੈਂਦੇ ਮਾੜੇ ਪ੍ਰਭਾਵਾਂ ਦਾ ਵਿਸਥਾਰ ਪੂਰਵਕ ਵਿਸ਼ਲੇਸ਼ਣ ਕੀਤਾ ਗਿਆ ਸੀ। ਉਸ ਵੇਲੇ ਅਮਰੀਕਾ ਦੀਆਂ ਕੈਮੀਕਲ ਕੰਪਨੀਆਂ ਨੇ ਇਸ ਅਧਿਐਨ ਦਾ ਭਾਰੀ ਵਿਰੋਧ ਕੀਤਾ ਸੀ ਪਰ 10 ਸਾਲ ਬਾਅਦ 1972 ਵਿੱਚ ਅਮਰੀਕਾ ਨੇ ਡੀਡੀਟੀ ਦੇ ਮਾੜੇ ਪ੍ਰਭਾਵਾਂ ਨੂੰ ਦੇਖਦੇ ਹੋਏ ਇਸ ਦੀ ਵਰਤੋਂ ਉੱਤੇ ਪਾਬੰਦੀ ਲਗਾ ਦਿੱਤੀ ਸੀ।

ਇਸ ਲਈ ਦੁਨੀਆ ਦੇ ਸਾਰੇ ਮੁਲਕਾਂ ਨੂੰ ਹੁਣ ਸਮਝ ਲੈਣਾ ਚਾਹੀਦਾ ਹੈ ਕਿ ਹੁਣ ਸੋਚ-ਵਿਚਾਰ ਦਾ ਵਕਤ ਨਹੀਂ ਬਚਿਆ ਹੈ। ਆਏ ਦਿਨ ਦੁਨੀਆ ਦਾ ਕੋਈ ਨਾ ਕੋਈ ਮੁਲਕ ਕਿਸੇ ਨਾ ਕਿਸੇ ਕੁਦਰਤੀ ਆਫ਼ਤ ਦੀ ਮਾਰ ਦੀ ਲਪੇਟ ਵਿੱਚ ਆਇਆ ਹੁੰਦਾ ਹੈ। ਚਿੰਤਾ ਵਾਲੀ ਗੱਲ ਇਹ ਹੈ ਕਿ ਰੁੱਤਾਂ ਦੇ ਸਾਲਾਨਾ ਚੱਕਰ ਵਿੱਚ ਇਕੱਲੀ ਬਸੰਤ ਰੁੱਤ ਦਾ ਸਮਾਂ ਹੀ ਨਹੀਂ ਘਟ ਰਿਹਾ ਹੈ, ਹੋ ਸਕਦਾ ਹੈ ਕਿ ਜੇਕਰ ਧਰਤੀ ਦਾ ਔਸਤ ਤਾਪਮਾਨ ਇਸੇ ਤਰ੍ਹਾਂ ਵਧਦਾ ਰਿਹਾ ਤਾਂ ਬਸੰਤ ਰੁੱਤ, ਰੁੱਤਾਂ ਦੇ ਚੱਕਰ ਵਿੱਚੋਂ ਗਾਇਬ ਹੀ ਹੋ ਜਾਵੇ। ਬਸੰਤ ਰੁੱਤ ਦੇ ਵਜੂਦ ਦੇ ਖ਼ਤਮ ਹੋਣ ਦੇ ਨਤੀਜੇ ਵਜੋਂ ਪੱਤਝੜ ਦੀ ਰੁੱਤ ਦਾ ਤਾਂ ਖ਼ਤਮ ਹੋ ਜਾਣਾ ਸੁਭਾਵਕ ਹੈ ਅਤੇ ਬਾਕੀ ਰਹਿ ਗਈਆਂ ਸਿਰਫ਼ ਦੋ ਰੁੱਤਾਂ ਸਰਦੀਆਂ ਅਤੇ ਗਰਮੀਆਂ। ਭਾਰਤ ਵਿੱਚ ਸਰਦੀ ਇਸ ਸਾਲ ਸਿਰਫ਼ ਦੋ ਮਹੀਨੇ ਪਈ ਹੈ ਜਿਹੜੀ ਪਹਿਲਾਂ ਅਕਤੂਬਰ ਦੇ ਅੱਧ ਤੋਂ ਲੈ ਕੇ ਫਰਵਰੀ ਦੇ ਅੰਤ ਤੱਕ ਰਹਿੰਦੀ ਸੀ। ਕੋਪਰਨਿਕਸ ਕਲਾਈਮੇਟ ਚੇਂਜ ਸਰਵਿਸ ਦੇ ਅੰਕੜਿਆਂ ਅਨੁਸਾਰ ਯੂਰੋਪ ਦਾ ਔਸਤ ਤਾਪਮਾਨ ਉਦਯੋਗਿਕ ਇਨਕਲਾਬ ਦੇ ਸਮੇਂ ਤੋਂ ਪਹਿਲਾਂ ਦੇ ਔਸਤ ਤਾਪਮਾਨ ਤੋਂ 2.2 ਡਿਗਰੀ ਸੈਲਸੀਅਸ ਵਧ ਗਿਆ ਹੈ ਅਤੇ ਯੂਰੋਪ ਦੇ ਮੁਲਕ ਦੁਨੀਆ ਦੇ ਬਾਕੀ ਥਾਵਾਂ ਦੇ ਔਸਤ ਨਾਲੋਂ ਦੁੱਗਣੀ ਤੇਜ਼ੀ ਨਾਲ ਗਰਮ ਹੋ ਰਹੇ ਹਨ। ਆਰਕਟਿਕ ਅਤੇ ਅੰਟਾਰਕਟਿਕ ਧਰੁਵਾਂ ਦੇ ਖੇਤਰਾਂ ਉੱਤੇ ਵੀ ਤਾਪਮਾਨ ਤੇਜ਼ੀ ਨਾਲ ਵਧ ਰਿਹਾ ਹੈ। ਹਰ ਮੁਲਕ ਅਤੇ ਖੇਤਰ ਖ਼ਾਸ ਕਰ ਕੇ ਠੰਢੇ ਜਾਣੇ ਜਾਂਦੇ ਖੇਤਰਾਂ ਵਿੱਚ ਇਸ ਤਰ੍ਹਾਂ ਤਾਪਮਾਨ ਵਿੱਚ ਹੋ ਰਹੇ ਵਾਧੇ ਨਾਲ ਬਸੰਤ ਅਤੇ ਪੱਤਝੜ ਦੇ ਨਾਲ-ਨਾਲ ਸਰਦੀ ਦੀ ਰੁੱਤ ਵੀ ਘਟਦੀ ਘਟਦੀ ਖ਼ਤਮ ਹੋ ਸਕਦੀ ਹੈ। ਇਸ ਤਰ੍ਹਾਂ ਸਿਰਫ਼ ਅਤੇ ਸਿਰਫ਼ ਇੱਕ ਰੁੱਤ ਉਹ ਵੀ ਗਰਮੀ ਦੀ ਰੁੱਤ ਰਹਿ ਜਾਵੇਗੀ ਅਤੇ ਫਿਰ ਧਰਤੀ ਇੱਕ ਰੁੱਤਾਂ ਤੋਂ ਵਿਹੂਣੇ ਖੇਤਰ ਵਿੱਚ ਬਦਲ ਜਾਵੇਗੀ। ਗਰਮੀ ਦੇ ਵਾਧੇ ਕਾਰਨ ਬਨਸਪਤੀ ਦੇ ਨਾਲ ਨਾਲ ਮਨੁੱਖ ਅਤੇ ਜੀਵ-ਜੰਤੂਆਂ ਦੀ ਹੋਂਦ ਨੂੰ ਵੀ ਖ਼ਤਰਾ ਖੜ੍ਹਾ ਹੋ ਜਾਵੇਗਾ।

ਧਰਤੀ ਦੇ ਵਧ ਰਹੇ ਔਸਤ ਤਾਪਮਾਨ ਉੱਤੇ ਕਾਬੂ ਪਾਉਣ ਲਈ ਹੁਣ ਸਾਰੇ ਮੁਲਕਾਂ ਨੂੰ ਵਿਗਿਆਨੀਆਂ ਦੀਆਂ ਚਿਤਾਵਨੀਆਂ ਨੂੰ ਧਿਆਨ ਵਿੱਚ ਰੱਖਦੇ ਹੋਏ ਗਰੀਨ ਹਾਊਸ ਗੈਸਾਂ ਦੀ ਨਿਕਾਸੀ ਵਿੱਚ ਤੇਜ਼ੀ ਨਾਲ ਕਟੌਤੀ ਕਰਨੀ ਚਾਹੀਦੀ ਹੈ। ਹਰ ਤਰ੍ਹਾਂ ਦੇ ਜੈਵਿਕ ਬਾਲਣ (ਕੋਲਾ, ਤੇਲ, ਲੱਕੜ, ਡੀਜ਼ਲ ਆਦਿ) ਜੋ ਵਾਤਾਵਰਨ ਵਿੱਚ ਜ਼ਿਆਦਾ ਮਾਤਰਾ ਵਿੱਚ ਗਰੀਨ ਹਾਊਸ ਗੈਸਾਂ ਛੱਡਦੇ ਹਨ, ਦੀ ਵਰਤੋਂ ਪੂਰੀ ਤਰ੍ਹਾਂ ਬੰਦ ਕਰ ਕੇ ਨਵਿਆਉਣਯੋਗ ਊਰਜਾ ਦੇ ਸਰੋਤਾਂ ਤੋਂ ਊਰਜਾ ਪੈਦਾ ਕਰਨੀ ਚਾਹੀਦੀ ਹੈ। ਆਵਾਜਾਈ ਦੇ ਸਾਧਨਾਂ, ਰਹਿਣ-ਸਹਿਣ ਅਤੇ ਖਾਣ-ਪੀਣ ਦੇ ਤੌਰ-ਤਰੀਕਿਆਂ ਵਿੱਚ ਫੇਰ ਬਦਲ ਕਰ ਕੇ ਵੀ ਵਾਤਾਵਰਨ ਵਿੱਚ ਗਰੀਨ ਹਾਊਸ ਗੈਸਾਂ ਨਿਕਾਸੀ ਵਿੱਚ ਕਟੌਤੀ ਕੀਤੀ ਜਾਣੀ ਚਾਹੀਦੀ ਹੈ। ਨਿੱਜੀ ਕਾਰਾਂ ਦੀ ਥਾਂ ਉੱਤੇ ਜਨਤਕ ਆਵਾਜਾਈ ਦੇ ਸਾਧਨਾਂ ਦੀ ਵਰਤੋਂ ਨੂੰ ਤਰਜੀਹ ਦੇਣੀ ਚਾਹੀਦੀ ਹੈ ਅਤੇ ਹਰ ਮੁਲਕ ਦੀ ਸਰਕਾਰ ਨੂੰ ਚਾਹੀਦਾ ਹੈ ਕਿ ਜਨਤਕ ਆਵਾਜਾਈ ਦੇ ਸਾਧਨ ਮੁਲਕ ਦੇ ਹਰ ਇੱਕ ਹਿੱਸੇ ਵਿੱਚ ਮੁਹੱਈਆ ਕਰਵਾਉਣੇ ਯਕੀਨੀ ਬਣਾਵੇ। ਸ਼ਹਿਰਾਂ ਅਤੇ ਪਿੰਡਾਂ ਦੀ ਯੋਜਨਾਬੰਦੀ ਇਸ ਤਰ੍ਹਾਂ ਹੋਣੀ ਚਾਹੀਦੀ ਹੈ ਕਿ ਰੋਜ਼ਮੱਰਾ ਵਰਤੋਂ ਦੀਆਂ ਵਸਤੂਆਂ ਦੀਆਂ ਦੁਕਾਨਾਂ, ਬੱਚਿਆਂ ਦੇ ਸਕੂਲ, ਕੰਮ ਵਾਲੀਆਂ ਥਾਵਾਂ ਆਦਿ ਰਿਹਾਇਸ਼ੀ ਇਲਾਕਿਆਂ ਦੇ ਨੇੜੇ ਹੋਣ ਤਾਂ ਕਿ ਲੋਕ ਪੈਦਲ ਜਾਂ ਸਾਈਕਲ ਉੱਤੇ ਜਾ ਕੇ ਆਪਣੇ ਕੰਮ ਆਸਾਨੀ ਨਾਲ ਕਰ ਸਕਣ। ਜੰਗਲਾਂ ਦਾ ਰਕਬਾ ਅਤੇ ਦਰਖ਼ਤਾਂ ਦੀ ਗਿਣਤੀ ਵੀ ਹਰ ਖੇਤਰ ਦੀ ਵੱਸੋਂ ਅਤੇ ਉਸ ਖੇਤਰ ਤੋਂ ਨਿਕਾਸ ਹੋਣ ਵਾਲੀਆਂ ਗਰੀਨ ਹਾਊਸ ਗੈਸਾਂ ਦੇ ਅਨੁਪਾਤ ਵਿੱਚ ਹੀ ਵਧਾਉਣੀ ਚਾਹੀਦੀ ਹੈ ਜਿਸ ਨਾਲ ਨਿਕਾਸ ਹੋਈਆਂ ਗਰੀਨ ਹਾਊਸ ਗੈਸਾਂ ਨੂੰ ਉਸ ਖੇਤਰ ਦੀ ਬਨਸਪਤੀ ਹੀ ਆਪਣੇ ਅੰਦਰ ਜਜ਼ਬ ਕਰ ਲਵੇਗੀ। ਧਰਤੀ ਦੇ ਔਸਤ ਤਾਪਮਾਨ ਦੇ ਵਾਧੇ ਉੱਤੇ ਕਾਬੂ ਪਾਉਣ ਨਾਲ ਕੁਦਰਤੀ ਆਫ਼ਤਾਂ ਦੀ ਮਾਰ ਤੋਂ ਬਚਣ ਦੇ ਨਾਲ ਨਾਲ ਰੁੱਤਾਂ ਦਾ ਸਾਲਾਨਾ ਚੱਕਰ ਵੀ ਬਰਕਰਾਰ ਰਹਿ ਸਕਦਾ ਹੈ।

FAST COMPUTER REPAIR
New Web Designing & Hosting Services

Onsite Service Available
Computer Repair & Upgrade
Spyware & Virus Removal
Same Day Service

Your Personal Tech, A Phone Call Away...
HARMEET SINGH
www.fastcomputerrepair.ca E-mail : harmeet@fastcomputerrepair.ca
778-928-4444

ਪਰੈਸ਼ਰਵਾਸ਼ ਅਤੇ ਰੂਫ ਰਿਪੇਅਰ
ਵੱਡੇ ਪਰੈਸ਼ਰਵਾਸ਼ ਨਾਲ ਘਰ ਧਵਾਉ।
ਅਸੀਂ ਛੱਤਾਂ, ਗਟਰ ਕਲੀਨ, ਡਰਾਈਵੇਅ ਤੇ ਵਿੰਡੋਵਾਸ਼ ਕਰਦੇ ਹਾਂ।
ਪੁਰਾਣੀਆਂ ਛੱਤਾਂ ਬਦਲਕੇ ਅਤੇ ਛੱਤਾਂ ਦੀ ਮੁਰੰਮਤ ਵੀ ਕਰਦੇ ਹਾਂ।
ਹੋਰ ਜਾਣਕਾਰੀ ਲਈ ਫ਼ੂਨ ਕਰੋ:
ਦਲਜੀਤ ਸਿੰਘ ਰਾਏ
604-807-1012

ਦਲਜੀਤ ਸਿੰਘ ਰਾਏ

ਖਾਲਸਾ
ਸਾਜਨਾ ਦਿਵਸ
ਵਿਸਾਖੀ
ਦੀਆਂ ਆਪ ਸਭ ਨੂੰ
ਲੱਖ ਲੱਖ ਵਧਾਈਆਂ



TD Canada Trust

# We've got the right mortgage for you

Together we can identify the home financing solution that meets your needs



At **TD Canada Trust**, we work hard to provide you value, flexibility and convenience when choosing your mortgage. Not only will you get competetive rate and the most innovative selection of mortgage features available, you will get the TD Canada Trust difference.

**Before renewal, new mortgage or second mortgage, please feel free to contact us for expert advice. We will help save your money.**



**Neetu Bedi**
**Manager, Mobile Mortgage Specialist**
**Lower Mainland**
C : 604-379-7212 F : 1-855-267-7836
E : Neetu.bedi@td.com

TD Canada Trust

TD

**Harneet Bedi**
**Manager, Mobile Mortgage Specialist**
**Vancouver/Lower Mainland**
C: 778.862.2912 F: 1.855.267.2836
E: harneet.bedi@td.com




**Mayor George V. Harvie and Delta Council extend their warmest greetings to the Sikh community and the Indian diaspora.**

Vaisakhi holds profound significance, marking the harvest festival and commemorating the creation of the Khalsa. It is a time of reflection, gratitude, and renewed hope for the future.

In Delta, we cherish the diversity of our community and the rich tapestry of cultures that enrich our lives. Vaisakhi provides us with an opportunity to celebrate the values of unity, compassion, and service that are integral to Sikhism and resonate deeply within our community.

We also recognize that April is Sikh Heritage Month, a time to honour and learn more about Sikh arts, culture, and heritage.

As we come together to celebrate Vaisakhi, let us embrace the spirit of inclusivity, understanding, and respect for all.


Khalsa Sirjana Diwas Diyan Lakh Lakh Vadhaiyan




*(left to right):* Councillor Daniel Boisvert, Councillor Jessie Dosanjh, Councillor Dylan Kruger, Mayor George V. Harvie, Councillor Alicia Guichon, Councillor Rod Binder, Councillor Jennifer Johal

# ਬੀ. ਸੀ. ਖਾਲਸਾ ਦਰਬਾਰ ਸੁਸਾਇਟੀ

7749 Prince Edward Street ,Vancouver ,B.C.V5X 0A3 604-325-2290 ,FAX :604-325-2260




## ਖਾਲਸਾ ਸਾਜਨਾ ਦਿਵਸ ਵਿਸਾਖੀ
## ਦੀਆਂ ਸਮੂਹ ਸੰਗਤਾਂ ਨੂੰ ਲੱਖ ਲੱਖ ਵਧਾਈਆਂ

ਆਰੰਭ ਸ੍ਰੀ ਅਖੰਡ ਪਾਠ ਸਾਹਿਬ : 12 ਅਪ੍ਰੈਲ, ਦਿਨ ਸ਼ੁੱਕਰਵਾਰ ਸਵੇਰੇ 9:30 ਵਜੇ
ਭੋਗ ਸ੍ਰੀ ਅਖੰਡ ਪਾਠ ਸਾਹਿਬ : 14 ਅਪ੍ਰੈਲ, ਦਿਨ ਐਤਵਾਰ ਸਵੇਰੇ 9:00 ਵਜੇ

ਉਪਰੰਤ 12:00 ਵਜੇ ਤੱਕ ਧਾਰਮਿਕ ਦੀਵਾਨ ਸੱਜਣਗੇ ਅਤੇ ਗੁਰੂ ਕਾ ਲੰਗਰ ਅਤੁੱਟ ਵਰਤੇਗਾ।

**14 ਅਪ੍ਰੈਲ ਨੂੰ ਨਿਸ਼ਾਨ ਸਾਹਿਬ ਦੀ ਸੇਵਾ ਹੋਵੇਗੀ।**

- ਹਰ ਮੰਗਲਵਾਰ ਨੂੰ ਦੁਪਹਿਰ 12 ਵਜੇ ਤੋਂ 2 ਵਜੇ ਤੱਕ ਬੀਬੀਆਂ ਦੇ ਜਥੇ ਵਲੋਂ ਸੁਖਮਨੀ ਸਾਹਿਬ ਦੇ ਪਾਠ ਕੀਤੇ ਜਾਂਦੇ ਹਨ।
- ਗੁਰਦੁਆਰਾ ਸਾਹਿਬ ਵਿਖੇ ਪੰਜਾਬੀ ਦੀਆਂ ਕਲਾਸਾਂ ਤੇ ਕੀਰਤਨ ਸਿਖਲਾਈ ਦੀਆਂ ਕਲਾਸਾਂ ਚੱਲ ਰਹੀਆਂ ਹਨ ਜੀ।
- ਗੁਰਦੁਆਰਾ ਸਾਹਿਬ ਵਿਖੇ ਰੋਜ਼ਾਨਾ ਸਵੇਰੇ 10 ਤੋਂ 12 ਵਜੇ ਤੱਕ ਅਤੇ ਸ਼ਾਮ 5:30 ਤੋਂ 7:45 ਵਜੇ ਤੱਕ ਦੀਵਾਨ ਸੱਜਦੇ ਹਨ। ਸੰਗਤਾਂ ਨੂੰ ਬੇਨਤੀ ਹੈ ਵੱਧ ਤੋਂ ਵੱਧ ਹਾਜ਼ਰੀਆਂ ਭਰੋ ਜੀ।

**ਪ੍ਰੋਗਰਾਮ ਬੁੱਕ ਕਰਵਾਉਣ ਲਈ ਜਾਂ ਕੋਈ ਹੋਰ ਜਾਣਕਾਰੀ ਲੈਣ ਲਈ ਸੰਪਰਕ ਕਰੋ**
**ਗਿਆਨੀ ਸੁਖਵੰਤ ਸਿੰਘ : 236-688-7264, 604-325-2290**

**ਮੁੱਖ ਸੇਵਾਦਾਰ : ਸ. ਅਮਰਜੀਤ ਸਿੰਘ, 604-808-6224,**
**ਸਕੱਤਰ : ਸ: ਇੰਦਰਮੋਹਨ ਸਿੰਘ 604-725-9828**

Happy Vaisakhi & Khalsa Day

ਖਾਲਸੇ ਦੇ ਦਿਵਸ ਵਿਸਾਖੀ
ਦੀਆਂ ਸਮੂਹ ਸੰਗਤਾਂ ਨੂੰ ਲੱਖ ਲੱਖ ਵਧਾਈਆਂ





SUKH DHALIWAL MP
SURREY - NEWTON

#202 - 12992 76 Avenue
Surrey, British Columbia
V3W 2V6
Ph.: 604.598.2200
E-mail : sukh.dhaliwal@parl.gc.ca



ਆਓ ਆਪਾਂ ਸਾਰੇ ਭਾਈਚਾਰਕ ਭਾਵਨਾ ਨਾਲ ਰਲ -ਮਿਲ ਕੇ ਇਸ ਸਾਲ ਦੇ ਵਿਸਾਖੀ ਦੇ ਜਸ਼ਨ ਮਨਾਈਏ

ਆਓ ਨਵਾਂ ਸਾਲ ਮਨਾਉਣ ਦੇ ਨਾਲ – ਨਾਲ ਨਾਲ ਹੀ ਵਾਤਾਵਰਣ ਦਾ ਖ਼ਿਆਲ ਰੱਖਣ ਲਈ – ਆਪਣੇ ਪੁਰਾਣੇ ਇਲੈਕਟ੍ਰੋਨਿਕ ਯੰਤਰਾਂ ਨੂੰ ਰੀਸਾਇਕਲ ਕਰੋ ਤਾਂ ਕਿ ਧਾਤ, ਪਲਾਸਿਟਕ ਅਤੇ ਹੋਰ ਕੀਮਤੀ ਤੱਤ ਲੈਂਡਫਿਲ ਵਿੱਚ ਨਾ ਸੁੱਟੇ ਜਾਣ ਅਤੇ ਪੁਰਾਣੇ ਵਰਤੇ ਹੋਏ ਇਲੈਕਟ੍ਰੋਨਿਕ ਯੰਤਰਾਂ ਅਤੇ ਵਰਤੀਆਂ ਹੋਈਆਂ ਵਸਤੂਆਂ ਤੋਂ ਨਵੀਆਂ ਚੀਜ਼ਾਂ (ਉਤਪਾਦ) ਬਣਾਈਆਂ ਜਾ ਸਕਣ ਤੇ ਅਸੀਂ ਸਾਫ ਸੁਥਰੇ ਵਤਾਵਰਣ ਦਾ ਵੀ ਜਸ਼ਨ ਮਨਾਈਏ

ਕਿਹੜੇ ਇਲੈਕਟ੍ਰੋਨਿਕਸ ਦੇ ਸਮਾਨ ਨੂੰ ਰੀਸਾਈਕਲ ਕੀਤਾ ਜਾ ਸਕਦਾ ਹੈ?

- ਡੈਸਕਟਾਪ / ਪੋਰਟੇਬਲ ਕੰਪਿਊਟਰ (Computer)
- ਡਿਸਪਲੇ ਡਿਵਾਈਸ (Device)
- ਪ੍ਰਿੰਟਿੰਗ, ਸਕੈਨਿੰਗ ਮਸ਼ੀਨਾਂ ਅਤੇ ਮਲਟੀ-ਫੰਕਸ਼ਨ ਡਿਵਾਈਸ (Multi-Function Devices)
- ਡੈਸਕਟਾਪ, ਪ੍ਰਿੰਟਰ (Printer)
- ਹੋਮ ਆਡੀਓ/ ਵੀਡੀਓ ਸਿਸਟਮ (Audio/Video)
- ਆਡੀਓ / ਵੀਡੀਓ ਸਿਸਟਮ
- ਨਿੱਜੀ ਆਡੀਓ/ ਵੀਡੀਓ ਸਿਸਟਮ
- ਵੀਡੀਓ ਗੇਮਿੰਗ ਸਿਸਟਮ / ਬੈਟਰੀ ਨਾਲ ਚੱਲਣ ਵਾਲੇ ਖਿਡੌਣੇ
- ਮੋਬਾਇਲ ਫੋਨ ਅਤੇ ਗੈਰ-ਸੈਲੂਲਰ ਫੋਨ
- ਟੈਲੀਕਾਮ (Telecom) ਦਾ ਸਮਾਨਇਲੈਕਟ੍ਰਿਕ ਸਾਈਕਲ
- ਮੈਡੀਕਲ ਉਪਕਰਨ
- ਸੰਗੀਤ ਯੰਤਰ
- ਇਲੈਕਟ੍ਰਿਕ ਸਾਈਕਲ
- ਇਲੈਕਟ੍ਰਿਕ ਸਕੂਟਰ

ਆਪਣੇ ਘਰ ਦੇ ਨੇੜੇ ਦੀ ਲ਼ੋਕੇਸ਼ਨ ਤੇ ਜਾਵੋ ਜਾਂ ਵੈਬ ਸਾਇਟ ਤੇ Return-It.ca/Electronics






Return-It Electronics

ਰਿਟਰਨ-ਇਟ (Return It) ਇਲੈਕਟ੍ਰਾਨਿਕ ਪ੍ਰੋਡਕਟਸ ਰੀਸਾਈਕਲਿੰਗ ਐਸੋਸੀਏਸ਼ਨ (ਬ੍ਰਿਟਿਸ਼ ਕੋਲੰਬੀਆ) ਦਾ ਹਿੱਸਾ ਹੈ।

RECYCLE MY ELECTRONICS

# HAPPY VAISAKHI

# ਖਾਲਸਾ ਸਾਜਨਾ ਦਿਵਸ ਅਤੇ ਵਿਸਾਖੀ ਦੀਆਂ ਲੱਖ ਲੱਖ ਵਧਾਈਆਂ



**FIX'N GO** auto service

Specialized European Cars

- » Maintenance
- » Oil Change
- » Tire Service
- » AC/Heating
- » Service & Repair
- » Transmission Repair

ਸਾਡੇ ਪਾਸ ਤਜ਼ਰਬੇਕਾਰ ਮਕੈਨਿਕ ਹਨ, ਗੱਡੀਆਂ ਦੀ ਤਸੱਲੀਬਖਸ਼ ਰਿਪੇਅਰ ਕਰਵਾਉਣ ਲਈ ਸੰਪਰਕ ਕਰੋ



604-825-4545
604-598-9111

**JAS SANDHU**

**107-13302 76 AVE, SURREY**

ਸਾਡੀ ਦੂਜੀ ਲੋਕੇਸ਼ਨ **205-13395-76 Ave** 'ਤੇ ਖੁੱਲ੍ਹ ਚੁੱਕੀ ਹੈ।



Happy Vaisakhi
SABZI MANDI SUPERMARKET
Serving our Community since 2003
Happy Navratri
HOT PRICE HONEYCRISP APPLES ਹਨੀਕਰਿਸਪ ਸੇਬ 88¢ /lb
HOT PRICE INDIAN EGGPLANT ਦੇਸੀ ਵਤਾਊਂ 1.29 /lb
HOT PRICE JUMBO CAULIFLOWER ਗੋਭੀ 2.88 ea
HOT PRICE FRESH CILANTRO ਧਨੀਆਂ Bunch 2 for 1.29
CROWN SUNFLOWER OIL ਕਰਾਊਨ ਸੂਰਜਮੁਖੀਆ ਤੇਲ 1L 3.99 ea
UNBEATABLE DEAL
ROYAL 6-COMPARTMENT PARTY PLATES
ਰੋਯਲ ਪਾਰਟੀ ਪਲੇਟ
40 pack
5.99 ea
ROMA TOMATOES ਰੋਮਾ ਟਮਾਟਰ 1.69 /lb
MERI CHAI TEA ਮੇਰੀ ਚਾਹ 216's 5.99 ea
FRESH GINGER ਅੰਦਰਕ 1.49 /lb
SWARNA ATTA ਸਵਰਨਾ ਆਟਾ 20lb 13.99 ea
NANAK RASMALAI ਨਾਨਕ ਰਸਮਲਾਈ 3 flavours 9.99 ea
US #1 ALMONDS ਬਦਾਮ 3.99 /lb
HAPPY DAIRY PANEER ਹੈਪੀ ਡੇਰੀ ਪਨੀਰ 300g 3.99 ea
FRESH OPO ਲੌਕੀ 99¢ /lb
NANAK ALOO TIKKI ਨਾਨਕ ਆਲੂ ਟਿਕੀਆਂ 720g 7.99 ea
CANOLA OIL ਸਰੋਂ ਦਾ ਤੇਲ 16L 42.99 ea
SHER BESAN ਸ਼ੇਰ ਬੇਸਣ 4lb 3.99 ea
NANAK DAHI ਨਾਨਕ ਦਹੀਂ 750g 3.79 ea
LARGE SEEDLESS ORANGES ਵੱਡੇ ਸੰਗਤਰੇ 88¢ /lb
AMBAY CORN FLOUR ਅੰਬੇ ਮੱਕੀ ਦਾ ਆਟਾ 4lb 3.99 ea
PUNJABI MOTI SUGAR ਪੰਜਾਬੀ ਖੰਡ 8lb 7.99 ea
GREEN PEPPERS ਹਰੀਆਂ ਸ਼ਿਮਲਾ ਮਿਰਚਾਂ 1.29 /lb
FRESH TANGERINES ਟੈਂਜਰੀਨ 1.89 /lb
US #1 POTATOES ਆਲੂ 10lb 3.99 ea
PROUDLY CANADIAN • PROUDLY PUNJABI!
Western Union
Western Union Money Transfers and Calling Cards available at all locations. 24 hour rate info line: 604-634-2400
ਤਾਜ਼ੇ ਫਲ ਫਰੂਟ, ਤਾਜ਼ੀਆਂ ਸਬਜ਼ੀਆਂ ਅਤੇ ਸਾਫ ਸੁਥਰੀ
ਭਾਰਤੀ ਗਰੌਸਰੀ ਲਈ ਹਮੇਸ਼ਾਂ ਸਬਜ਼ੀ ਮੰਡੀ ਨੂੰ ਯਾਦ ਰੱਖੋ
SALES DATES: Fri. April 12, 2024 - Wed. April 17, 2024
MasterCard VISA AMERICAN EXPRESS Interac
American Express accepted at three locations.
STORES OPEN 7 DAYS A WEEK
Visit one of our great locations so we can serve you today!
NEWTON STORE: #106 - 12568 72nd Ave., Surrey 604-590-2400
NEWTON 80th AVENUE: 13208 80th Ave., Surrey 778-565-7880
NEWTON EXCHANGE: 101-13753 72 Ave., Surrey 604-581-2400
NEWTON EAST: 15299 68th Ave., Surrey 604-598-8006
ABBOTSFORD STORE: 31831 S. Fraser Way, Abbotsford 604-864-9193
ABBOTSFORD STORE: 2777 Gladwin Road, Abbotsford 604-744-2077
BURNABY: 7565 6th Street, Burnaby 604-553-6603
PITT MEADOWS: 12169 Harris Rd, Pitt Meadows 604-459-8410
RICHMOND- 9371 NO 5 RD, RICHMOND 604-285-2400
NEWTON 64 AVE- 140- 6350 120 ST, SURREY 778-565-1266
You can also visit us online at www.sabzimandicanada.com